
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 6 ISSUE - 46
February 21, 2018

Postal Address
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕੀਤੇ ਦਰਬਾਰ ਸਾਹਿਬ ਦੇ ਦਰਸ਼ਨ

**ਅੰਮ੍ਰਿਤਸਰ (ਬਿਊਰੋ)-** ਆਪਣੇ ਕਈ ਦਿਨਾਂ ਦੇ ਭਾਰਤ ਦੌਰੇ ਦਰਮਿਆਨ 21 ਫਰਵਰੀ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਸ੍ਰੀ ਜਸਟਿਨ ਟਰੂਡੋ ਦਰਬਾਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਪਹੁੰਚੇ। ਉਹਨਾਂ ਦਾ ਇੱਥੇ ਜ਼ੋਰਦਾਰ ਸਵਾਗਤ ਕੀਤਾ ਗਿਆ। ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ, ਹਰਦੀਪ ਸਿੰਘ ਪੂਰੀ, ਨਵਦੀਪ ਸਿੰਘ ਬੈਂਸ ਨੇ ਉਹਨਾਂ ਦਾ ਸਵਾਗਤ ਕੀਤਾ। ਉਹਨਾਂ ਦੇ ਨਾਲ ਕੈਨੇਡਾ ਦੇ ਕੈਬਨਿਟ ਮੰਤਰੀ ਹਰਜੀਤ ਸਿੰਘ ਸੱਜਣ ਵੀ ਮੌਜੂਦ ਸਨ। ਸ੍ਰੀ ਟਰੂਡੋ ਨੇ ਦਰਬਾਰ ਸਾਹਿਬ ਮੱਥਾ ਟੇਕਣ ਤੋਂ ਬਾਅਦ 10 ਮਿੰਟ ਲੰਗਰ ਦੀ ਸੇਵਾ ਕੀਤੀ। ਉਹਨਾਂ ਨੇ ਆਪਣੇ ਪਰਿਵਾਰ ਸਮੇਤ ਦਰਬਾਰ ਸਾਹਿਬ ਦੀ ਪਰਿਕਰਮਾ ਕੀਤੀ। ਇਸ ਦਰਮਿਆਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਅਕਾਲੀ ਦਲ ਦੇ ਪ੍ਰਧਾਨ ਸ੍ਰੀ ਸੁਖਬੀਰ ਸਿਘ ਬਾਦਲ ਨੇ ਵੀ ਉਹਨਾਂ ਨੂੰ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ। ਸ੍ਰੀ ਟਰੂਡੋ ਨੇ ਦਰਬਾਰ ਸਾਹਿਬ ਵਿਖੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ ਅਤੇ ਦਰਸ਼ਨ ਡਿਉੜੀ ਰਾਹੀਂ ਮੱਥਾ ਟੇਕਣ ਲਈ ਪਰਿਵਾਰ ਸਮੇਤ ਪਹੁੰਚੇ। ਉਹਨਾਂ ਸ੍ਰੀ



ਅਕਾਲ ਤਖਤ ਸਾਹਿਬ ਦੇ ਵੀ ਦਰਸ਼ਨ ਕੀਤੇ ਅਤੇ ਟਰੂਡੋ ਪਰਿਵਾਰ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਸ਼੍ਰੋਮਣੀ ਕਮੇਟੀ ਨੇ ਉਹਨਾਂ ਦਾ ਭਰਪੂਰ ਸਨਮਾਨ ਕੀਤਾ। ਉਨ੍ਹਾਂ ਨੇ ਵਿਜ਼ੀਟਰ ਬੁੱਕ 'ਤੇ ਆਪਣਾ ਤਜ਼ਰਬਾ ਸਾਂਝਾ ਕਰਦੇ ਹੋਏ ਲਿਖਿਆ ਕਿ ਉਨ੍ਹਾਂ ਦਾ ਇਸ ਪਾਵਨ ਸਥਾਨ 'ਤੇ ਭਰਵਾਂ ਸਵਾਗਤ ਕੀਤਾ ਗਿਆ ਤੇ ਉਹ ਕਿਰਪਾ ਤੇ ਨਿਮਰਤਾ ਨਾਲ ਭਰ ਗਏ। ਆਪਣੇ ਨਿਰਧਾਰਿਤ ਸਮੇਂ ਤੋਂ ਪੂਰੇ 42 ਮਿੰਟ ਦੀ ਦੇਰੀ ਨਾਲ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਾਫ਼ਲਾ ਦੁਪਹਿਰ ਇਕ ਵੱਜ ਕੇ 12 ਮਿੰਟ 'ਤੇ ਪਾਰਟੀਸ਼ਨ ਮਿਊਜ਼ੀਅਮ ਪਹੁੰਚਿਆਂ। ਉਨ੍ਹਾਂ ਨੇ ਤੇ ਉਨ੍ਹਾਂ ਨਾਲ ਆਏ ਕੈਨੇਡੀਅਨ ਮੰਤਰੀਆਂ ਨੇ ਮਿਊਜ਼ੀਅਮ ਦੀਆਂ ਹੇਠਲੀਆਂ ਗੈਲਰੀਆਂ ਦਾ ਦੌਰਾ ਕੀਤਾ ਤੇ ਸਰਕਾਰ ਦੇ ਉੱਦਮਾਂ ਦੀ ਖੁਲ ਕੇ ਪ੍ਰਸੰਸਾ ਕੀਤਾ। ਇਸ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਉਹਨਾਂ ਦੀ ਮੁਲਾਕਾਤ ਹੋਈ। ਇਸ ਮੌਕੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਵੀ ਮੌਜੂਦ ਸਨ। ਇਹ ਮੀਟਿੰਗ ਕਰੀਬ 20 ਮਿੰਟ ਚੱਲੀ, ਜਿਸ ਵਿਚ ਕਈ ਅਹਿਮ ਵਿਚਾਰਾਂ ਹੋਈਆਂ।

(ਬਾਕੀ ਸਫਾ 19 'ਤੇ)

## ਗਲਤ ਅਪਰੇਸ਼ਨ ਨਾਲ ਮਰੀ ਭਾਰਤੀ ਬਜ਼ੁਰਗ ਔਰਤ ਲਈ ਸੁਪਰੀਮ ਕੋਰਟ ਨੇ ਮੁਆਵਜਾ ਦੇਣ ਤੋਂ ਕੀਤੀ ਨਾਂਹ



**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ-** ਇਕ ਭਾਰਤੀ ਅਮਰੀਕੀ ਔਰਤ ਬਿਮਲਾ ਨਾਇਰ ਦੀ ਗਲਤ ਅਪ੍ਰੇਸ਼ਨ ਕਾਰਨ ਹੋਈ ਮੌਤ ਲਈ ਸੁਪਰੀਮ ਕੋਰਟ ਨੇ ਉਸ ਨੂੰ ਮੁਆਵਜਾ ਦੇਣ ਤੋਂ

(ਬਾਕੀ ਸਫਾ 18 'ਤੇ)

## ਹੋਬੋਕਨ ਸਿਟੀ ਦੇ ਪਹਿਲੇ ਸਿੱਖ ਮੇਅਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ

**ਹਿਊਸਟਨ (ਬਿਊਰੋ)-** ਨਿਊ ਜਰਸੀ ਦੀ ਹੋਬੋਕਨ ਸਿਟੀ ਦੇ ਪਹਿਲੇ ਸਿੱਖ ਮੇਅਰ ਰਵਿੰਦਰ ਭੱਲਾ ਨੇ ਆਖਿਆ ਕਿ ਹਾਲ ਹੀ ਵਿੱਚ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ। ਸਿਟੀ ਹਾਲ ਦੀ ਸੁਰੱਖਿਆ ਖ਼ਤਰੇ ਵਿੱਚ ਪੈਣ ਦੀ ਘਟਨਾ ਵਾਪਰਨ ਤੋਂ ਬਾਅਦ ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਇਕ ਬਿਆਨ ਵਿੱਚ ਸ਼੍ਰੀ ਭੱਲਾ ਨੇ ਕਿਹਾ ਕਿ ਸ਼ਹਿਰ ਦਾ ਪ੍ਰਸ਼ਾਸਨ ਸਿਟੀ ਹਾਲ ਦੀ ਸੁਰੱਖਿਆ ਵਿੱਚ ਸੁਧਾਰ ਲਿਆਉਣ ਲਈ ਐਫਬੀਆਈ ਦੀ ਜੁਆਇੰਟ ਟੈਰਰਿਜ਼ਮ ਟਾਸਕ ਫੋਰਸ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਸ੍ਰੀ ਭੱਲਾ ਨੇ ਧਮਕੀਆਂ ਦੇ ਵੇਰਵੇ ਤਾਂ ਨਾ ਦਿੱਤੇ ਪਰ ਇੰਨਾ ਕਿਹਾ "ਇਹ ਘਟਨਾ ਤੇ ਇਸ ਦੇ ਨਾਲ ਹੀ ਮੈਨੂੰ ਤੇ ਮੇਰੇ ਪਰਿਵਾਰ ਨੂੰ ਮਾਰਨ ਦੀਆਂ ਧਮਕੀਆਂ ਮੰਦੇ ਭਾਗੀਂ ਇਹ ਚੇਤਾ ਕਰਾਉਂਦੀਆਂ ਹਨ ਕਿ ਸਾਨੂੰ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਣਾ ਪਵੇਗਾ। ਜੁਆਇੰਟ ਟੈਰਰਿਜ਼ਮ ਟਾਸਕ



ਫੋਰਸ ਨੇ ਸਿਟੀ ਹਾਲ ਦੀ ਸੁਰੱਖਿਆ ਦਾ ਜਾਇਜ਼ਾ ਲਿਆ ਅਤੇ ਅਸੀਂ ਭਵਨ ਵਿਚਲੇ ਸਾਰੇ ਮੁਲਾਜ਼ਮਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਰੇ ਭੌਤਿਕ ਤੇ ਹੋਰਨਾਂ ਤਬਦੀਲੀਆਂ ਦੀਆਂ ਸਿਫਾਰਸ਼ਾਂ 'ਤੇ ਕੰਮ ਕਰ ਰਹੇ ਹਾਂ।'' ਘਟਨਾ ਸਮੇਂ ਸ੍ਰੀ ਭੱਲਾ ਦਫ਼ਤਰ ਵਿੱਚ ਮੌਜੂਦ ਨਹੀਂ ਸਨ। ਉਨ੍ਹਾਂ ਦੇ ਡਿਪਟੀ ਚੀਫ਼ ਆਫ ਸਟਾਫ ਜੇਸਨ ਫ੍ਰੀਮੈਨ ਦਾ ਖਿਆਲ ਹੈ ਕਿ ਇਕ ਆਦਮੀ ਨੇ ਕੋਈ ਸ਼ੈਅ ਵਾਲਾ ਲਿਫ਼ਾਫਾ ਪ੍ਰਸ਼ਾਸਕੀ ਸਹਾਇਕ ਵੱਲ ਸੁੱਟ ਦਿੱਤਾ ਸੀ।


SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

FARMERS INSURANCE
Auto, Home, Business, Commercial, Rental, Workecomp, Life, Health etc.
ਮਨਜੀਤ ਕੌਰ
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
DALVIR 'DIL' NIJJAR
Realtor,
Lic # 01418648
2081 Arena Blvd. @ 100
Sacramento CA 95835
916-628-2210
Dil.realtor@gmail.com

# ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ (ਕੈਲੇਫੋਰਨੀਆ)



ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ **641ਵਾਂ ਗੁਰਪੁਰਬ ਦਿਹਾੜਾ 25 ਫਰਵਰੀ ਦਿਨ ਐਤਵਾਰ** ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

**ਗੁਰਪੁਰਬ ਨੂੰ ਸਮਰਪਿਤ 23 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ** ਕਰਵਾਏ ਜਾਣਗੇ। **24 ਫਰਵਰੀ** ਨੂੰ ਬਾਅਦ ਦੁਪਹਿਰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ ਅਤੇ **25 ਫਰਵਰੀ ਨੂੰ ਭੋਗ ਪਾਏ ਜਾਣਗੇ।**

ਉਪਰੰਤ ਗੁਰੂ ਜੀ ਦੇ ਜੀਵਨ ਅਤੇ ਉਪਦੇਸ਼ ਸਬੰਧੀ ਵੱਖ-ਵੱਖ ਬੁਲਾਰੇ ਸੰਗਤਾਂ ਅੱਗੇ ਆਪਣੇ ਵਿਚਾਰ ਰੱਖਣਗੇ ਅਤੇ ਗੁਰੂ ਘਰ ਦਾ ਜਥਾ ਗੁਰਬਾਣੀ ਕੀਰਤਨ ਨਾਲ ਸੰਗਤਾਂ ਨਿਹਾਲ ਕਰੇਗਾ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਸਮੂਹ ਪ੍ਰਬੰਧਕਾਂ ਵਲੋਂ ਸੰਗਤਾਂ ਨੂੰ ਤਿੰਨੇ ਦਿਨ ਗੁਰੂ ਘਰ ਹੁੰਮ ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।

ਬੇਨਤੀ ਕਰਤਾ: ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ

## ਸ੍ਰੀ ਗੁਰੂ ਰਵਿਦਾਸ ਟੈਂਪਲ ਫੋਨ: 559-891-8286

## 2650 Blaine Avenue Selma (CA) 93662



## ਸ੍ਰੀ ਗੁਰੂ ਰਵਿਦਾਸ ਸਭਾ ਸੈਲਮਾ (ਕੈਲੇਫੋਰਨੀਆ) ਅਤੇ ਸਮੂਹ ਸੰਗਤ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 641ਵੇਂ ਗੁਰਪੁਰਬ ਦਿਹਾੜੇ ਦੀਆਂ ਸਮੂਹ ਨਰੂ ਪਰਿਵਾਰ ਵੱਲੋਂ ਲੱਖ-ਲੱਖ ਵਧਾਈਆਂ

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ ਤਿੰਨੇ ਦਿਨ ਸ੍ਰੀ ਗੁਰੂ ਰਵਿਦਾਸ ਟੈਂਪਲ, 2650 Blaine Avenue Selma (CA) 93662 ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਰਵਿਦਾਸ ਜੀ ਦੇ ਉਪਦੇਸ਼/ਸੰਦੇਸ਼ ਦਾ ਲਾਭ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

ਬੇਨਤੀ ਕਰਤਾ



# ਸੁਲਿੰਦਰ ਨਰੂ

## ਅਤੇ ਸਮੂਹ ਨਰੂ ਪਰਿਵਾਰ

# ਭਾਰਤ ਨਾਲ ਹਵਾਲਗੀ ਸੰਧੀ ਤੋਂ ਪਿਛੇ ਹਟੇ ਕੈਨੇਡਾ-ਸਿੱਖ ਅਧਿਕਾਰ ਸੰਸਥਾ ਵਲੋਂ ਪ੍ਰਧਾਨ ਮੰਤਰੀ ਟਰੂਡੋ ਨੂੰ ਅਪੀਲ

**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)** ਭਾਰਤ ਵਲੋਂ ਸਿੱਖ ਵੱਖਵਾਦੀਆਂ ’ਤੇ ਕੀਤੇ ਜਾਂਦੇ ਤਸ਼ਦਦ ਦਾ ਜ਼ਿਕਰ ਕਰਦਿਆਂ ਅਤੇ ਭਾਰਤੀ ਪੁਲਿਸ ਅਧਿਕਾਰੀਆਂ ਵਲੋਂ ਕੈਨੇਡੀਅਨ ਮੰਤਰੀ ਅਮਰਜੀਤ ਸੋਹੀ ’ਤੇ ਕੀਤੇ ਤਸ਼ਦਦ ਦਾ ਹਵਾਲਾ ਦਿੰਦਿਆਂ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਪੀਲ ਕੀਤੀ ਹੈ ਕਿ ਭਾਰਤ ਨਾਲ ਹਵਾਲਗੀ ਸੰਧੀ ਤੋਂ ਕੈਨੇਡਾ ਨੂੰ ਤੁਰੰਤ ਪਿਛੇ ਹਟਾ ਲਵੇ ਜਦੋਂ ਤੱਕ ਮੋਦੀ ਸਰਕਾਰ ਤਸ਼ਦਦ ਖਿਲਾਫ ਯੂ ਐਨ ਕਨਵੈਨਸ਼ਨ ਦੀ ਪੁਸ਼ਟੀ ਨਹੀਂ ਕਰਦੀ।

ਦਸਣਯੋਗ ਹੈ ਕਿ ਟਰੂਡੋ 17 ਤੋਂ 23 ਫਰਵਰੀ ਦਰਮਿਆਨ ਭਾਰਤ ਦੌਰੇ ’ਤੇ ਜਾ ਰਹੇ ਹਨ ਜਿਸ ਦੌਰਾਨ ਕਈ ਆਪਸੀ ਸਮਝੌਤੇ ਕੀਤੇ ਜਾਣ ਦੀ ਸੰਭਾਵਨਾ ਹੈ। ਬੀਤੀ 13 ਫਰਵਰੀ ਨੂੰ ਲਿਖੇ ਪੱਤਰ ਵਿਚ ਸਿਖ ਅਧਿਕਾਰ ਸੰਸਥਾ ਨੇ ਮੰਗ ਕੀਤੀ ਹੈ ਕਿ ਪ੍ਰਧਾਨ ਮੰਤਰੀ ਟਰੂਡੋ ਭਾਰਤ ਕੋਲ ਇਹ ਮੁੱਦਾ ਉਠਾਏ ਕਿ ਉਹ ਤਸ਼ਦਦ ਅਤੇ ਹੋਰ ਜਾਲਮਾਨਾ, ਗੈਰ ਮਨੁੱਖੀ ਜਾਂ ਘਟੀਆ ਵਤੀਰੇ ਜਾਂ ਸਜ਼ਾ (ਸੀ ਏ ਟੀ) ਖਿਲਾਫ ਕਨਵੈਨਸ਼ਨ ’ਤੇ ਦਸਤਖਤ ਕਰਨ ਵਿਚ ਨਾਕਾਮ ਰਿਹਾ ਹੈ ਅਤੇ ਉਸ ਨੂੰ ਦਸਿਆ ਜਾਵੇ ਕਿ ਭਾਰਤ ਨਾਲ ਕੈਨੇਡਾ ਦੇ ਹਵਾਲਗੀ ਸਬੰਧਾਂ ਨੂੰ ਜਾਰੀ ਰੱਖਣ ਲਈ ਇਕੋ ਇਕ ਸ਼ਰਤ ਹੈ ਸੀ ਏ ਟੀ ’ਤੇ ਪੁਸ਼ਟੀ ਕਰਨੀ।

ਪ੍ਰਧਾਨ ਮੰਤਰੀ ਨਾਲ ਭਾਰਤ ਦੌਰੇ ’ਤੇ ਜਾ ਰਹੇ ਬੁਨਿਆਦੀ ਢਾਂਚਾ ਅਤੇ ਭਾਈਚਾਰਿਆਂ ਬਾਰੇ ਮੰਤਰੀ ਅਮਰਜੀਤ ਸੋਹੀ ਨੂੰ 1988 ਵਿਚ ਭਾਰਤੀ ਪੁਲਿਸ ਅਧਿਕਾਰੀਆਂ ਹੱਥੋਂ ਤਸ਼ਦਦ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਉਨਾਂ ਨੇ ਜ਼ਮੀਨ ਸੁਧਾਰ ਪ੍ਰਦਰਸ਼ਨ ਵਿਚ ਸ਼ਮੂਲੀਅਤ ਕੀਤੀ ਸੀ। ਮੰਤਰੀ ਦੇ ਆਪਣੇ ਸ਼ਬਦਾਂ ਵਿਚ ਕਿ ਜਦੋਂ ਉਨਾਂ ਨੇ ਮੈਨੂੰ ਵੇਖਿਆ ਇਕ ਸਿਖ ਹੈ ਜੋ ਕਿ ਪੰਜਾਬ ਅਤੇ ਕੈਨੇਡਾ ਤੋਂ ਹੈ ਤਾਂ ਉਨਾਂ ਨੇ ਕਿਹਾ ਇਹ ਅੱਤਵਾਦੀ ਇਥੇ ਕਿਵੇ ਹੈ।

ਫਰਵਰੀ 1987 ਵਿਚ ਸੀ ਏ ਟੀ ਦੇ ਅਮਲ ਵਿਚ ਆਉਣ ਤੋਂ ਪਹਿਲਾਂ ਕੈਨੇਡਾ ਅਤੇ ਭਾਰਤ ਨੇ ਆਪਸੀ ਹਵਾਲਗੀ ਸੰਧੀ ’ਤੇ ਦਸਤਖਤ ਕੀਤੇ ਸਨ।

ਇਸ ਸੰਧੀ ਤਹਿਤ ਦੋਵੇਂ ਦੇਸ਼ ਇਕ ਦੂਜੇ ਦੀ ਬੇਨਤੀ ’ਤੇ ਦੋਸ਼ੀ ਵਿਅਕਤੀ ਨੂੰ ਇਕ ਦੂਜੇ ਦੇ ਹਵਾਲੇ ਕਰਨ ਲਈ ਪਾਬੰਦ ਹਨ। ਕੈਨੇਡਾ ਨੇ 51 ਦੇਸ਼ਾਂ ਨਾਲ ਆਪਸੀ ਹਵਾਲਗੀ ਸੰਧੀਆਂ ਕੀਤੀਆਂ ਹੋਈਆਂ ਹਨ। ਭਾਰਤ ਅਤੇ ਹੈਤੀ ਦੋ ਅਜਿਹੇ ਦੇਸ਼ ਹਨ ਜੋ ਕਿ ਸੀ ਏ ਟੀ ਦਾ ਹਿੱਸਾ ਨਹੀਂ ਹਨ। ਕੈਨੇਡੀਅਨ ਅਦਾਲਤਾਂ ਵਿਚ ਚਲਦੇ ਕੇਸਾਂ ਦਾ ਹਵਾਲਾ ਦਿੰਦਿਆਂ ਸਿਖਸ ਫਾਰ ਜਸਟਿਸ ਵਲੋਂ ਪ੍ਰਧਾਨ ਮੰਤਰੀ, ਨਿਆਂ ਮੰਤਰੀ ਅਤੇ ਕੈਨੇਡਾ ਦੇ ਅਟਾਰਨੀ ਜਨਰਲ ਨੂੰ ਲਿੱਖ ਪੱਤਰ ਵਿਚ ਭਾਰਤ ਨਾਲ ਹਵਾਲਗੀ ਸੰਧੀ ਵਾਪਸ ਲੈਣ ਦੀ ਮੰਗ ਨੂੰ ਉਚਿਤ ਕਰਾਰਿਆ ਗਿਆ ਹੈ।

ਮਨੁੱਖੀ ਅਧਿਕਾਰਾਂ ਬਾਰੇ ਵਕੀਲ ਅਤੇ ਸਿਖਸ ਫਾਰ ਜਸਟਿਸ ਦੀ ਤਰਫੋਂ ਕੰਮ ਕਰਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਪਿਛਲੇ 3 ਦਹਾਕਿਆਂ ਤੋਂ ਭਾਰਤ ਦੀਆਂ ਸਮੇਂ ਸਮੇਂ ਦੀਆਂ ਸਰਕਾਰਾਂ ਵਲੋਂ ਸਿਖ ਰਾਸ਼ਟਰਵਾਦੀਆਂ ਨੂੰ ਗੈਰ ਕਾਨੂੰਨੀ ਹਿਰਾਸਤ ਵਿਚ ਰਖਿਆ ਅਤੇ ਤਸ਼ਦਦ ਕੀਤਾ ਜਾਂਦਾ ਰਿਹਾ ਹੈ।

ਉਨਾਂ ਨੇ ਕਿਹਾ ਕਿ ਹੁਣ ਸਮਾਂ ਹੈ ਕਿ ਪ੍ਰਧਾਨ ਮੰਤਰੀ ਟਰੂਡੋ ਯੂ ਐਨ ਕਨਵੈਨਸ਼ਨ ਦੀ ਪਾਲਣਾ ਕਰਨ ਵਿਚ ਨਾਕਾਮ ਰਹਿਣ ਲਈ ਭਾਰਤ ਨੂੰ ਜਵਾਬਦੇਹ ਠਹਿਰਾਉਣਾ ਚਾਹੀਦਾ ਹੈ ਅਤੇ ਕੈਨੇਡੀਅਨ ਕਦਰਾਂ ਕੀਮਤਾਂ ਨੂੰ ਬਰਕਰਾਰ ਰਖਣਾ ਚਾਹੀਦਾ ਹੈ। ਪੰਨੂ ਨੇ ਅੱਗੇ ਕਿਹਾ ਕਿ ਅਜਿਹੀ ਕੋਈ ਕਾਨੂੰਨੀ ਮਦ ਨਹੀਂ ਹੈ ਕਿ ਕੈਨੇਡਾ ਕੈਨੇਡੀਅਨ ਨਾਗਰਿਕਾਂ ਸਮੇਤ ਹੋਰ ਵਿਅਕਤੀਆਂ ਨੂੰ ਭਾਰਤ ਵਰਗੇ ਦੇਸ਼ ਦੇ ਹਵਾਲੇ ਕਰਨ ਲਈ ਪਾਬੰਦ ਹੈ ਜੋ ਕਿ ਤਸ਼ਦਦ ਅਤੇ ਗੈਰ ਮਨੁੱਖੀ ਵਤੀਰੇ ਸਬੰਧੀ ਕੌਮਾਂਤਰੀ ਭਾਈਚਾਰੇ ਦੇ ਮੁਢਲੇ ਨਿਯਮਾਂ ਨੂੰ ਮੰਨਣ ਤੋਂ ਇਨਕਾਰੀ ਹੈ।

# ਦੋ ਤਿੰਨ ਦਿਨਾਂ ਵਿਚ ਤਿਆਰ ਆਰਐਸਐਸ ਫ਼ੌਜ ਨੂੰ ਭਾਗਵਤ ਚੀਨ ਬਾਰਡਰ ਤੇ ਲਗਾਵੇ : ਹਿੰਮਤ ਸਿੰਘ

**ਵਾਸ਼ਿੰਗਟਨ ( ਹੁਸਨ ਲੜੋਆ ਬੰਗਾ)–** ਅਮਰੀਕਾ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸਿੱਖ ਜਥੇਬੰਦੀਆਂ ਵੱਲੋਂ ਬਣਾਈ ਸਾਂਝੇ ਤੌਰ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਨੇ ਆਰਐਸਐਸ ਮੁਖੀ ਮੋਹਨ ਭਾਗਵਤ ਦੇ ਉਸ ਬਿਆਨ ਦਾ ਸਖ਼ਤ ਨੋਟਿਸ ਲਿਆ ਹੈ ਜਿਸ ਵਿਚ ਮੋਹਨ ਭਾਗਵਤ ਕਹਿ ਰਿਹਾ ਹੈ ਕਿ ਉਹ ਤਿੰਨ ਦਿਨਾਂ ਵਿਚ ਆਰਐਸਐਸ ਦੀ ਫ਼ੌਜ ਤਿਆਰ ਕਰ ਸਕਦੇ ਹਨ ਜਦ ਕਿ ਭਾਰਤੀ ਸੈਨਾ ਨੂੰ 6-7 ਮਹੀਨੇ ਤਿਆਰੀ ਕਰਨ ਨੂੰ ਲੱਗ ਜਾਂਦੇ ਹਨ। ਕੋਆਰਡੀਨੇਸ਼ਨ ਕਮੇਟੀ ਦੇ ਆਗੂਆਂ ਨੇ ਹੰਗਾਮੀ ਮੀਟਿੰਗ ਕਰਕੇ ਕਿਹਾ ਹੈ ਕਿ ਇਹ ਅਸਲ ਵਿਚ ਹਿੰਦੁਸਤਾਨ ਵਿਚ ਹਿੰਦੂ ਅੱਤਵਾਦ ਦਾ ਕਰੂਰ ਚਿਹਰਾ-ਮੋਹਰਾ ਹੈ ਜੋ ਹਿੰਦੁਸਤਾਨ ਦੀ ਕੇਂਦਰ ਸਰਕਾਰ ਨੂੰ ਨਜ਼ਰ ਨਹੀਂ ਆ ਰਿਹਾ। ਬਿਆਨ ਜਾਰੀ ਕਰਦਿਆਂ ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ ਤੇ ਹੋਰ ਆਗੂਆਂ ਵਿਚ ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ ਮਾਂਗਟ ਅਤੇ ਦਵਿੰਦਰ ਸਿੰਘ ਦਿਓ ਨੇ ਕਿਹਾ ਕਿ ਮੋਹਨ ਭਾਗਵਤ ਦਾ ਇਹ ਬਿਆਨ ਕੋਈ ਭਾਰਤ ਨੂੰ ਬਾਰਡਰਾਂ ਤੇ ਗੁਆਂਢੀ ਦੇਸ਼ਾਂ ਨਾਲ ਹੁੰਦੀ ਤਲਖ਼ੀ ਤੋਂ ਬਚਾਉਣ ਦਾ ਨਹੀਂ ਹੈ, ਸਗੋਂ ਇਹ ਬਿਆਨ ਘੱਟ ਗਿਣਤੀਆਂ ਨੂੰ ਡਰਾਉਣ ਧਮਕਾਉਣ ਲਈ ਦਿੱਤਾ ਗਿਆ ਹੈ, ਆਗੂਆਂ ਨੇ ਅੱਗੇ ਕਿਹਾ ਕਿ ਆਰਐਸਐਸ ਤੇ ਹੋਰ ਹਿੰਦੂਤਵਾ ਦੀਆਂ ਸੰਸਥਾਵਾਂ ਵੱਲੋਂ ਮੰਦਰਾਂ ਵਿਚ ਖ਼ਤਰਨਾਕ ਹਥਿਆਰ ਰੱਖ ਦੇ ਪੂਜਾ ਕੀਤੀ ਜਾਂਦੀ ਹੈ, ਤੇ ਹਥਿਆਰਾਂ ਨਾਲ ਲੈਸ ਹੋਕੇ ਪੰਜਾਬ ਵਰਗੇ ਸੂਬੇ ਵਿਚ ਜਲੂਸ ਕੱਢੇ ਜਾਂਦੇ ਹਨ ਪਰ



ਉਹ ਕੇਂਦਰ ਦੀਆਂ ਨਿਆਂ ਪ੍ਰਣਾਲੀ ਦੀਆਂ ਏਜੰਸੀਆਂ ਨੂੰ ਨਜ਼ਰ ਨਹੀਂ ਆਉਂਦੇ ਪਰ ਜੇਕਰ ਸਿੱਖ, ਗੁਰੂਆਂ ਦੀ ਕਿਰਪਾ ਨਾਲ ਸਜਾਈ ਗਈ ਕਿਰਪਾਨ ਦਾ ਪ੍ਰਦਰਸ਼ਨ ਕਰ ਦਿੰਦੇ ਹਨ ਤਾਂ ਭਾਰਤੀ ਹਿੰਦੂਤਵਾ ਮੀਡੀਆ ਦੇ ਕੈਮਰੇ ਝੱਟ ਉਧਰ ਨੂੰ ਘੁੰਮ ਜਾਂਦੇ ਹਨ, ਪਰ ਜਦੋਂ ਪੰਜਾਬ ਵਰਗੇ ਸੂਬੇ ਵਿਚ ਆਰਐਸਐਸ ਦੇ ਇਹ ਕਾਰਕੁਨ ਸਿੱਧਮ ਸਿੱਧੇ ਹਥਿਆਰਾਂ ਨਾਲ ਪ੍ਰਦਰਸ਼ਨ ਕਰਦੇ ਹਨ ਤਾਂ ਭਾਰਤੀ ਮੀਡੀਆ ਸ਼ਾਂਤ ਰਹਿੰਦਾ ਹੈ। ਆਗੂਆਂ ਨੇ ਕਿਹਾ ਕਿ ਜੇਕਰ ਮੋਹਨ ਭਾਗਵਤ ਕੋਲ ਆਰਐਸਐਸ ਦੀ ਆਰਮੀ ਤਿਆਰ ਹੋ ਹੀ ਗਈ ਹੈ ਤਾਂ ਉਹ ਚੀਨ ਦੇ ਬਾਰਡਰ ਤੇ ਉਸ ਆਰਮੀ ਨੂੰ ਲਗਾਵੇ ਤਾਂ ਕਿ ਭਾਰਤ ਦਾ ਬਾਰਡਰ ਸੁਰੱਖਿਅਤ ਰਹਿ ਸਕੇ, ਉੱਥੇ ਤਾਂ ਹਮੇਸ਼ਾ ਘੱਟ ਗਿਣਤੀਆਂ ਦੇ ਨੌਜਵਾਨ ਹੀ ਸ਼ਹੀਦ ਹੁੰਦੇ ਹਨ, ਜਿਸ ਨੂੰ ਅਸੀਂ ਭਾਰਤੀ ਸਰਕਾਰ ਵੱਲੋਂ ਘੱਟ ਗਿਣਤੀਆਂ ਦਾ ਸਾਜ਼ਿਸ਼ੀ ਕਤਲ ਮੰਨਦੇ ਹਾਂ। ਜਦੋਂ ਵੀ ਕੋਈ ਘੱਟ ਗਿਣਤੀਆਂ ਦਾ ਨੌਜਵਾਨ ਸ਼ਹੀਦ ਹੁੰਦਾ ਹੈ ਤਾਂ ਉਸ ਦੇ ਪਰਿਵਾਰ ਨੂੰ ਕੁੱਝ ਨਹੀਂ ਮਿਲਦਾ ਸਗੋਂ ਖੱਜਲ ਖੁਆਰ ਹੁੰਦਾ ਹੈ। ਇਸ ਕਰਕੇ ਉਨਾਂ ਦਾ ਕਹਿਣਾ ਹੈ ਕਿ ਮੋਹਨ ਭਾਗਵਤ ਆਰਐਸਐਸ ਦੀ ਤਿਆਰ ਆਰਮੀ ਨੂੰ ਚੀਨ ਦੇ ਬਾਰਡਰ ਤੇ ਲਾਵੇ ਤਾਂ ਕਿ ਆਰਐਸਐਸ ਦੇ ਤਿਲਾਂ ਵਿਚ ਕਿੰਨਾ ਕੁ ਤੇਲ ਹੈ ਬਾਰੇ ਪਤਾ ਲੱਗ ਜਾਵੇ।

ਉਨਾਂ ਕਿਹਾ ਕਿ ਆਰਐਸਐਸ ਦਾ ਮੁਖੀ ਘੱਟ ਗਿਣਤੀਆਂ ਨੂੰ ਧਮਕਾਉਣ ਦੀਆਂ ਅਜਿਹੀਆਂ ਗਿੱਦੜ ਭਬਕੀਆਂ ਮਾਰਨੀਆਂ ਬੰਦ ਕਰੇ, ਹਿੰਦੂ ਧਰਮ ਨੂੰ ਬਚਾਉਣ ਲਈ ਸਿੱਖ ਗੁਰੂਆਂ ਦੀਆਂ ਕੁਰਬਾਨੀਆਂ ਹੀ ਹਨ, ਨਹੀਂ ਤਾਂ ਹਿੰਦੁਸਤਾਨ ਵਿਚ ਹਿੰਦੂਤਵਾ ਦਾ ਨਾਮੋ ਨਿਸ਼ਾਨ ਮਿਟ ਜਾਣਾ ਸੀ, ਉਨਾਂ ਕਿਹਾ ਕਿ ਆਰਐਸਐਸ ਵੱਲੋਂ ਸਿੱਖ ਗੁਰੂ ਸਾਹਿਬਾਨਾ ਪ੍ਰਤੀ ਭੱਦੀ ਸ਼ਬਦਾਵਲੀ ਵਰਤੀ ਜਾਂਦੀ ਹੈ ਜੋ ਬਰਦਾਸ਼ਤ ਨਹੀਂ ਹੁੰਦੀ, ਹੁਣ ਆਰਐਸਐਸ ਮੁਖੀ ਦਾ ਅਜਿਹਾ ਬਿਆਨ ਵੀ ਘੱਟ ਗਿਣਤੀਆਂ ਨੂੰ ਦਬਕਾਉਣ ਦਾ ਕੋਝਾ ਕਾਰਨਾਮਾ ਹੈ, ਜੋ ਬਰਦਾਸ਼ਤ ਤੋਂ ਬਾਹਰ ਹੈ।


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu



SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES



ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
SPECIAL BIT INSPECTION AND DOT AUDIT COMPLIANCE:
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
2680 N TRACY BLVD, SUITE 4, TRACY, CA 95376
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services

# ਅੰਮ੍ਰਿਤਸਰ ਹਵਾਈ ਅੱਡੇ ਤੋਂ ਬਰਮਿੰਘਮ ਲਈ ਸਿੱਧੀ ਉਡਾਣ ਸ਼ੁਰੂ

**ਅੰਮ੍ਰਿਤਸਰ–** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਏਅਰ ਇੰਡੀਆ ਦੀ ਅੰਮ੍ਰਿਤਸਰ ਬਰਮਿੰਘਮ ਵਿਚਾਲੇ ਸਿੱਧੀ ਉਡਾਣ ਸ਼ੁਰੂ ਹੋ ਗਈ ਹੈ, ਜਿਸ ਨੂੰ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਅਤੇ ਦੋਵਾਂ ਸੰਸਦ ਮੈਂਬਰਾਂ ਸ਼ਵੇਤ ਮਲਿਕ ਤੇ ਗੁਰਜੀਤ ਸਿੰਘ ਔਜਲਾ ਨੇ ਝੰਡੀ ਦਿਖਾਈ।

ਇਹ ਉਡਾਣ ਸ਼ੁਰੂ ਵਿਚ ਦੋ ਦਿਨ ਮੰਗਲਵਾਰ ਅਤੇ ਵੀਰਵਾਰ ਅੰਮ੍ਰਿਤਸਰ ਤੋਂ ਬਰਮਿੰਘਮ ਲਈ ਚੱਲੇਗੀ। ਇਸੇ ਤਰ੍ਹਾਂ ਬਰਮਿੰਘਮ ਤੋਂ ਅੰਮ੍ਰਿਤਸਰ ਵਾਸਤੇ ਬੁੱਧਵਾਰ ਅਤੇ ਸ਼ੁੱਕਰਵਾਰ ਨੂੰ ਚੱਲੇਗੀ।ਇਹ ਉਡਾਣ ਦਿੱਲੀ ਤੋਂ ਅੰਮ੍ਰਿਤਸਰ ਆਵੇਗੀ ਅਤੇ ਇਥੋਂ ਸਿੱਧਾ ਬਰਮਿੰਘਮ ਲਈ ਰਵਾਨਾ ਹੋਵੇਗੀ। ਏਅਰ ਇੰਡੀਆ ਵੱਲੋਂ ਅੰਮ੍ਰਿਤਸਰ ਬਰਮਿੰਘਮ ਵਿਚਾਲੇ ਸਭ ਤੋਂ ਪਹਿਲਾਂ ਜਨਵਰੀ 1982 ਵਿਚ ਸਿੱਧੀ ਉਡਾਣ ਸ਼ੁਰੂ ਕੀਤੀ ਗਈ ਸੀ। ਉਸ ਵੇਲੇ ਵੀ ਇਸ ਉਡਾਣ ਨੂੰ ਭਰਵਾਂ ਹੁੰਗਾਰਾ ਮਿਲਿਆ ਸੀ ਪਰ ਪੰਜਾਬ ਵਿਚ ਅਤਿਵਾਦ ਕਾਰਨ 1984 ਵਿਚ ਇਹ ਬੰਦ ਹੋ ਗਈ ਸੀ। ਹਵਾਈ ਕੰਪਨੀ ਵੱਲੋਂ ਦੁਬਾਰਾ ਇਹੀ ਉਡਾਣ ਮਈ 2005 ਵਿਚ ਸ਼ੁਰੂ ਹੋਈ ਸੀ , ਜੋ 2010 ਤਕ ਜਾਰੀ ਰਹੀ। ਮਗਰੋਂ ਇਸ ਨੂੰ ਦਿੱਲੀ ਤਬਦੀਲ ਕਰ ਦਿੱਤਾ ਗਿਆ ਸੀ।



ਅੱਜ ਇਸ ਉਡਾਣ ਦੀ ਮੁੜ ਸ਼ੁਰੂਆਤ ਵੇਲੇ ਭਾਜਪਾ ਅਤੇ ਕਾਂਗਰਸੀ ਆਗੂ ਵੱਡੀ ਗਿਣਤੀ ਵਿਚ ਹਾਜ਼ਰ ਸਨ। ਪਹਿਲਾਂ ਇਥੇ ਰਿਬਨ ਕੱਟਿਆ ਅਤੇ ਮਗਰੋਂ ਕੇਕ ਵੀ ਕੱਟਿਆ ਗਿਆ। ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਨੇ ਆਖਿਆ ਕਿ ਇਸ ਸਿੱਧੀ ਉਡਾਣ ਦੀ ਸ਼ੁਰੂਆਤ ਨਾਲ ਪੰਜਾਬ ਸਮੇਤ ਹਰਿਆਣਾ ਅਤੇ ਹਿਮਾਚਲ ਦੇ ਲੋਕਾਂ ਨੂੰ ਵੀ ਲਾਭ ਹੋਵੇਗਾ। ਇਸ ਤੋਂ ਇਲਾਵਾ ਕਾਰਗੋ ਰਾਹੀਂ ਪੰਜਾਬ ਦੀਆਂ ਸਬਜ਼ੀਆਂ ਤੇ ਫਲ ਆਦਿ ਪਹਿਲਾਂ ਵਾਂਗ ਹੀ ਸਿੱਧਾ ਯੂ.ਕੇ ਜਾ ਸਕਣਗੇ, ਜਿਸ ਨਾਲ ਵਪਾਰੀਆਂ ਨੂੰ ਵੀ ਲਾਭ ਹੋਵੇਗਾ। ਯੂ.ਕੇ ਵਿਚ ਵਸਦਾ ਪੰਜਾਬੀ ਭਾਈਚਾਰਾ ਸਿੱਧਾ ਅੰਮ੍ਰਿਤਸਰ ਆ ਸਕੇਗਾ ਅਤੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣਗੇ। ਰਾਜ ਸਭਾ ਮੈਂਬਰ ਸ੍ਰੀ ਸ਼ਵੇਤ ਮਲਿਕ ਨੇ ਆਖਿਆ ਕਿ ਉਹ ਪਿਛਲੇ ਦੋ ਸਾਲਾਂ ਤੋਂ ਲਗਾਤਾਰ ਹਵਾਈ ਅੱਡੇ ਦੇ ਵਿਕਾਸ ਅਤੇ ਅੰਤਰਾਸ਼ਟਰੀ ਉਡਾਣਾਂ ਸ਼ੁਰੂ ਕਰਨ ਲਈ ਯਤਨ ਕਰ ਰਹੇ ਹਨ। ਉਨ੍ਹਾਂ ਇਹ ਮਾਮਲਾ 25 ਜੁਲਾਈ 2016 ਨੂੰ ਰਾਜ ਸਭਾ ਵਿਚ ਵੀ ਉਠਾਇਆ ਸੀ।ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਆਖਿਆ ਕਿ ਇਸ ਉਡਾਣ ਨੂੰ ਲੋਕਾਂ ਦੇ ਭਰਵੇਂ ਹੁੰਗਾਰੇ ਤੋਂ ਬਾਅਦ ਰੋਜ਼ਾਨਾ ਵੀ ਸ਼ੁਰੂ ਕੀਤਾ ਜਾ ਸਕਦਾ ਹੈ। ਇਸ ਮੌਕੇ ਭਾਜਪਾ ਦੇ ਸਾਬਕਾ ਮੰਤਰੀ ਡਾ. ਬਲਦੇਵ ਰਾਜ ਚਾਵਲਾ, ਸਾਬਕਾ ਮੇਅਰ ਬਖਸ਼ੀ ਰਾਮ ਅਰੋੜਾ ਤੇ ਹੋਰ ਪਤਵੰਤੇ ਹਾਜ਼ਰ ਸਨ।

# ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਸਬੰਧੀ ਸਰਗਰਮੀਆਂ ਤੇਜ਼

ਅੰਮ੍ਰਿਤਸਰ– ਸਦੀ ਪੁਰਾਣੀ ਸਿੱਖ ਸੰਸਥਾ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਅਤੇ ਦੋ ਹੋਰ ਅਹੁਦਿਆਂ ਲਈ 4 ਮਾਰਚ ਨੂੰ ਹੋਣ ਵਾਲੇ ਚੋਣ ਇਜਲਾਸ ਨੂੰ ਲੈ ਕੇ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਹੁਣ ਤੱਕ ਦੋ ਨਾਮਜ਼ਦਗੀਆਂ ਆ ਚੁੱਕੀਆਂ ਹਨ, ਜਦੋਂਕਿ ਨਾਮਜ਼ਦਗੀ ਪੱਤਰ ਭਰਨ ਦੀ ਆਖਰੀ ਤਰੀਕ 23 ਫਰਵਰੀ ਹੈ।

ਚੀਫ਼ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀ ਵਾਇਰਲ ਹੋਈ ਇਤਰਾਜ਼ਯੋਗ ਵੀਡੀਓ ਕਾਰਨ ਉਨ੍ਹਾਂ ਨੂੰ ਅਸਤੀਫਾ ਦੇਣਾ ਪਿਆ ਹੈ, ਜਦੋਂਕਿ ਇਸੇ ਕਰ ਕੇ ਉਨ੍ਹਾਂ ਦੇ ਪੁੱਤਰ ਇੰ-ਦਰਪ੍ਰੀਤ ਸਿੰਘ ਚੱਢਾ ਜੋ ਦੀਵਾਨ ਦੇ ਮੀਤ ਪ੍ਰਧਾਨ ਸਨ, ਵੱਲੋਂ ਖ਼ੁਦਕੁਸ਼ੀ ਕਰ ਲਈ ਗਈ ਸੀ ਜਿਸ ਕਰ ਕੇ ਇਹ ਦੋਵੇਂ ਅਹੁਦੇ ਖਾਲੀ ਹੋ ਗਏ ਸਨ। ਇਸੇ ਤਰ੍ਹਾਂ ਸਕੱਤਰ ਦਾ ਇਕ ਅਹੁਦਾ ਪਹਿਲਾਂ ਹੀ ਖਾਲੀ ਸੀ। ਇਨ੍ਹਾਂ ਤਿੰਨਾਂ ਅਹੁਦਿਆਂ ਵਾਸਤੇ 4 ਮਾਰਚ ਨੂੰ ਚੋਣ ਇਜਲਾਸ ਸੱਦਿਆ ਗਿਆ ਹੈ, ਜਿਸ ਤਹਿਤ 23 ਫਰਵਰੀ ਤੱਕ ਨਾਮਜ਼ਦਗੀ ਪੱਤਰ ਦਾਖਲ ਹੋਣਗੇ ਅਤੇ 27 ਫਰਵਰੀ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਤਰੀਕ ਹੈ।

ਮਿਲੇ ਵੇਰਵਿਆਂ ਮੁਤਾਬਕ ਇਸ ਚੋਣ ਲਈ ਪ੍ਰਧਾਨ ਦੇ ਅਹੁਦੇ ਵਾਸਤੇ ਡਾ. ਸੰਤੋਖ ਸਿੰਘ ਅਤੇ ਮੀਤ ਪ੍ਰਧਾਨ ਦੇ ਅਹੁਦੇ ਲਈ ਸਰਬਜੀਤ ਸਿੰਘ ਵੱਲੋਂ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ ਹਨ। ਹੋਰਨਾਂ ਇਛੁੱਕ ਉਮੀਦਵਾਰਾਂ ਵੱਲੋਂ ਵੀ ਇਕ-ਦੋ ਦਿਨਾਂ ਵਿਚ ਆਪੋ ਆਪਣੇ ਨਾਮਜ਼ਦਗੀ ਪੱਤਰ ਭਰੇ ਜਾਣ ਦੀ ਆਸ ਹੈ। ਇਹ ਵੀ ਪਤਾ ਲੱਗਾ ਹੈ ਕਿ ਪ੍ਰਧਾਨ ਦੇ ਅਹੁਦੇ ਵਾਸਤੇ ਸਾਬਕਾ ਸੰਸਦ ਮੈਂਬਰ ਰਾਜ ਮਹਿੰਦਰ ਸਿੰਘ ਮਜੀਠਾ ਅਤੇ ਮੌਜੂਦਾ ਕਾਰਜਕਾਰੀ ਪ੍ਰਧਾਨ ਧਨਰਾਜ ਸਿੰਘ ਵੀ ਨਾਮਜ਼ਦਗੀ ਪੱਤਰ ਦਾਖਲ ਕਰਨਗੇ। ਸ੍ਰੀ ਧਨਰਾਜ ਸਿੰਘ ਨੂੰ ਹਾਲ ਹੀ ਵਿੱਚ ਕਾਰਜਕਾਰੀ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਹ ਇਸ ਤੋਂ ਪਹਿਲਾਂ ਸੰਸਥਾ ਦੇ ਮੀਤ ਪ੍ਰਧਾਨ ਸਨ। ਇਸ ਸਬੰਧੀ ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਦੋ ਨਾਮਜ਼ਦਗੀ ਪੱਤਰ ਦਾਖਲ ਹੋਣ ਦੀ ਪੁਸ਼ਟੀ ਕੀਤੀ। ਉਨ੍ਹਾਂ ਦੱਸਿਆ ਕਿ ਜਨਰਲ ਇਜਲਾਸ ਦੌਰਾਨ ਬੈਲੇਟ ਪੇਪਰ ਰਾਹੀਂ ਚੋਣ ਹੋਣ ਦੀ ਸੰਭਾਵਨਾ ਨੂੰ ਦੇਖਦਿਆਂ ਲੋੜੀਂਦੇ ਪ੍ਰਬੰਧਾਂ ਵਾਸਤੇ 26 ਫਰਵਰੀ ਨੂੰ ਸੰਸਥਾ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਸੱਦ ਲਈ ਹੈ। ਉਨ੍ਹਾਂ ਆਖਿਆ ਕਿ ਮੀਟਿੰਗ ਵਿੱਚ ਚੋਣ ਲਈ ਲੋੜੀਂਦੇ ਪ੍ਰਬੰਧਾਂ ਬਾਰੇ ਵਿਚਾਰ ਚਰਚਾ ਕੀਤਾ ਜਾਵੇਗਾ। ਇਸ ਤੋਂ ਪਹਿਲਾ ਚੀਫ਼ ਖਾਲਸਾ ਦੀਵਾਨ ਵਿੱਚ ਬੈਲੇਟ ਪੇਪਰ ਰਾਹੀਂ 1994 ਵਿੱਚ ਚੋਣਾਂ ਹੋਈਆਂ ਸਨ। ਪਿਛਲੇ ਲਗਪਗ 25 ਵਰ੍ਹਿਆਂ ਦੌਰਾਨ ਇੱਥੇ ਸਰਬਸੰਮਤੀ ਨਾਲ ਹੀ ਚੋਣ ਹੁੰਦੀ ਰਹੀ ਹੈ। ਇਸ ਵੇਲੇ ਦੀਵਾਨ ਦੀ ਪ੍ਰਧਾਨਗੀ ਸੰਭਾਲਣ ਅਤੇ ਹੋਰ ਅਹੁਦੇਦਾਰ ਬਣਨ ਵਾਸਤੇ ਤਿੰਨ ਗੁੱਟ ਸਰਗਰਮ ਹਨ, ਜਿਨ੍ਹਾਂ ਵਿੱਚੋਂ ਇੱਕ ਗੁੱਟ ਚੱਢਾ ਸਮਰਥਕ ਮੈਂਬਰਾਂ ਦਾ, ਦੂਜਾ ਗੁੱਟ ਸਾਬਕਾ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ ਨਾਲ ਸਬੰਧਤ ਅਤੇ ਤੀਜਾ ਗੁੱਟ ਜਸਵਿੰਦਰ ਸਿੰਘ ਐਡਵੋਕੇਟ ਨਾਲ ਸਬੰਧਤ ਹੈ।

# 'ਸਾਂਝੀ ਸੋਚ' ਅਖ਼ਬਾਰ ਦੀ ਪੰਜਵੀਂ ਵਰ੍ਹੇ ਗੰਢ 24 ਫਰਵਰੀ ਨੂੰ ਮਨਾਈ ਜਾਵੇਗੀ

**ਕੈਲੀਫੋਰਨੀਆ (ਬਿਊਰੋ)–** ਪੰਜਾਬੀ ਭਾਈਚਾਰੇ ਦੀ ਹਰਮਨ ਪਿਆਰੀ ਸਪਤਾਹਿਕ ਪੰਜਾਬੀ ਅਖ਼ਬਾਰ ' ਸਾਂਝ ਸੋਚ' ਦੀ ਪੰਜਵੀਂ ਵਰ੍ਹੇ ਗੰਢ 24 ਫਰਵਰੀ ਨੂੰ Nirvaana Banquet Hall, 1005 E Pescadero Ave. Tracy,



CA-95304 ਵਿਖੇ ਸ਼ਾਮ 5 ਵਜੇ ਤੋਂ ਰਾਤ 9 ਵਜੇ ਤੱਕ ਮਨਾਈ ਜਾ ਰਹੀ ਹੈ। ਇਸ ਮੌਕੇ ਹਰਵਿੰਦਰ ਰਿਆੜ, ਅਸ਼ੋਕ ਸ਼ਰਮਾ ਤੇ ਜਗਤਾਰ ਜੱਗੀ ਵਿਸ਼ੇਸ਼ ਮਹਿਮਾਨ ਤੇ ਅਨੋਖ ਸਿੰਘ ਸਾਬਕਾ ਚੀਫ਼ ਸਬ ਐਡੀਟਰ ਰੋਜ਼ਾਨਾ 'ਅਜੀਤ' ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ ਨੇ ਦੱਸਿਆ ਕਿ ਇਸ ਵਾਰ ਦਾ ਸਮਾਗਮ ਵਿਸ਼ੇਸ਼ ਹੋਵੇਗਾ। ਇਸ ਮੌਕੇ ਸਭਿਆਚਾਰਕ ਪ੍ਰੋਗਰਾਮ ਹੋਵੇਗਾ ਤੇ ਭਾਈਚਾਰੇ ਦੀਆਂ ਅਹਿਮ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਦਸਿਆ ਕਿ 10 ਲੱਕੀ ਡਰਾਅ ਕੱਢੇ ਜਾਣਗੇ। ਇਨ੍ਹਾਂ ਕੱਢੇ ਜਾਣ ਵਾਲੇ ਇਨਾਮਾਂ ਵਿਚ 2 ਸੋਨੇ ਦੀਆਂ ਮੁੰਦਰੀਆਂ, ਇਕ ਸੋਨੇ ਦੇ ਝੁਮਕੇ, ਇਕ 50 ਇੰਚ ਫਲੈਟ ਸਕਰੀਨ ਟੀ.ਵੀ., ਇਕ ਲੈਪਟਾਪ, ਇਕ ਪੰਜਾਬੀ ਸੂਟ, ਜੁੱਤੀ, ਪਰਾਂਦੀ ਤੇ ਆਰਟੀਫੀਸ਼ੀਅਲ ਜਿਊਲਰੀ, ਇਕ ਘੜੀ ਤੇ 3 ਗਿਫਟ ਕਾਰਡ ਸ਼ਾਮਿਲ ਹੋਣਗੇ। ਬੂਟਾ ਸਿੰਘ ਬਾਸੀ ਨੇ ਸਪਸ਼ਟ ਕੀਤਾ ਹੈ ਕਿ ਸਮਾਗਮ ਵਿਚ ਦਾਖਲਾ ਬਿਨਾਂ ਸੱਦਾ ਕਾਰਡ ਤੋਂ ਨਹੀਂ ਹੋਵੇਗਾ। ਇਸ ਮੌਕੇ ਖਾਣੇ ਤੇ ਸੁਰੱਖਿਆ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

ਅਦਾਰਾ 'ਦੇਸ਼ ਦੁਆਬਾ' ਵੱਲੋਂ ਸਾਂਝੀ ਸੋਚ ਅਖਬਾਰ ਦੇ ਮੁੱਖ ਸੰਪਾਦਕ ਸ੍ਰੀ ਬੂਟਾ ਸਿੰਘ ਬਾਸੀ ਅਤੇ ਪ੍ਰਬੰਧਕੀ ਮੰਡਲ ਨੂੰ ਅਖਬਾਰ ਦੀ 5ਵੀਂ ਵਰ੍ਹੇਗੰਢ ਮਨਾਏ ਜਾਣ ਦੀਆਂ ਵਧਾਈਆਂ।




ਬਹੁਤ ਜਨਮ ਬਿਛੁਰੇ ਥੇ ਮਾਧਉ, ਇਹੁ ਜਨਮ ਤੁਮ੍ਹਾਰੇ ਲੇਖੇ॥

ਸ੍ਰੀ ਗੁਰੂ ਰਵਿਦਾਸ ਟੈਂਪਲ

6221-16th Street Rio Linda (Sacramento)

California- 95673 (Ph) 916-992-1710

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੇ ਮਹੀਨਾਵਾਰ ਸਮਾਗਮ
ਅਖੰਡ ਪਾਠ ਸਾਹਿਬ ਦੀ ਸੇਵਾ:

ਬ੍ਰਹਮ ਗਿਆਨੀ ਸੰਤ ਦਰਸ਼ਨ ਦਾਸ ਜੀ
ਨਗਰ ਵਾਲੇ ਮਹਾਂਪੁਰਸ਼ (ਫਿਲੌਰ)
ਸਮੂਹ ਸਾਧ ਸੰਗਤ ਸੇਵਾ
ਆਰੰਭ ਸ੍ਰੀ ਅਖੰਡ ਪਾਠ ਸਾਹਿਬ
23 ਫਰਵਰੀ 2018, ਸਵੇਰੇ 10 ਵਜੇ
ਭੋਗ 25 ਫਰਵਰੀ 2018,
ਸਵੇਰੇ 10 ਵਜੇ ਤੋਂ 2 ਵਜੇ ਤੱਕ

ਗੁਰੂ ਰਵਿਦਾਸ ਟੈਂਪਲ ਨੌਜਵਾਨ ਸਭਾ,
ਸੈਕਰਾਮੈਂਟੋ
ਆਰੰਭ ਸ੍ਰੀ ਅਖੰਡ ਪਾਠ ਸਾਹਿਬ
2 ਮਾਰਚ 2018, ਸਵੇਰੇ 10 ਵਜੇ
ਭੋਗ 4 ਮਾਰਚ 2018, ਸਵੇਰੇ
10 ਵਜੇ ਤੋਂ 2 ਵਜੇ ਤੱਕ

18ਵਾਂ ਮਹਾਨ ਨਗਰ ਕੀਰਤਨ
11 ਮਾਰਚ 2018

ਗੁਰੂ ਰਵਿਦਾਸ ਟੈਂਪਲ ਅਤੇ
ਸਮੂਹ ਸਾਧ ਸੰਗਤ, ਰਿਓ ਲਿੰਡਾ
ਆਰੰਭ ਸ੍ਰੀ ਅਖੰਡ ਪਾਠ ਸਾਹਿਬ
8 ਮਾਰਚ 2018, ਸਵੇਰੇ 10 ਵਜੇ
ਸਾਮ 6 ਵਜੇ ਤੱਕ ਬੁਲਾਰੇ ਅਤੇ ਕੀਰਤਨ ਦਰਬਾਰ
ਭੋਗ 11 ਮਾਰਚ 2018, ਸਵੇਰੇ
10 ਵਜੇ ਤੋਂ 2 ਵਜੇ ਤੱਕ

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ:
ਅਜੈ ਪਡਵੱਗਾ
(916) 462-7300
ਭਾਈ ਨਿਰਮਲ ਸਿੰਘ
(916) 410-9564
ਭਾਈ ਜਸਪਾਲ ਸਿੰਘ
(916) 274-9278
ਰਮੇਸ਼ ਬੰਗੜ
(916) 821-2175
ਬਲਵਿੰਦਰ ਰੱਲ੍ਹ
(916) 425-2705

ਅਖੰਡ ਪਾਠ ਸਾਹਿਬ ਦੀ ਸੇਵਾ ਲੈਣ ਲਈ ਸੰਪਰਕ ਕਰੋ: 916-992-1719

# ਗੁਰਦੁਆਰਾ ਨਾਨਕਸਰ ਫਰਿਜ਼ਨੋ ਵਿਖੇ ਸਲਾਨਾ ਅਖੰਡ ਪਾਠਾਂ ਦੀ ਲੜੀ ਦੇ ਸਮਾਪਤੀ 'ਤੇ ਮਹਾਨ ਕੀਰਤਨ ਸਮਾਗਮ ਹੋਏ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਹਰ ਸਾਲ ਦੀ ਤਰ੍ਹਾਂ ਧੰਨ-ਧੰਨ ਬਾਬਾ ਨੰਦ ਸਿੰਘ ਜੀ ਅਤੇ ਧੰਨ-ਧੰਨ ਬਾਬਾ ਈਸ਼ਰ ਸਿੰਘ ਜੀ ਦੀ ਨਿੱਘੀ ਯਾਦ ਅੰਦਰ ਵਰੋਸਾਏ ਗੁਰਦੁਆਰਾ ਨਾਨਕਸ਼ਰ ਫਰਿਜ਼ਨੋ ਵਿਖੇ ਮਾਘ ਮਹੀਨੇ ਤੋਂ ਲਗਾਤਾਰ ਚਲ ਰਹੀ ਅਖੰਡ ਪਾਠਾ ਦੀ ਲੜੀ ਦੀ ਸਮਾਪਤੀ ਦੌਰਾਨ ਮਹਾਨ ਕੀਰਤਨ ਸਮਾਗਮ ਕਰਵਾਏ ਗਏ। ਜਿਸ ਦੌਰਾਨ ਬਹੁਤ ਸਾਰੇ ਕੀਰਤਨੀ ਜੱਥਿਆਂ ਅਤੇ ਧਰਮ ਪ੍ਰਚਾਰਕ ਬੁੱਧੀਜੀਵੀਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾ ਦੀ ਸਾਂਝ ਪਾਈ। ਸਵੇਰ ਸਮੇਂ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਹੋਈਆ।

ਇਸ ਸਮੇਂ ਭਾਈ ਹਰਭਜਨ ਸਿੰਘ ਜੀ ਦਾ ਕੀਤਤਨੀ ਜੱਥੇ ਅਤੇ ਹਜ਼ੂਰੀ ਕੀਰਤਨੀ ਜੱਥਿਆ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਜਦ ਕਿ ਇਸ ਸਮਾਗਮ ਦੌਰਾਨ ਭਾਰਤ ਤੋਂ ਪਹੁੰਚੇ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲਿਆ ਦੇ ਜੱਥੇ ਨੇ ਦੋ ਘੰਟੇ ਦੇ ਕਰੀਬ ਸੰਗਤਾਂ ਨੂੰ ਨਿਰੋਲ ਸਬਦ ਗੁਰਬਾਣੀ ਅਤੇ ਇਤਿਹਾਸ ਨਾਲ ਜੋੜਿਆ। ਇਸ ਸਮੇਂ ਸਥਾਨਕ ਧਾਰਮਿਕ ਆਗੂ ਸ. ਗੁਰਚਰਨ ਸਿੰਘ ਰੱਕੜ ਨੇ ਵੀ ਉਨ੍ਹਾਂ ਨਾਲ ਹਾਜ਼ਰੀ ਭਰੀ।



ਭਾਈ ਸਾਹਿਬ ਨੇ ਜੀਵਨ ਦੀ ਜਾਂਚ ਅਤੇ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਲੜ ਲੱਗਣ ਦੀ ਗੱਲ ਕੀਤੀ। ਜਦ ਕਿ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਬੁਲਾਰਿਆਂ ਨੇ ਆਪਣੀ ਹਾਜ਼ਰੀ ਭਰੀ। ਇਸ ਸਮੇਂ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ, ਵੱਖ-ਵੱਖ ਦੁਕਾਨਾ ਅਤੇ ਸਿੱਖ ਵਸਤਾਂ ਨਾਲ ਸੰਬੰਧਤ ਸਟਾਲ ਲੱਗੇ ਹੋਏ ਸਨ। ਇਸ ਸਮੇਂ ਦਾ ਮਹੌਲ ਇਕ ਧਾਰਮਿਕ ਸਮਾਗਮ ਦੇ ਨਾਲ-ਨਾਲ ਮੇਲੇ ਵਾਂਗ ਲੱਗ ਰਿਹਾ ਸੀ। ਜਿਸ ਦੌਰਾਨ ਮੀਰੀ-ਪੀਰੀ ਸੇਵਾ ਸੁਸਾਇਟੀ ਅਤੇ ਹੋਰ ਵੱਖ-ਵੱਖ ਜੱਥੇਬੰਦੀਆਂ ਵੱਲੋਂ ਗੁਰੂ ਦੇ ਸੁਆਦਿਸ਼ਟ ਲੰਗਰਾ ਵਿੱਚ ਮਿਠਾਈਆਂ, ਜਲੇਬੀਆਂ, ਸਮੋਸੇ, ਪਕੌੜੇ, ਜੂਸ਼ ਅਤੇ ਗੰਨੇ ਦੇ ਰਸ ਆਦਿਕ ਅਤੁੱਟ ਵਰਤ ਰਹੇ ਸਨ।

ਸਮੁੱਚੇ ਸਮਾਗਮ ਦੌਰਾਨ ਸੰਗਤਾਂ ਨੇ ਆਪਣੀ-ਆਪਣੀ ਸਰਧਾ ਅਨੁਸਾਰ ਗੁਰਬਾਣੀ, ਗੁਰਮਤਿ ਵਿਚਾਰਾ ਅਤੇ ਚਲ ਰਹੇ ਸ਼ੁਆਦਿਸਟ ਲੰਗਰਾਂ ਦਾ ਅਨੰਦ ਮਾਣਿਆ। ਅੰਤ ਗੁਰਸਿੱਖੀ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੋਇਆਂ ਇਹ ਸਮਾਗਮ ਯਾਦਗਾਰੀ ਹੋ ਨਿਬੜਿਆ। ਇੱਥੇ ਇਹ ਗੱਲ ਵਰਨਣਯੋਗ ਹੈ ਕਿ ਇਹ ਗੁਰਦੁਆਰਾ ਸਾਹਿਬ ਨਾਨਕਸ਼ਰ ਕਲੇਰਾਂ ਦੀ ਮਰਿਯਾਦਾ ਅਨੁਸਾਰ ਚਲਾਇਆ ਜਾ ਰਿਹਾ ਹੈ। ਜੋ ਸੰਗਤਾਂ ਲਈ ਦਿਨ-ਰਾਤ ਖੁੱਲਾ ਰਹਿੰਦਾ ਹੈ ਅਤੇ ਸਮੇਂ-ਸਮੇਂ ਦੁਨੀਆਂ ਭਰ ਤੋਂ ਕੀਰਤਨੀ ਜੱਥੇ ਅਤੇ ਧਾਰਮਿਕ ਪ੍ਰਚਾਰਕ ਆਪਣੀਆਂ ਹਾਜ਼ਰੀਆਂ ਭਰਦੇ ਹਨ।

# ਮਾਤਾ ਦਰਸ਼ਨ ਕੌਰ ਜੌਹਲ ਨਮਿਤ ਅੰਤਿਮ ਸਸਕਾਰ ਅਤੇ ਅੰਤਿਮ ਅਰਦਾਸ







ਰੋਜ਼ਵਿਲ- ਬੀਤੇ ਦਿਨੀ ਬਲਜਿੰਦਰ ਸਿੰਘ ਜੌਹਲ ਅਤੇ ਅਮਰੀਕ ਸਿੰਘ ਜੌਹਲ ਦੇ ਮਾਤਾ ਦਰਸ਼ਨ ਕੌਰ ਜੌਹਲ ਜਿਹਨਾਂ ਦਾ ਜੱਦੀ ਪਿੰਡ ਤਲਵਣ ਸੀ, ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦਾ ਅੰਤਿਮ ਸਸਕਾਰ ਮਿਤੀ 17 ਫਰਵਰੀ 2018 ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਸੈਕਰਾਮੈਂਟੋ ਵਿਖੇ ਕੀਤਾ ਗਿਆ। ਇਸ ਮੌਕੇ ਕਈ ਅਹਿਮ ਸ਼ਖਸੀਅਤਾਂ ਨੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਹਨਾਂ ਦੇ ਜੀਵਨ ਬਾਰੇ ਚਾਨਣਾ ਪਾਇਆ।

ਇਸ ਉਪਰੰਤ ਮਾਤਾ ਦਰਸ਼ਨ ਕੌਰ ਜੌਹਲ ਜੀ ਦੀ ਆਤਮਿਕ ਸਾਂਤੀ ਲਈ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਰਖਾਏ ਗਏ ਅਤੇ ਭੋਗ ਪਾਏ ਜਾਣ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ 1090 ਮੇਨ ਸਟ੍ਰੀਟ, ਰੋਜ਼ਵਿਲ ਵਿਖੇ ਕੀਤੀ ਗਈ। ਇਸ ਮੌਕੇ ਗੁਰੂ ਘਰ ਦੇ ਗ੍ਰੰਥੀ ਅਤੇ ਜਥੇ ਭਾਈ ਸੁਖਵਿੰਦਰ ਸਿੰਘ, ਭਾਈ ਹਰਦੀਪ ਸਿੰਘ ਹੀਰਾ ਅਤੇ ਭਾਈ ਹਰਪ੍ਰੀਤ ਸਿੰਘ ਜੀ ਨੇ ਕੀਰਤਨ ਕੀਤਾ।

ਅਖੀਰ ਵਿਚ ਸਟੇਜ ਦੀ ਸੇਵਾ ਨਿਭਾਅ ਰਹੇ ਹਰਬਿੰਦਰ ਸਿੰਘ ਨੇ ਜੌਹਲ ਪਰਿਵਾਰ ਵੱਲੋਂ ਸਮੂਹ ਸੰਗਤ ਦਾ ਇਸ ਦੁੱਖ ਦੀ ਘੜੀ ਵਿਚ ਇਕੱਠੇ ਹੋਣ ਤੇ ਧੰਨਵਾਦ ਕੀਤਾ।

ਅਦਾਰਾ 'ਦੇਸ਼ ਦੁਆਬਾ' ਜੌਹਲ ਪਰਿਵਾਰ ਦੇ ਨਾਲ ਖੜ੍ਹਾ ਹੈ ਅਤੇ ਮਾਤਾ ਦਰਸ਼ਨ ਕੌਰ ਦੇ ਅਕਾਲ ਚਲਾਣੇ ਤੇ ਦੁੱਖ ਸਾਂਝਾ ਕਰਦਾ ਹੈ।

# ਫਰਿਜ਼ਨੋ ਵਿਖੇ ਵਿਰਾਸਤੀ ਖੇਡਾਂ ਅਤੇ ਫੈਮਲੀ ਪਿਕਨਿਕ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸ਼ੈਂਟਰਲ ਵੈਲੀ ਫਰਿਜ਼ਨੋ ਵਿਖੇ ਸਥਾਪਿਤ ਜੀ ਐਚ ਜੀ ਅਕੈਡਮੀ ਦੀ ਹੋਣ ਜਾ ਰਹੀ ਪਿਕਨਿਕ ਵਿੱਚ ਹਿੱਸਾ ਲੈਣ ਲਈ ਬੱਚਿਆ ਵੱਲੋਂ ਹਰ ਐਤਵਾਰ ਮਾਹਰ ਕੋਚਾਂ ਦੀ ਅਗਵਾਈ ਅਧੀਨ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਨੂੰ ਦੇਖ ਕੇ ਲੱਗ ਰਿਹਾ ਹੈ ਕਿ ਇਸ ਸਾਲ ਬੱਚੇ ਵਿਰਾਸਤੀ ਖੇਡਾਂ ਸੱਖਣ ਅਤੇ ਉਨ੍ਹਾਂ ਦਾ ਪ੍ਰਦਰਸ਼ਨ ਕਰਨ ਲਈ ਬਹੁਤ ਦਿਲਚਸਪੀ ਦਿਖਾ ਰਹੇ ਹਨ। ਪ੍ਰਬੰਧਕਾ ਦੁਆਰਾ ਨਿਯਤ ਪ੍ਰੋਗਰਾਮ ਅਨੁਸਾਰ ਇਹ ਪਿਕਨਿਕ 'ਸ਼ਹੀਦ ਜਸਵੰਤ ਸਿੰਘ ਖਾਲੜਾ' ਪਾਰਕ ਦੇ ਖੁੱਲੇ ਗਰਾਊਡਾ ਵਿੱਚ ਹੋਵੇਗੀ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੀ ਐਚ ਜੀ ਅਕੈਡਮੀ ਵੱਲੋਂ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ ਨਿਯਤ ਮਿਤੀ 10 ਮਾਰਚ ਨੂੰ ਹੋਵੇਗੀ।

ਜਿਸ ਦੌਰਾਨ ਇਸ ਸਾਲ ਸਤਾਰਾ ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆ ਦੇ ਬਾਸਕਟਬਾਲ ਮੁਕਾਬਲੇ ਸਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆ ਲਈ ਸ਼ਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸਾਹਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬੱਚਿਆ ਦਾ ਗਿੱਧਾ-ਭੰਗੜਾ ਅਤੇ ਹੋਰ ਬਹੁਤ ਕੁਝ ਮੰਨੋਰੰਜਨ ਲਈ ਹੋਵੇਗਾ। ਇਸ ਪਿਕਨਿਕ ਅਤੇ ਵਿਰਾਸਤੀ ਖੇਡ ਮੇਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆ ਨੂੰ ਮਾਣ-ਸਨਮਾਨ ਦਿੱਤਾ ਜਾਵੇਗਾ।

ਇਸ ਪ੍ਰੋਗਰਾਮ ਦੌਰਾਨ ਸਹਿਯੋਗ ਦੇਣ ਅਤੇ ਵਧੇਰੇ ਜਾਣਕਾਰੀ ਲਈ ਪਰਮਜੀਤ ਧਾਲੀਵਾਲ (559) 351-9465, ਊਦੈਦੀਪ ਸਿੰਘਾਂ ਸੱਧੂ (559) 355-4065 ਜਾਂ ਗੁਰਦੀਪ ਸ਼ੇਰਗਿੱਲ (569) 349-1481 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਚਾਹ-ਪਾਣੀ, ਪਕੌੜੇ, ਤਾਜਾ ਜਲੇਬੀਆਂ ਆਦਿਕ ਦੇ ਲੰਗਰਾਂ ਦਾ ਖੁੱਲਾ ਪ੍ਰਬੰਧ ਹੋਵੇਗਾ। ਸਮੁੱਚੇ ਭਾਈਚਾਰੇ ਨੂੰ ਪ੍ਰਬੰਧਕਾਂ ਵੱਲੋਂ ਇਸ ਪਿਕਨਿਕ ਵਿੱਚ ਸਾਮਲ ਹੋਣ ਲਈ ਖੁੱਲਾ ਸੱਦਾ ਦਿੱਤਾ ਜਾਂਦਾ ਹੈ।

## ਸ਼ੋਕ ਸਮਾਚਾਰ

# ਸ. ਦਿਲਬਾਗ ਸਿੰਘ ਢਿੱਲੋਂ ਨਹੀ ਰਹੇ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸਿੱਖ ਆਗੂ ਅਤੇ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਕੈਲੀਫੋਰਨੀਆ ਦੇ ਪ੍ਰਧਾਨ ਸ.ਬਲਬੀਰ ਸਿੰਘ ਢਿੱਲੋਂ ਦੇ ਪਿਤਾ ਸ. ਦਿਲਬਾਗ ਸਿੰਘ ਢਿੱਲੋਂ ਵਾਹਿਗੁਰੂ ਜੀ ਵਲੋਂ ਦਿੱਤੀ ਸਾਹਾ ਦੀ ਪੂੰਜੀ ਭੋਗ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜ਼ੇ ਸਵਰਗਵਾਸੀ ਸ. ਦਿਲਬਾਗ ਸਿੰਘ ਢਿੱਲੋਂ ਰਾਮ ਸਿੰਘ ਢਿੱਲੋਂ ਦੇ ਸਭ ਤੋਂ ਛੋਟੇ ਭਰਾ ਅਤੇ ਸਪੁੱਤਰ ਸਵਰਗੀ ਗੇਂਦਾ ਸਿੰਘ ਢਿੱਲੋਂ ਅਤੇ ਸਵਰਗੀ ਮਾਤਾ ਗੁਰਬਚਨ ਕੌਰ ਢਿੱਲੋਂ ਅਤੇ ਸਵਰਗੀ ਹਰਨਾਮ ਸਿੰਘ ਢਿੱਲੋਂ ਅਤੇ ਸਵਰਗੀ ਮਾਤਾ ਧਨ ਕੌਰ ਢਿੱਲੋਂ ਦੇ ਪੋਤਰੇ ਅਤੇ ਸ਼ਹੀਦ ਨਨਕਾਣਾ ਸਾਹਿਬ ਸ.ਸੋਹਨ ਸਿੰਘ ਢਿੱਲੋਂ ਦੇ ਪੜਪੋਤੇ ਦਾ ਦੇਹਾਂਤ 4 ਫਰਵਰੀ 2018 ਨੂੰ ਸਵੇਰੇ 7.50 ਵਜੇ ਹੋਇਆ। ਉਨ੍ਹਾਂ ਦਾ ਜਨਮ 5 ਮਈ 1930 ਨੂੰ ਪਿੰਡ ਧੰਨੂਆਣਾ, ਚੱਕ 91, ਲਾਇਲਪੁਰ, ਭਾਰਤ, ਹੁਣ ਪਾਕਿਸਤਾਨ 'ਚ ਹੋਇਆ। ਉਹ ਪੂਰੀ ਤਰ੍ਹਾਂ ਨਾਲ ਸਿੱਖੀ ਸਰੂਪ ਨੂੰ ਸਮਰਪਿਤ ਸਨ ਅਤੇ ਸਿੱਖੀ ਲਈ ਜਿਊਂਦੇ ਸਨ ਅਤੇ ਉਨ੍ਹਾਂ ਨੇ ਆਪਣੇ ਜੀਵਨ ਦੀ ਸ਼ੁਰੂਆਤ ਤੋਂ ਹੀ ਸਖਤ ਮਿਹਨਤ ਨਾਲ ਅੱਗੇ ਵਧਣਾ ਜਾਰੀ ਰੱਖਿਆ। ਉਨ੍ਹਾਂ ਦਾ ਵਿਆਹ ਮਹਿੰਦਰ ਕੌਰ ਨਾਲ ਹੋਇਆ ਪੁੱਤਰੀ ਸਵਰਗੀ ਸ.ਨੰਦ ਸਿੰਘ ਸੈਕਰਾਮੈਂਟੋ ਵੈਲੀ 'ਚ ਵਸਿਆ ਹੋਇਆ ਅਤੇ ਚੱਠਾ ਪਰਿਵਾਰ ਇੰਗਲੈਂਡ 'ਚ ਵਸਿਆ ਹੋਇਆ ਹੈ। ਸ. ਦਿਲਬਾਗ ਸਿੰਘ ਪੱਕੇ ਤੌਰ 'ਤੇ ਮਾਰਚ 1992 ਤੋਂ ਅਮਰੀਕਾ 'ਚ ਰਹਿ ਰਹੇ ਸਨ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ 'ਚ ਵੀ ਸੇਵਾ ਦਾ ਕੰਮ ਜਾਰੀ ਰੱਖਿਆ। ਸਵਰਗਵਾਸੀ ਸ.ਦਿਲਬਾਗ ਸਿੰਘ ਢਿੱਲੋਂ ਦਾ ਅੰਤਿਮ ਸੰਸਕਾਰ ਸੈਕਰਾਮੈਂਟੋ ਵਿਖੇ ਕੀਤਾ ਗਿਆ



# ਸ. ਪ੍ਰੀਤਮ ਸਿੰਘ ਮਾਨ ਦੇ ਅਕਾਲ ਚਲਾਣੇ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਬੀਤੇ ਦਿਨੀ ਕਰਮਨ ਨਿਵਾਸੀ ਸ. ਪ੍ਰੀਤਮ ਸਿੰਘ ਮਾਨ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 15 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ ਸਨ। ਇੰਨ੍ਹਾਂ ਦੀ ਉਮਰ 67 ਸਾਲ ਸੀ ਅਤੇ ਪਿਛਲਾ ਪਿੰਡ ਚੌਕੀਮਾਨ, ਜਿਲ੍ਹਾ ਲੁਧਿਆਣਾ ਸੀ। ਉਹ ਪੰਜਾਬ ਤੋਂ ਆ ਕੁਝ ਸਮਾਂ ਸਨਵਾਕੀਨ ਵਿਖੇ ਰਹੇ ਅਤੇ ਬਾਅਦ ਵਿੱਚ ਕਰਮਨ ਸ਼ਹਿਰ ਵਿਖੇ ਆ ਵਸੇ। ਸੋ ਇਹ ਪਿਛਲੇ 41 ਸਾਲਾ ਤੋਂ ਅਮਰੀਕਾ ਰਹਿ ਰਹੇ ਸਨ। ਇਹ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਹਰ ਸਮੇਂ ਸਮਾਜਿਕ ਅਤੇ ਭਾਈਚਾਰਿਕ ਕਾਰਜਾਂ ਵਿੱਚ ਵੱਧ-ਚੜਕੇ ਹਿੱਸਾ ਲੈਂਦੇ ਸਨ। ਇਨ੍ਹਾਂ ਦਾ ਅੰਤਿਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸਮ 23 ਫਰਵਰੀ 2018, ਦਿਨ ਸ਼ੁੱਕਰਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ'' ਵਿਖੇ 11 ਵਜੇ ਤੋਂ 2 ਵਜੇ ਹੋਵੇਗੀ। ਜਿਸ ਦਾ ਪਤਾ: 48695 Main St., San Joaquin, CA-93660 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ "ਗੁਰੂ ਨਾਨਕ ਸਿੱਖ ਟੈਂਪਲ'' ਸਨਵਾਕੀਨ ਵਿਖੇ 2:30 ਵਜੇ ਤੋਂ 4 ਵਜ਼ੇ ਤੱਕ ਹੋਵੇਗੀ। ਗੁਰੂ ਘਰ ਦਾ ਪਤਾ: 8695 Main St[, San Joaquin, CA-93660 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਸੰਜੀਵ ਸਿੰਘ ਮਾਨ (559) 473-8724 ਜਾਂ ਨਵਜੀਤ ਸਿੰਘ ਮਾਨ (559) 790-1372 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਸਵਰਗਵਾਸੀ ਸ. ਪ੍ਰੀਤਮ ਸਿੰਘ ਮਾਨ

# ਫਲੋਰੀਡਾ ਸਕੂਲ ਗੋਲੀਬਾਰੀ ਦੌਰਾਨ ਭਾਰਤੀ ਅਮਰੀਕੀ ਅਧਿਆਪਕਾ ਨੇ ਇਕ ਸਮੁੱਚੀ ਕਲਾਸਰੂਮ ਨੂੰ ਬਚਾਇਆ

**ਫਲੋਰੀਡਾ, (ਹੁਸਨ ਲੜੋਆ ਬੰਗਾ)–**ਬੀਤੇ ਦਿਨੀ ਫਲੋਰੀਡਾ ਦੇ ਡਗਲਸ ਹਾਈ ਸਕੂਲ ਵਿਚ ਹੋਈ ਭਿਆਨਕ ਗੋਲੀਬਾਰੀ ਦੌਰਾਨ ਇਕ ਭਾਰਤੀ ਅਮਰੀਕੀ ਅਲਜੈਬਰਾ ਅਧਿਆਪਕਾ ਨੇ ਬਹਾਦਰੀ ਦੀ ਮਿਸਾਲ ਪੇਸ਼ ਕਰਦਿਆਂ ਆਪਣੇ ਵਿਦਿਆਰਥੀਆਂ ਨੂੰ ਬਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਦੋਂ ਸਮੁੱਚੇ ਸਕੂਲ ਵਿਚ ਗੋਲੀਆਂ ਦਾ ਮੀਹ ਵਰ ਰਿਹਾ ਸੀ। ਸ਼ਾਂਤਾ ਵਿਸ਼ਵਨਾਥਨ ਜਿਸ ਨੂੰ ਉਸ ਦੇ ਵਿਦਿਆਰਥੀ ਮਿਸਜ਼ ਵੀ ਕਹਿ ਕੇ ਬੁਲਾਉਂਦੇ ਸਨ ਨੂੰ 14 ਫਰਵਰੀ ਵਾਲੇ ਦਿਨ, ਜਿਸ ਦਿਨ ਇਕ ਹਮਲਾਵਰ ਸਕੂਲ ਵਿਚ ਦਾਖਲ ਹੋ ਕੇ 17 ਲੋਕਾਂ ਨੂੰ ਗੋਲੀਆਂ ਨਾਲ ਭੁੰਨ ਗਿਆ ਸੀ, ਜਦੋਂ ਦੂਜੀ ਵਾਰੀ ਫਾਇਰ ਅਲਾਰਮ ਵਜਿਆ ਤਾਂ ਕੁਝ ਅਣਹੋਣੀ ਦਾ ਅਹਿਸਾਸ ਹੋਇਆ । ਵਿਦਿਆਰਥੀਆਂ ਦੀ ਕਲਾਸ ਲਗਾ ਰਹੀ ਉਕਤ ਅਧਿਆਪਕਾ ਨੇ ਵਿਦਿਆਰਥੀਆਂ ਨੂੰ ਬਾਹਰ ਭੇਜਣ ਦੀ ਬਜਾਏ ਕਲਾਸਰੂਮ ਦਾ ਦਰਵਾਜਾ ਬੰਦ ਕਰ ਦਿੱਤਾ ਅਤੇ ਬਚਿਆਂ ਨੂੰ ਕਿਹਾ ਕਿ ਕਮਰੇ ਦੇ ਖੂੰਝੇ ਜਾ ਕੇ ਫਰਸ਼ 'ਤੇ ਲੰਮੇ ਪੈ ਜਾਓ। ਇਸ ਵਾਰਦਾਤ ਵਿਚ ਬਚੇ ਇਕ ਬੱਚੇ ਦੀ ਮਾਂ ਨੇ ਦਸਿਆ ਕਿ ਵਿਸ਼ਵਨਾਥਨ ਕਾਰਨ ਅੱਜ ਉਸ ਦਾ ਬੱਚਾ ਤੇ ਹੋਰ ਬੱਚੇ ਬਚ ਸਕੇ ਹਨ। ਉਸ ਨੇ ਦਸਿਆ ਕਿ ਉਕਤ ਅਧਿਆਪਕਾ ਨੇ ਤਾਂ ਪੁਲਿਸ ਦੀ ਸਵੈਟ ਟੀਮ ਦੇ ਮੈਂਬਰਾਂ ਲਈ ਕਮਰੇ ਦਾ ਦਰਵਾਜਾ ਖੋਲਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਸਵੈਟ ਟੀਮ ਨੂੰ ਕਿਹਾ ਕਿ ਦਰਵਾਜਾ ਤੋੜ ਲਵੋ ਜਾਂ ਫਿਰ ਕਿਸੇ ਚਾਬੀ ਨਾਲ ਖੋਲ ਲਵੋ। ਇਸ 'ਤੇ ਸਵੈਟ ਟੀਮ ਨੇ ਦਰਵਾਜਾ ਤੋੜ ਕੇ ਬੱਚਿਆਂ ਨੂੰ ਬਾਹਰ ਕਢਿਆ ਸੀ।

ਦੇਸ਼ ਦੁਆਬਾ

# ਬੈਂਕ ਘੁਟਾਲਿਆਂ ਦਾ ਸੱਚ

ਬੈਂਕਿੰਗ ਵਿਵਸਥਾ ਵਿਚ ਪੰਜਾਬ ਨੇ ਕਈ ਪ੍ਰਾਪਤੀਆਂ ਕੀਤੀਆਂ ਹਨ। ਪੰਜਾਬ ਤੋਂ ਹੀ ਚੱਲ ਕੇ ਪੰਜਾਬ ਨੈਸ਼ਨਲ ਬੈਂਕ, ਸਟੇਟ ਬੈਂਕ ਆਫ ਪਟਿਆਲਾ, ਬੈਂਕ ਆਫ ਪੰਜਾਬ, ਪੰਜਾਬ ਐਂਡ ਸਿੰਧ ਬੈਂਕ ਨੇ ਕੌਮੀ ਪੱਧਰ ਤੇ ਆਪਣੇ ਅਦਾਰਿਆਂ ਨੂੰ ਫੈਲਾਇਆ ਹੈ। ਪਰ ਹਾਲ ਹੀ ਵਿਚ ਪੰਜਾਬ ਨੈਸ਼ਨਲ ਬੈਂਕ ਵਿਚ ਘੁਟਾਲੇ ਦੀ ਖਬਰ ਨੇ ਪੰਜਾਬੀਆਂ ਨੂੰ ਸ਼ਰਮਸਾਰ ਕੀਤਾ ਹੈ।ਭਾਰਤ ਦੇ ਸਿਆਸਤਦਾਨ ਪੰਜਾਬ ਨੈਸ਼ਨਲ ਬੈਂਕ (ਪੀ. ਐਨ. ਬੀ.) ਦੇ ਘੁਟਾਲੇ ਨੂੰ ਲੈ ਕੇ ਆਪਸ ਵਿਚ ਉਲਝੇ ਹੋਏ ਹਨ। ਸਿਆਸੀ ਪਾਰਟੀਆ ਵੱਲੋਂ ਇਕ-ਦੂਜੇ 'ਤੇ ਦੂਸ਼ਣਬਾਜ਼ੀ ਅਤੇ ਇਲਜ਼ਾਮ ਲਗਾਏ ਜਾ ਰਹੇ ਹਨ ਅਤੇ ਸਿਆਸੀ ਫਾਇਦਾ ਲੈਣ ਦੀ ਕੋਸ਼ਿਸ਼ ਹੋ ਰਹੀ ਹੈ ਪਰ ਅਸਲ ਵਿਚ ਇਸ ਘਪਲੇ ਦੇ ਕਾਰਨ ਕੁਝ ਹੋਰ ਹਨ। ਪਹਿਲਾਂ ਵੀ ਬੈਂਕਾਂ ਵਿਚ ਕਈ ਘਪਲੇ-ਘੁਟਾਲੇ ਹੋਏ ਹਨ। ਨੋਟਬੰਦੀ ਦਰਮਿਆਨ ਵੀ ਕਈ ਬੈਂਕਾਂ ਨੇ ਕਾਲਾ ਧਨ ਸਫੈਦ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਇਹ ਭਾਰਤ ਦੀ ਬੈਂਕਿੰਗ ਵਿਵਸਥਾ ਦਾ ਸਭ ਤੋਂ ਵੱਡਾ ਘੁਟਾਲਾ ਹੈ ਅਤੇ ਅਗਲੇ ਸਾਲ ਲੋਕ ਸਭਾ ਚੋਣਾਂ ਹੋਣ ਕਾਰਨ ਇਹ ਸਿਆਸਤ ਵਿਚ ਜ਼ਿਆਦਾ ਚਰਚਾ ਦਾ ਵਿਸ਼ਾ ਹੈ। 2016 ਵਿਚ ਉਦਯੋਗਪਤੀ ਵਿਜੇ ਮਾਲਿਆ 9500 ਕਰੋੜ ਦਾ ਕਰਜਾ ਖਾ ਕੇ ਵਿਦੇਸ਼ ਫਰਾਰ ਹੋ ਗਿਆ ਸੀ। ਵਿਨਸਮ ਡਾਇਮੰਡਜ਼ ਖਿਲਾਫ 7 ਹਜ਼ਾਰ ਕਰੋੜ ਦੀਆਂ ਗੜਬੜੀਆਂ ਦੇ ਕੇਸ ਚੱਲ ਰਹੇ ਹਨ। ਕਲਕੱਤਾ ਦੇ ਉਦਯੋਗਪਤੀ ਨੀਲੇਸ਼ ਪਾਰਿਖ ਨੇ 2223 ਕਰੋੜ ਦਾ ਘੁਟਾਲਾ ਕੀਤਾ, ਜੋ ਹੁਣ ਜੇਲ੍ਹਵਿਚ ਹੈ। 2015 ਵਿਚ ਚਾਰ ਲੋਕਾਂ ਨੇ ਫਰਾਡ ਕਰਦਿਆਂ 1000 ਕਰੋੜ ਦਾ ਘੁਟਾਲਾ ਕੀਤਾ। 2015 ਵਿਚ ਫਾਰਨ ਐਕਸਚੇਂਜ ਘੁਟਾਲਾ ਹੋਇਆ ਅਤੇ 6000 ਕਰੋੜ ਰੁਪਏ ਖਾ ਗਏ। ਇਸ ਵਿਚ ਕਈ ਬੈਂਕ ਮੁਲਾਜ਼ਮ ਸ਼ਾਮਲ ਹਨ। ਪੀ. ਐਨ. ਬੀ. ਦੇ 11 ਹਜ਼ਾਰ 400 ਕਰੋੜ ਦੇ ਘੁਟਾਲੇ ਦਾ ਪੈਸਾ 200 ਨਕਲੀ ਕੰਪਨੀਆਂ ਅਤੇ ਬੇਨਾਮੀ ਜਾਇਦਾਦਾਂ ਵਿਚ ਲੱਗ ਸਕਦੇ ਹਨ।

ਆਖਿਰ ਅਜਿਹੇ ਘਪਲੇ ਕਿਉਂ ਹੁੰਦੇ ਹਨ? ਇਸ ਦੇ ਕਈ ਕਾਰਨ ਹਨ। ਪਹਿਲਾ ਕਾਰਨ ਤਾਂ ਇਹ ਹੈ ਕਿ ਸਰਕਾਰਾਂ ਨੂੰ ਉਦਯੋਗਿਕ ਇਕਾਈਆਂ ਦੀ ਭੁੱਖ ਹੁੰਦੀ ਹੈ। ਇਸ ਨਾਲ ਰੁਜ਼ਗਾਰ ਵਧਦਾ ਹੈ। ਇਸ ਕਰਕੇ ਸਰਕਾਰਾਂ ਉਦਯੋਗਪਤੀਆਂ ਨੂੰ ਆਸਾਨੀ ਨਾਲ ਕਰਜ਼ਾ ਪ੍ਰਾਪਤ ਕਰਨ ਲਈ ਕਾਫੀ ਛੋਟਾਂ ਦੇ ਦਿੰਦੀਆਂ ਹਨ, ਜਦਕਿ ਆਮ ਆਦਮੀ ਨੂੰ ਮਾਮੂਲੀ ਜਿਹਾ ਕਰਜ਼ਾ ਵੀ ਬਹੁਤ ਮੁਸ਼ਕਿਲ ਨਾਲ ਮਿਲਦਾ ਹੈ। ਦੂਜਾ ਕਾਰੋਬਾਰੀ ਬੈਂਕਾਂ ਦੀਆਂ ਗਰੰਟੀਆਂ ਉਤੇ ਬਹੁਤ ਵੱਡੇ-ਵੱਡੇ ਸੌਦੇ ਕਰ ਲੈਂਦੇ ਹਨ। ਬੈਂਕ ਗਰੰਟੀ ਦਿੰਦੇ ਹਨ ਪਰ ਬੈਂਕ ਦੇ ਕੋਲ ਦਿੱਤੀ ਜਾਣ ਵਾਲੀ ਗਰੰਟੀ ਤੋਂ ਜ਼ਿਆਦਾ ਖੁਦ ਦੇ ਪੈਸੇ ਦੀ ਗਰੰਟੀ ਹੋਣੀ ਲਾਜ਼ਮੀ ਹੈ। ਪਰ ਅਜਿਹਾ ਕਈ ਵਾਰ ਅਣਦੇਖਿਆ ਕੀਤਾ ਜਾਂਦਾ ਹੈ। ਬੈਂਕਾਂ ਦੇ ਕਰਮਚਾਰੀਆਂ ਨਾਲ ਮਿਲ ਕੇ ਵਪਾਰੀ ਵੱਡੀਆਂ ਗਰੰਟੀਆਂ ਹਾਸਲ ਕਰ ਲੈਂਦੇ ਹਨ ਅਤੇ ਜਦੋਂ ਪੈਸਾ ਡੁੱਬਦਾ ਹੈ ਤਾਂ ਇਸ ਦਾ ਸਾਰਾ ਜ਼ਿੰਮਾ ਬੈਂਕ ਦੇ ਸਿਰ ਆ ਜਾਂਦਾ ਹੈ। ਕਾਰੋਬਾਰ ਦੇ ਰਵਾਇਤੀ ਤਰੀਕੇ ਅੱਜ ਵੀ ਜਾਰੀ ਹਨ, ਬੇਸ਼ੱਕ ਅੱਜ ਦੀ ਵਿੱਤੀ ਵਿਵਸਥਾ ਪੂਰੀ ਤਰ੍ਹਾਂ ਬਦਲ ਗਈ ਹੈ। ਹੁਣ ਵੀ ਭਾਰਤ ਵਿਚ ਰਵਾਇਤੀ 'ਹੁੰਡੀ' ਵਿਚ ਕਾਰੋਬਾਰ ਹੁੰਦਾ ਹੈ। ਜਦੋਂ ਕਿ ਇਹ ਵਿਵਸਥਾ ਹੁਣ ਬਿਲਕੁਲ ਗਾਇਬ ਹੋ ਗਈ ਹੈ। ਬੈਂਕਾਂ ਵਿਚ ਇਹ ਕਿਵੇਂ ਹੁੰਦਾ ਹੈ, ਇਸ ਲਈ ਬੈਂਕ ਦੇ ਇਕ ਛੋਟੇ ਕਰਮਚਾਰੀ ਤੋਂ ਲੈ ਕੇ ਚੇਅਰਮੈਨ ਤੱਕ ਜ਼ਿੰਮੇਵਾਰ ਹੁੰਦਾ ਹੈ। ਪਰ ਬੈਂਕ ਦੇ ਵੱਡੇ ਅਧਿਕਾਰੀਆਂ ਨੂੰ ਹੱਥ ਪਾਉਣ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਇਕ ਬੈਂਕ ਦਾ ਕਲਰਕ ਜਾਂ ਕੈਸ਼ੀਅਰ ਕਿਸ ਤਰ੍ਹਾਂ ਘਪਲਾ ਕਰ ਸਕਦਾ ਹੈ, ਜਦੋਂ ਤੱਕ ਉਸ ਨੂੰ ਬੈਂਕ ਦੇ ਮੈਨੇਜਰ ਦੀ ਸ਼ਹਿ ਨਾ ਹੋਵੇ। ਬੈਂਕ ਦਾ ਮੈਨੇਜਰ ਵੀ ਘਪਲਾ ਨਹੀਂ ਕਰ ਸਕਦਾ, ਜਦੋਂ ਤੱਕ ਉਸਨੂੰ ਡਵੀਜ਼ਨਲ ਮੈਨੇਜਰ ਜਾਂ ਵੱਡੇ ਅਫਸਰ ਦੀ ਸ਼ਹਿ ਨਾ ਮਿਲੇ। ਇਸ ਕਰਕੇ ਛੋਟੇ ਕਰਮਚਾਰੀਆਂ ਦੇ ਸਿਰ ਤੇ ਠੀਕਰਾ ਭੰਨਣਾ ਬਿਲਕੁਲ ਗਲਤ ਹੈ, ਬਲਕਿ ਸਭ ਤੋਂ ਪਹਿਲਾਂ ਬੈਂਕਾਂ ਦੇ ਵੱਡੇ ਅਧਿਕਾਰੀਆਂ ਨੂੰ ਪਕੜਨਾ ਜ਼ਰੂਰੀ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-62

## ਗੁਰਬਾਣੀ ਚਾਨਣ ਵਿੱਚ ਸੰਜਮ ਕੀ ਹੈ



ਅਵਤਾਰ ਸਿੰਘ ਮਿਸ਼ਨਰੀ
510-432-5827

ਸ੍ਰੀ ਗੁਰੂ ਗ੍ਰੰਥ ਕੋਸ਼ ਦੇ ਕਰਤਾ ਡਾ. ਗੁਰਚਰਨ ਸਿੰਘ ਅਤੇ ਭਾਈ ਕਾਹਨ ਸਿੰਘ ਅਨੁਸਾਰ-ਸੰਜਮ, ਸੰਜਮੁ, ਸੰਜਮਿ, ਸੰਜਮੀ, ਸੰਜਮੇ ਅਤੇ ਸੰਜਮੋ ਆਦਿਕ ਰੂਪਾ ਚ ਇਹ ਲਫਜ਼ ਆਉਂਦਾ ਹੈ।ਜਿਸ ਦੇ ਮੁੱਖ ਅਰਥ ਤਾਂ ਆਪਣੇ ਆਪ ਨੂੰ ਕਾਬੂ ਚ ਰੱਖਣਾ ਹੈ। ਠੇਠ ਪੰਜਾਬੀ ਚ ਜੁਗਤ ਅਤੇ ਦੂਜੇ ਨੂੰ ਪੀੜਾ ਦੇਣ ਤੋਂ ਰੁਕਣਾ(ਫਲਾਨਾ ਤਾਂ ਸੰਜਮ ਵਰਤ ਗਿਆ) ਹਨ।

ਸੰਜਮ-ਚੰਗੀ ਤਰ੍ਹਾਂ ਬੰਨਣ ਦੀ ਕਿਰਿਆ, ਮਨ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕਣ ਦੇ ਸਾਧਨ-ਜਪ ਤਪ ਸੰਜਮ ਪੂਰੀ ਵਡਿਆਈ॥(੧੯੬) ਜੋਗ ਦੀ ਇੱਕ ਕ੍ਰਿਆ-ਜਪ ਤਪ ਤੀਰਥ ਸੰਜਮ ਕਰੇ ਮੇਰੇ ਪ੍ਰਭ ਭਾਇਆ॥(੧੨੪੪) ਭਾਵ ਗੁਰੂ ਨੂੰ ਭਾ ਜਾਣਾ ਹੀ ਸਿੱਖ ਵਿੱਚ ਜਪ, ਤਪ ਅਤੇ ਸੰਜਮ ਹੈ। ਸੰਕੋਚ, ਕਿਰਸ-ਛਾਡਿ ਸਿਆਣਪ ਸੰਜਮ ਲਾਗੋ ਗੁਰ ਕੀ ਚਰਣੀ॥(੫੦੩) ਭਾਵ ਆਪਣੀ ਚਤੁਰਈ ਤੇ ਇੰਦ੍ਰੀਆਂ ਨੂੰ ਵੱਸ ਕਰਨ ਦੇ ਯਤਨ ਛੱਡ ਕੇ ਮੈ ਗੁਰ ਚਰਨੀ ਆ ਪਿਆ ਹਾਂ। ਪ੍ਰਹੇਜ਼, ਜ਼ਬਤ-ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ॥(੪੪੫) ਭਾਵ ਉਸ ਮਨੁੱਖ ਅੰਦਰ ਮਾਨੋ ਤ੍ਰੇਤਾ ਜੁੱਗ ਵਾਪਰਦਾ ਹੈ ਜਿਸ ਦੇ ਮਨ ਅੰਦਰ ਦੂਜਿਆ ਉੱਤੇ ਧੱਕਾ ਕਰਨਾ ਸੁਭਾਉ ਬਣ ਜਾਂਦਾ ਹੈ। ਉਹ ਮਨੁੱਖ ਪ੍ਰਭੂ ਸਿਮਰਨ ਭੁੱਲ ਕੇ, ਵੀਰਜ ਰੋਕਣਾ ਧਰਮ ਸਮਝ, ਇੰਦ੍ਰੀਆਂ ਨੂੰ ਵੱਸ ਕਰਨ ਵਾਲੇ ਕਰਮ ਹੀ ਕਮਾਂਦਾ ਹੈ। ਰੀਤਿ ਰਸਮ-ਸੰਜਮ ਤੁਰਕਾਂ ਭਾਈ॥ ਉਪਾਯ, ਯਤਨ-ਜਿਉ ਬੈਸੰਤਰੁ ਕਾਸਟ ਮਝਾਰਿ॥ ਬਿਨੁ ਸੰਜਮ ਨਹੀ ਕਾਰਜ ਸਾਰਿ॥(੫੫੩) ਕਾਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੈ ਬੈਨ॥(੬੭੪) ਚੰਗੇ ਜ਼ਬਤ (ਅਨੁਸ਼ਾਸਨ ਵਾਲੀ ਰਹਿਣੀ)-ਮਤਾ ਕਰਉ ਸੋ ਪਕਨਿ ਨ ਦੇਈ॥ ਸੀਲ ਸੰਜਮ ਕੈ ਨਿਕਟਿ ਖਲੋਈ॥ (੩੭੧) ਜੀਵਨ ਜੁਗਤ, ਰਹਿਣ ਦੇ ਢੰਗ ਨੂੰ ਵੀ ਸੰਜਮ ਆਖਦੇ ਹਨ।

ਸੰਜਮੁ-ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥(੧੨) ਭਾਵ ਜੀਵਨ ਚ ਸਦਗੁਣ ਧਾਰਨਾ ਧਰਮ ਨ ਰੱਖਿਆ। ਪ੍ਰਹੇਜਗਾਰੀ ਵਾਲੀ ਕਰਣੀ-ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸ॥(੨੬) ਢੰਗ, ਉਪਾਉ, ਇਲਾਜ-ਇਸ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣ ਸਤਿਗੁਰ ਕੀ ਸਰਣਾਇ॥(੫੫੯) ਜਬਤ ਵਾਲਾ ਜੀਵਨ-ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ॥(੩੯੬) ਜੀਵਨ ਜੁਗਤ, ਜੀਵਨ ਜਾਚ-ਅੰਤਰਿ ਪੂਜਾ ਪੜਹਿ ਕਤੇਬਾ, ਸੰਜਮੁ ਤੁਰਕਾਂ ਭਾਈ॥(੪੭੧) ਸੰਜਮਾਂ-ਤੀਰਥ ਵਰਤ ਲਖ ਸੰਜਮਾਂ ਪਾਈਐ ਸਾਧੂ ਧੂਰਿ॥(੪੯) ਸੰਜਮਿ-ਮਰਯਾਦਾ ਵਿੱਚ-ਸਤਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਿਣਾ॥(੨੫) ਢੰਗ, ਤਰੀਕਾ, ਜੁਗਤ-ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ॥(੩੯੪) ਯੋਗ ਦੀ ਇੱਕ ਕਿਰਿਆ (ਧਾਰਨਾ, ਧਿਆਨ ਤੇ ਸਮਾਧੀ)-ਬਹੁ ਸੰਜਮਿ ਧਾਤਿ ਨ ਪਾਵੈ ਕੋਇ॥(੧੧੭੫) ਸੰਜਮੀ-ਇੰਦ੍ਰਿਆਂ ਨੂੰ ਰੋਕਣ ਦੀ ਸਾਧਨਾ ਕਰਨ ਵਲਾ, ਰਹਿਣੀ ਵਾਲਾ-ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ॥(੨੯) ਸੰਜਮੇ-ਵਸੀਕਰਣ ਜਾਂ ਜ਼ਬਤ ਵਾਲਾ-ਪੂਰਨ ਸੰਜਮੇ ਹਾਂ॥(੪੧੦) ਸੰਜਮੋ-ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ॥(੨੫੬)

ਡਾ. ਹਰਜਿੰਦਰ ਸਿੰਘ ਦਿਲਗੀਰ ਅਨੁਸਾਰ-ਸਿੱਖ ਧਰਮ ਮੁਤਾਬਿਕ ਇੱਕ ਇਨਸਾਨ ਵਿੱਚ ਇੱਕ ਤੰਦਰੁਸਤ ਸ਼ਖਸ਼ੀਅਤ ਦੀ ਕਾਇਮੀ ਵਾਸਤੇ ਸਵੈ ਕਾਬੂ ਬਹੁਤ ਜਰੂਰੀ ਹੈ। ਆਪਣੇ ਆਪ ਨੂੰ ਬਹੁਤ ਜਿਆਦਾ ਦਬਾ ਕੇ ਰੱਖਣਾ (ਬੇਹੱਦ ਬੰਦਸ਼) ਅਤੇ ਹੱਦੋਂ ਵੱਧ ਸੰਤੁਸ਼ਟੀ(ਅਯਾਸ਼ੀ ਕਰਨਾ) ਦੋਹਾਂ ਨੂੰ ਉਲਾਰ ਆਖ ਕੇ ਰੱਦ ਕੀਤਾ ਗਿਆ ਹੈ। ਸਿੱਖ ਨੂੰ ਭੋਜਨ, ਕਾਮ ਆਦਿਕ ਕ੍ਰਿਆਵਾਂ ਕਰਨ ਵਿੱਚ ਸੰਜਮ ਰੱਖਣਾ ਚਾਹੀਦਾ ਹੈ।

ਸੰਜਮ ਤੋਂ ਮੁੱਖ ਭਾਵ ਤਾਂ ਸਵੈ ਕਾਬੂ ਹੀ ਹੈ। ਸਰੀਰਕ ਇੰਦਰਿਆਂ ਅਤੇ ਮਾਨਸਿਕ ਵਾਸ਼ਨਾਵਾਂ ਤੇ ਕਾਬੂ ਰੱਖਣਾ ਹੀ ਅਸਲ ਸੰਜਮ ਹੈ। ਦੂਜੇ ਪਾਸੇ ਵਿਹਲੜ ਸਾਧਾਂ, ਜੋਗੀਆਂ ਤੇ ਤਪੱਸੀ ਆਦਿਕਾਂ ਦਾ ਘਰ ਬਾਰ ਛੱਡ ਕੇ ਜੰਗਲੀ ਵਾਸ ਕਰਨਾ, ਵਰਤ ਰੱਖਣੇ ਅਤੇ ਸਰੀਰਕ ਕਿਰਿਆਵਾਂ ਰੋਕਣੀਆਂ ਸੰਜਮ ਨਹੀਂ ਸਗੋਂ ਮਨ ਹਠਤਾ, ਅਗਿਆਨਤਾ, ਵਿਖਾਵਾ ਅਤੇ ਹੰਕਾਰ ਹੈ ਕਿਉਂਕਿ ਮਨ ਕਰਕੇ ਵਾਸ਼ਨਾਵਾਂ ਨਾਲ ਹੀ ਲੈ ਗਿਆ-ਦੇਸੁ ਛੋਡਿ ਪਰਦੇਸਹਿ ਧਾਇਆ॥

ਪੰਚ ਚੰਡਾਲ ਨਾਲੇ ਲੈ ਆਇਆ॥(੧੩੪੮) ਰਹਿਤ ਰੱਖਣਾ (ਜ਼ਾਬਤੇ ਚ ਰਹਿਣਾ) ਹੀ ਸੰਜਮ ਹੈ। ਇਵੇਂ ਸਰੀਰਕ ਇੰਦਰੇ ਅਤੇ ਮਨ ਸੰਜਮ (ਕਾਬੂ ਚ) ਰਹਿੰਦਾ ਹੈ। ਇਹ ਰਹਿਤ (ਸੰਜਮ) ਗੁਰੂ ਗ੍ਰੰਥ ਸਾਹਿਬ ਵਿਖੇ ਥਾਂ ਥਾਂ ਦਰਸਾਈ ਗਈ ਹੈ। ਸਿੱਖ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਉੱਪਰ ਹੋਰ ਕੋਈ ਰਹਿਤ ਮਰਯਾਦਾ ਨਹੀਂ ਜੋ ਉਸ ਨੂੰ ਸੰਜਮ ਵਿੱਚ ਰੱਖ ਸਕਦੀ ਹੈ।

ਸਵੈ ਕਾਬੂ ਰੱਖਣ ਨਾਲ ਅਸੀਂ ਕਈ ਅਲਾਮਤਾਂ ਅਤੇ ਪਰੇਸ਼ਾਨੀਆਂ ਤੋਂ ਬਚ ਜਾਂਦੇ ਹਾਂ। ਜਿਵੇਂ ਘੋੜੇ ਨੂੰ ਲੁਗਾਮ ਅਤੇ ਗਧੇ ਨੂੰ ਛੱਟ (ਭਾਰ) ਦੇ ਸੰਜਮ ਚ ਰੱਖੀਦਾ ਹੈ ਇਵੇਂ ਹੀ ਸਰੀਰ ਅਤੇ ਮਨ ਨੂੰ ਗੁਰੂ ਗਿਆਨ ਦੀ ਲੁਗਾਮ ਅਤੇ ਸੰਸਾਰਕ ਜੁਮੇਵਾਰੀਆਂ ਦੀ ਛੱਟ ਦਾ ਸੰਜਮ ਅਤਿ ਜਰੂਰੀ ਹੈ।

## 21 ਫਰਵਰੀ ਨੂੰ ਸ਼ਹੀਦੀ ਜੋੜ ਮੇਲੇ 'ਤੇ ਵਿਸ਼ੇਸ਼


# ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਮੋਰਚਾ : ਜੈਤੋ ਦਾ ਮੋਰਚਾ



ਪ੍ਰਮੋਦ ਧੀਰ
91-98550-31081

ਫਰੀਦਕੋਟ ਜ਼ਿਲ੍ਹੇ ਦੇ ਇਤਿਹਾਸਕ ਸ਼ਹਿਰ ਜੈਤੋ ਦੀ ਸਿੱਖ ਇਤਿਹਾਸ 'ਚ ਬੜੀ ਅਹਿਮ ਥਾਂ ਹੈ। ਇਸ ਸ਼ਹਿਰ ਨੂੰ ਦਸਮ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਦੇਸ਼ ਦੇ ਆਜ਼ਾਦੀ ਸਮਾਗਮ 'ਚ ਇਥੋਂ ਦੇ ਦੇਸ਼ ਭਗਤਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ । ਇਸ ਥਾਂ ਦੀ ਇਤਿਹਾਸਕ ਮਹਾਨਤਾ ਇਸ ਕਰਕੇ ਹੀ ਵਧੇਰੇ ਹੈ ਕਿ ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਸਮਾਂ ਜਾਰੀ ਰਹਿਣ ਵਾਲਾ ਮੋਰਚਾ ਇਥੇ ਹੀ ਲੱਗਿਆ ਜਿਸ ਨੂੰ ਜੈਤੋ ਦਾ ਮੋਰਚਾ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

ਜੈਤੋ ਦਾ ਮੋਰਚਾ : ਜੈਤੋ ਦਾ ਮੋਰਚਾ ਪਟਿਆਲਾ ਅਤੇ ਨਾਭਾ ਰਿਆਸਤ ਦੇ ਬਾਹਰੀ ਝਗੜੇ ਵਜੋਂ ਹੋਂਦ ਵਿਚ ਆਇਆ, ਕਿਉਂਕਿ ਅੰਗਰੇਜ਼ ਹਕੂਮਤ ਪਹਿਲਾਂ ਹੀ ਇਸ ਤਾਕ ਵਿਚ ਸੀ ਕਿ ਨਾਭਾ ਰਿਆਸਤ ਦੇ ਮਹਾਰਾਜ ਰਿਪੂਦਮਨ ਸਿੰਘ ਦੇ ਵਿਰੁੱਧ ਕੋਈ ਕਾਰਵਾਈ ਕਰਕੇ ਉਸ ਨੂੰ ਅੰਗਰੇਜ਼ੀ ਹਕੂਮਤ ਦਾ ਪ੍ਰਭਾਵ ਕਬੂਲ ਕਰਨ ਲਈ ਮਜਬੂਰ ਕੀਤਾ ਜਾ ਸਕੇ। ਅੰ-ਗਰੇਜ਼ੀ ਹਕੂਮਤ ਨੇ ਦੋਹਾਂ ਰਿਆਸਤਾਂ ਦੇ ਵਿਚ-ਵਿਚਾਲੇ ਪੈ ਕੇ



ਹੁਸ਼ਿਆਰੀ ਨਾਲ ਦੋਹਾਂ ਮਹਾਰਾਜਿਆਂ ਪਾਸੋਂ ਫੈਸਲਾ ਕਰਨ ਦੇ ਹੱਕ ਪ੍ਰਾਪਤ ਕਰ ਲਏ। ਹਕੂਮਤ ਨੂੰ ਅਜਿਹਾ ਹੱਕ ਦੇਣਾ ਹੀ ਮਹਾਰਾਜਾ ਨੂੰ ਮਹਿੰਗਾ ਪਿਆ। ਸਰਕਾਰ ਨੇ ਝਗੜੇ ਦੀ ਆੜ ਹੇਠ 8 ਜੂਨ 1923 ਨੂੰ ਮਹਾਰਾਜ ਰਿਪੂਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਰਾਜਗੱਦੀ ਤੋਂ ਲਾਹ ਕੇ ਉਸ ਨੂੰ ਰਾਜ ਵਿਚੋਂ ਕੱਢ ਦਿੱਤਾ। ਇਸ ਹਕੂਮਤ ਵਿਚ ਸਿੱਖ ਜਗਤ 'ਚ ਬੇਹੱਦ ਸਤਿਕਾਰ ਹੋਣ ਕਰਕੇ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਇਸ ਦਾ ਸਖਤ ਵਿਰੋਧ ਕੀਤਾ ਗਿਆ ਅਤੇ ਮਹਾਰਾਜਾ ਨਾਭਾ ਪ੍ਰਤੀ ਹਮਦਰਦੀ ਦਾ ਮਤਾ 9 ਸਤੰਬਰ 1923 ਨੂੰ 'ਨਾਭਾ ਡੇ' ਮਨਾਉਣ ਦਾ ਐਲਾਨ ਕਰ ਦਿੱਤਾ। ਇਸ ਦਿਨ ਪੰਜਾਬ ਵਿਚ ਥਾਂ-ਥਾਂ 'ਤੇ ਜਲੂਸ ਕੱਢੇ ਗਏ ਅਤੇ ਮਹਾਰਾਜੇ ਦੀ ਬਹਾਲੀ ਲਈ ਮਤੇ ਪਾਸ ਕੀਤੇ ਗਏ। ਜੈਤੋ ਵਿਖੇ ਵੀ ਅਜਿਹਾ ਜਲੂਸ ਕੱਢਿਆ ਗਿਆ। ਜਲੂਸ ਦੀ ਸਮਾਪਤੀ 'ਤੇ ਦੀਵਾਨ ਸਜਾਇਆ ਗਿਆ ਅਤੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਅਖੰਡ ਪਾਠ ਦੀ ਲੜੀ ਆਰੰਭ ਕੀਤੀ ਗਈ।

ਦੂਜੇ ਪਾਸੇ ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੂਦਮਨ ਸਿੰਘ ਦੇ ਹੱਕ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਸਖਤ ਮਨਾਹੀ ਸੀ ਅਤੇ ਜੈਤੋ ਵਿਖੇ ਮਹਾਰਾਜੇ ਦੇ ਹੱਕ ਵਿਚ ਅਖੰਡ ਪਾਠਾਂ ਦੀ ਲੜੀ ਹਕੂਮਤੀ ਆਦੇਸ਼ਾਂ ਦੀ ਸਿੱਧੀ ਵਿਰੋਧਤਾ ਸੀ। ਇਸ ਕਰਕੇ 14 ਸਤੰਬਰ 1923 ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਾਹਿਬ ਸਜਿਆ ਹੋਇਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਚੱਲ ਰਹੇ ਸਨ ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦਾਖਲ ਹੋ ਕੇ ਉਥੇ ਹੀ ਇਕੱਤਰ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਚ ਬੈਠੇ ਗ੍ਰੰਥੀ ਸਿੰਘਾਂ ਨੂੰ ਬਾਹਰ ਕੱਢ ਲਿਆਂਦਾ। ਇਸ ਤਰ੍ਹਾਂ ਚੱਲ ਰਹੇ ਅਖੰਡ ਪਾਠਾਂ ਨੂੰ ਖੰਡਿਤ ਕਰ ਦਿੱਤਾ। ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖ ਧਰਮ ਲਈ ਬਹੁਤ ਹੀ ਅਸਹਿ ਘਟਨਾ ਸੀ, ਜਿਸ ਦਾ ਵੱਡੇ ਪੱਧਰ 'ਤੇ ਵਿਰੋਧ ਹੋਣ ਲੱਗਾ। ਇਸ ਘਟਨਾ ਨੇ ਮਹਾਰਾਜਾ ਨਾਭਾ ਦੇ ਰਾਜਸੀ ਸਵਾਲ ਨੂੰ ਸਿੱਖ ਧਰਮ ਦਾ ਸਵਾਲ ਬਣਾ ਦਿੱਤਾ ਤੇ ਜੈਤੋ ਵਿਖੇ ਸਿੱਖਾਂ ਨੇ ਇਹ ਮੋਰਚਾ ਆਰੰਭ ਕਰ ਦਿੱਤਾ। ਇਸ ਮੋਰਚੇ ਦਾ ਮੁੱਖ ਨਿਸ਼ਾਨਾ ਖੰਡਿਤ ਕੀਤੇ ਗਏ ਅਖੰਡ ਪਾਠਾਂ ਨੂੰ ਅਖੰਡ ਰੂਪ 'ਚ ਮੁੜ ਚਾਲੂ ਕਰਨਾ ਸੀ।

ਸਿੱਖ ਇਤਿਹਾਸ ਦਾ ਪ੍ਰਸਿੱਧ ਜੈਤੋ ਦਾ ਮੋਰਚਾ ਸਾਰੇ ਸਿੱਖ ਮੋਰਚਿਆਂ ਤੋਂ ਲੰਮਾਂ ਸਮਾਂ (ਪੌਣੇ ਦੋ ਸਾਲ ਤੋਂ ਵੀ ਵੱਧ) ਜਾਰੀ ਰਿਹਾ ਅਤੇ ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਨੂੰ 'ਗੁਰਦੁਆਰਾ ਐਕਟ' ਬਣਾਉਣ ਲਈ ਮਜ਼ਬੂਰ ਹੋਣਾ ਪਿਆ। ਇਸੇ ਐਕਟ ਦੇ ਅਧੀਨ ਹੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਸਰੂਪ ਹੋਂਦ ਵਿਚ ਆਇਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜੇ ਦੇ ਸਬੰਧ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ ਪੰਜਾਬ ਭਰ ਵਿਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜਾ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ਜੈਤੋ ਮੰਡੀ ਵਿਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ।

ਇਹ ਸਿੱਖ ਮਰਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਦੁਰਘਟਨਾ ਨੇ ਮਹਾਰਾਜਾ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਜੈਤੋ ਮੋਰਚੇ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿਚ ਚਾਲੂ ਕਰਨਾ ਸੀ। ਸਿੱਖਾਂ ਦੀ ਧਾਰਮਿਕ ਜੱਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਰੋਜ਼ਾਨਾ 25-25 ਸਿੰਘਾਂ ਦੇ ਜੱਥੇ ਜੈਤੋ ਵੱਲ ਭੇਜਣੇ ਸ਼ੁਰੂ ਕੀਤੇ। ਹਰ ਰੋਜ਼ ਇੱਕ

(ਬਾਕੀ ਸਫਾ 18 'ਤੇ)



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਿੱਖ ਡਰਾਈਵਰ 'ਤੇ ਪਿਸਤੌਲ ਤਾਣ ਕੇ ਨਸਲੀ ਟਿੱਪਣੀ ਕਰਨ ਵਾਲੇ ਦੀ ਹੋਈ ਪਛਾਣ ਪਰ ਕੋਈ ਗ੍ਰਿਫਤਾਰੀ ਨਹੀਂ

**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)–** ਬੀਤੇ ਦਿਨੀ ਨਸ਼ਰ ਹੋਈ ਇਕ ਨਸਲੀ ਮਾਮਲੇ ਵਿਚ ਇਕ ਸਿਖ ਡਰਾਈਵਰ 'ਤੇ ਪਿਸਤੌਲ ਤਾਣ ਕੇ ਨਸਲੀ ਟਿਪਣੀ ਕਰਨ ਵਾਲੇ ਦੀ ਪਛਾਣ ਹੋਈ ਗਈ ਪਰ ਅਜੇ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ। ਘਟਨਾ ਬੀਤੀ 28 ਜਨਵਰੀ ਦੀ ਹੈ ਜਦੋਂ ਉਬੇਰ ਦੇ ਇਕ ਸਿਖ ਡਰਾਈਵਰ 'ਤੇ ਮੋਲੀਨ ਇਲੀਨੋਇਸ ਵਿਚ ਉਸ ਦੇ ਹੀ ਇਕ ਪੈਸੇਂਜਰ ਨੇ ਪਿਸਤੌਲ ਤਾਣ ਦਿੱਤੀ ਗਈ ਸੀ ਤੇ ਉਸ 'ਤੇ ਨਸਲੀ ਟਿਪਣੀ ਕੀਤੀ ਗਈ ਸੀ। ਆਪਣੇ ਨਾਲ ਬੀਤੀ ਘਟਨਾ ਬਾਰੇ ਦਸਦਿਆਂ ਗੁਰਜੀਤ ਸਿੰਘ ਨੇ ਕਿਹਾ ਕਿ ਮੈਨੂੰ ਲੱਗਾ ਕਿ ਉਸ ਰਾਤ ਮੈਂ ਨਹੀਂ ਬਚ ਸਕਦਾ ਸੀ। ਇਲੀਨੋਇਸ ਗੁਰਦੁਆਰਾ ਸਾਹਿਬ ਵਿਚ ਗ੍ਰੰਥੀ ਦੀ ਸੇਵਾ ਨਿਭਾਅ ਰਹੇ ਗੁਰਜੀਤ ਸਿੰਘ ਪੂਰੀ ਤਰਾਂ ਸਾਬਤ ਸੂਰਤ ਸਿੱਖ ਹੈ। ਉਸ ਰਾਤ ਉਸ ਨੇ ਉਕਤ ਹਮਲਾਵਰ ਤੇ ਉਸ ਦੀ ਪਤਨੀ ਨੂੰ ਸਵਾਰੀ ਵਜੋਂ ਇਕ ਬਾਰ ਤੋਂ ਕਾਰ ਵਿਚ ਬਿਠਾਇਆ ਤੇ ਉਨ੍ਹਾਂ ਨੂੰ ਘਰ ਛੱਡਣ ਲਈ ਚਲ ਪਿਆ ਜੋ ਕਿ 5 ਮੀਲ ਦੂਰ ਸੀ। ਉਸ ਨੇ ਦਸਿਆ ਕਿ ਹਮਲਾਵਰ ਉਸ ਦੇ ਨਾਲ ਵਾਲੀ ਸੀਟ 'ਤੇ ਬੈਠ ਗਿਆ ਤੇ ਉਸ ਦੀ ਪਤਨੀ ਪਿਛਲੀ ਸੀਟ 'ਤੇ ਬੈਠ ਗਈ ਤੇ ਉਹ ਹਮਲਾਵਰ ਮੈਨੂੰ ਕਈ ਤਰਾਂ ਦੇ ਸਵਾਲ ਕਰਨ ਲਗ ਗਿਆ ਸੀ। ਇਨੇ ਨੂੰ ਗੁੱਸੇ ਵਿਚ ਆਏ ਉਕਤ ਹਮਲਾਵਰ ਨੇ ਉਸ 'ਤੇ ਪਿਸਤੌਲ ਤਾਣ ਦਿੱਤਾ ਤੇ ਕਈ ਤਰਾਂ ਦੀਆਂ ਟਿਪਣੀਆਂ ਕੀਤੀਆਂ। ਸਿੰਘ ਦੀ ਤਰਫੋਂ ਕੇਸ ਦੀ ਪੈਰਵਾਈ ਕਰ ਰਹੀ ਸਿਖ ਕੁਲੀਸ਼ਨ ਨੇ ਕਿਹਾ ਕਿ 3 ਹਫਤੇ ਦੇ ਬੀਤਣ ਦਾ ਬਾਅਦ ਵੀ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਤੇ ਨਾ ਹੀ ਨਫਰਤੀ ਹਿੰਸਾ ਦਾ ਕੇਸ ਦਰਜ ਕੀਤਾ ਗਿਆ ਹੈ ਜਿਸ ਕਾਰਨ ਗੁਰਜੀਤ ਸਿੰਘ ਦੀ ਜਾਨ ਨੂੰ ਖਤਰਾ ਹੋਰ ਵਧ ਗਿਆ ਹੈ।



# ਬਾਦਲਾਂ ਦੀਆਂ ਬੱਸ ਕੰਪਨੀਆਂ ਨੂੰ ਨੋਟਿਸ ਦੇਣ ਦੀ ਤਿਆਰੀ

**ਬਠਿੰਡਾ–** ਕੈਪਟਨ ਸਰਕਾਰ ਨੇ ਵੱਡੇ ਘਰਾਣਿਆਂ ਦੀਆਂ ਬੱਸਾਂ ਨੂੰ ਸੜਕਾਂ ਤੋਂ ਉਤਾਰਨ ਲਈ ਨੋਟਿਸ ਦੇਣ ਦੀ ਤਿਆਰੀ ਵਿੱਢ ਦਿੱਤੀ ਹੈ। ਵੱਡਾ ਝਟਕਾ ਬਾਦਲ ਪਰਿਵਾਰ ਦੀ ਬੱਸ ਕੰਪਨੀ ਨੂੰ ਲੱਗੇਗਾ। ਬਾਦਲਾਂ ਦੀਆਂ ਕਰੀਬ ਦੋ ਦਰਜਨ ਮਰਸਿਡੀਜ਼ ਬੱਸਾਂ ਨੂੰ ਬਰੇਕਾਂ ਲੱਗਣ ਦੀ ਸੰਭਾਵਨਾ ਬਣ ਗਈ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਮਗਰੋਂ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ 16 ਫਰਵਰੀ ਨੂੰ ਰਿਜ਼ਨਲ ਟਰਾਂਸਪੋਰਟ ਅਥਾਰਟੀਆਂ ਨੂੰ ਪੱਤਰ ਜਾਰੀ ਕੀਤਾ ਹੈ। ਪੱਤਰ ਵਿੱਚ ਹਦਾਇਤ ਕੀਤੀ ਗਈ ਹੈ ਕਿ ਹਾਈ ਕੋਰਟ ਦੇ ਹੁਕਮਾਂ ਮੁਤ–ਾਬਿਕ ਗ਼ੈਰਕਾਨੂੰਨੀ ਤੌਰ 'ਤੇ ਵਧਾਏ ਪਰਮਿਟਾਂ ਆਦਿ ਵਾਲੀਆਂ ਬੱਸ ਕੰਪਨੀਆਂ ਨੂੰ ਫੌਰੀ ਨੋਟਿਸ ਜਾਰੀ ਕੀਤੇ ਜਾਣ ਅਤੇ ਪਰਮਿਟ ਕੈਂਸਲ ਕੀਤੇ ਜਾਣ। ਪੰਜਾਬ ਸਰਕਾਰ ਵੱਲੋਂ ਨਵੀਂ ਟਰਾਂਸਪੋਰਟ ਨੀਤੀ ਬਣਾਈ ਜਾ ਰਹੀ ਹੈ ਅਤੇ ਭਲਕੇ ਹਾਈ ਕੋਰਟ ਵਿੱਚ ਇਸ ਮਾਮਲੇ ਦੀ ਤਰੀਕ ਵੀ ਹੈ। ਟਰਾਂਸਪੋਰਟ ਵਿਭਾਗ ਨੇ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਗ਼ੈਰਕਾਨੂੰਨੀ ਪਰਮਿਟਾਂ ਵਾਲੀਆਂ ਬੱਸਾਂ ਨੂੰ ਵੀ ਮੋਹਲਤ ਦੇਈ ਰੱਖੀ ਪਰ ਹੁਣ ਐਨ ਮੌਕੇ 'ਤੇ ਪੱਤਰ ਜਾਰੀ ਕਰ ਕੇ ਹਦਾਇਤ ਜਾਰੀ ਕਰ ਦਿੱਤੀ ਹੈ। ਜੋ ਬੱਸਾਂ ਅੰਤਰਰਾਜੀ ਰੂਟਾਂ 'ਤੇ ਚੱਲਦੀਆਂ ਹਨ, ਉਨ੍ਹਾਂ ਨੂੰ ਵੱਡੀ ਸੱਟ ਵੱਜੇਗੀ। ਸੂਤਰ ਦੱਸਦੇ ਹਨ ਇਸ ਨਾਲ ਕਿ 6200 ਤੋਂ ਜ਼ਿਆਦਾ ਪਰਮਿਟ ਪ੍ਰਭਾਵਿਤ ਹੋਣਗੇ। ਬਾਦਲ ਪਰਿਵਾਰ ਦੀ ਮਰਸੀਡੀਜ਼ ਬੱਸ ਸੇਵਾ ਚੰਡੀਗੜ੍ਹ ਅਤੇ ਗੰਗਾਨਗਰ ਤੱਕ ਹੈ, ਜਿਸਨੂੰ ਸਭ ਤੋਂ ਵੱਧ ਮਾਰ ਪਵੇਗੀ। ਵੇਰਵਿਆਂ ਅਨੁਸਾਰ ਬਾਦਲ ਪਰਿਵਾਰ ਦੀਆਂ ਬੱਸ ਕੰਪਨੀਆਂ ਕੋਲ ਕਰੀਬ 35 ਮਰਸਿਡੀਜ਼ ਬੱਸਾਂ ਹਨ ਜੋ ਬਠਿੰਡਾ ਚੰਡੀਗੜ੍ਹ, ਮਾਨਸਾ ਚੰਡੀਗੜ੍ਹ, ਅੰਮ੍ਰਿਤਸਰ ਚੰਡੀਗੜ੍ਹ, ਪਠਾਨਕੋਟ ਚੰਡੀਗੜ੍ਹ, ਫਾਜ਼ਿਲਕਾ ਚੰਡੀਗੜ੍ਹ ਤੇ ਅਬੋਹਰ ਗੰਗਾਨਗਰ ਆਦਿ ਰੂਟਾਂ 'ਤੇ ਚੱਲ ਰਹੀਆਂ ਹਨ। ਨਵੇਂ ਫ਼ੈਸਲੇ ਮੁਤਾਬਿਕ ਇਹ ਬੱਸਾਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਣਗੀਆਂ। ਇਸ ਤਰ੍ਹਾਂ ਬਾਦਲ ਪਰਿਵਾਰ ਦੀਆਂ ਬਠਿੰਡਾ ਲੁਧਿਆਣਾ ਅਤੇ ਬਠਿੰਡਾ ਪਟਿਆਲਾ ਰੂਟ ਤੇ ਕਰੀਬ 52 ਬੱਸਾਂ ਚੱਲਦੀਆਂ ਹਨ ਜਦਕਿ ਅਬੋਹਰ ਲੁਧਿਆਣਾ ਵਾਇਆ ਮੋਗਾ, ਅਬੋਹਰ ਜਲੰਧਰ ਵਾਇਆ ਮੋਗਾ ਰੂਟ ਤੇ ਕਰੀਬ 32 ਬੱਸਾਂ ਚੱਲਦੀਆਂ ਹਨ। ਇਨ੍ਹਾਂ ਬੱਸ ਕੰਪਨੀਆਂ ਵੱਲੋਂ ਪਰਮਿਟਾਂ ਦੀ ਲੰਬਾਈ ਵਿੱਚ ਵਾਰ ਵਾਰ ਵਾਧਾ ਕੀਤਾ ਗਿਆ ਹੈ ਜਿਸ ਨੂੰ ਅਦਾਲਤ ਨੇ ਗ਼ੈਰਕਾਨੂੰਨੀ ਦੱਸਿਆ ਹੈ। ਹਾਈ ਕੋਰਟ ਦੇ ਹੁਕਮ ਤਾਂ ਸਪੱਸ਼ਟ ਸਨ ਪਰ ਸਰਕਾਰ ਨੇ ਹੁਣ ਤੱਕ ਨਵੀਂ ਟਰਾਂਸਪੋਰਟ ਪਾਲਿਸੀ ਦਾ ਬਹਾਨਾ ਲਗਾਈ ਰੱਖਿਆ। ਸੂਤਰ ਦੱਸਦੇ ਹਨ ਕਿ ਹਾਈ ਕੋਰਟ ਦੇ ਹੁਕਮ ਏਨੇ ਸਪੱਸ਼ਟ ਹਨ ਕਿ ਸਰਕਾਰ ਚਾਹੇ ਤਾਂ ਫੌਰੀ ਗ਼ੈਰਕਾਨੂੰਨੀ ਪਰਮਿਟਾਂ ਆਦਿ ਵਾਲੀਆਂ ਬੱਸਾਂ ਨੂੰ ਬੰਦ ਕਰ ਸਕਦੀ ਹੈ। ਹਾਈ ਕੋਰਟ ਦੇ ਫ਼ੈਸਲੇ ਕਾਰਨ ਸਰਕਾਰ ਨੂੰ ਹੋਰ ਮੋਹਲਤ ਦੇਣੀ ਵੀ ਮੁਸ਼ਕਲ ਬਣੀ ਹੋਈ ਹੈ।

ਬਠਿੰਡਾ ਅਤੇ ਪਟਿਆਲਾ ਦੇ ਆਰਟੀਏ ਤੋਂ ਇਲਾਵਾ ਸਟੇਟ ਟਰਾਂਸਪੋਰਟ ਕਮਿਸ਼ਨਰ ਨੇ ਵਾਰ-ਵਾਰ ਸੰਪਰਕ ਕਰਨ ਦੇ ਬਾਵਜੂਦ ਫੋਨ ਨਹੀਂ ਚੁੱਕਿਆ। ਪਤਾ ਲੱਗਾ ਹੈ ਕਿ ਰਿਜ਼ਨਲ ਟਰਾਂਸਪੋਰਟ ਅਥਾਰਟੀਆਂ ਇਸ ਵੇਲੇ ਬਾਦਲ ਪਰਿਵਾਰ ਨੂੰ ਕਿਸੇ ਵੀ ਸੂਰਤ 'ਚ ਨਾਰਾਜ਼ ਨਹੀਂ ਕਰਨਾ ਚਾਹੁੰਦੀਆਂ ਹਨ, ਜਿਸ ਕਰਕੇ ਉਨ੍ਹਾਂ ਦੀ ਨੋਟਿਸ ਦੇਣ ਦੀ ਕਾਰਵਾਈ ਵੀ 'ਕੀੜੀ ਚਾਲ' ਚੱਲ ਰਹੀ ਹੈ। ਜਾਰੀ ਪੱਤਰ ਅਨੁਸਾਰ ਸਾਰੀਆਂ ਬੱਸ ਕੰਪਨੀਆਂ ਦੇ ਪਰਮਿਟ ਪ੍ਰਭਾਵਿਤ ਹੋਣੇ ਹਨ ਅਤੇ ਮਿੰਨੀ ਬੱਸ ਸੇਵਾ ਨੂੰ ਵੀ ਸੱਟ ਵੱਜਣੀ ਹੈ।

# ਕਮਲ ਹਾਸਨ ਦੀ ਪਾਰਟੀ ਦੇ ਗਠਨ ਮੌਕੇ ਮੌਜੂਦ ਹੋਣਗੇ ਕੇਜਰੀਵਾਲ

**ਨਵੀਂ ਦਿੱਲੀ–** ਸਾਬਕਾ ਫਿਲਮ ਅਦਾਕਾਰ ਕਮਲ ਹਾਸਨ ਵੱਲੋਂ ਬਣਾਈ ਜਾ ਰਹੀ ਸਿਆਸੀ ਪਾਰਟੀ ਸਬੰਧੀ ਮਦੁਰਾਇ ਵਿੱਚ ਹੋਣ ਵਾਲੇ ਸਮਾਗਮ ਵਿੱਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸ਼ਿਰਕਤ ਕਰਨਗੇ। ਇਹ ਸੂਚਨਾ ਅਦਾਕਾਰ ਕਮਲ ਹਸਨ ਦੇ ਨਜ਼ਦੀਕੀ ਸੂਤਰਾਂ ਵੱਲੋਂ ਇਥੇ ਦਿੱਤੀ ਗਈ। ਸ੍ਰੀ ਹਾਸਨ ਦੇ ਕਰੀਬੀ ਸੂਤਰਾਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਕੇਜਰੀਵਾਲ ਵੱਲੋਂ ਇਸ ਸਮਾਗਮ ਨੂੰ ਸੰਬੋਧਨ ਕਰਨ ਦੀ ਵੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਨੇ ਸਤੰਬਰ 2017 ਵਿੱਚ ਇਥੇ ਸ੍ਰੀ ਹਾਸਨ ਨਾਲ ਮੁਲਾਕਾਤ ਕੀਤੀ ਸੀ ਉਦੋਂ ਇਸ ਸਾਬਕਾ ਫਿਲਮ ਅਦਾਕਾਰ ਨੇ ਆਪਣੀ ਰਾਜਨੀਤਕ ਪਾਰੀ ਸ਼ੁਰੂ ਕਰਨ ਦੇ ਸੰਕੇਤ ਦਿੱਤੇ ਸਨ। ਇਕ ਟਵਿੱਟਰ ਪੋਸਟ ਅਨੁਸਾਰ ਸ੍ਰੀ ਹਾਸਨ ਮਦੁਰਾਇ ਵਿੱਚ ਹੋਣ ਵਾਲੇ ਸਮਾਗਮ ਵਿੱਚ ਮਹਿਮਾਨਾਂ ਦਾ ਸਵਾਗਤ ਕਰਨਗੇ। ਉਨ੍ਹਾਂ ਦਾ ਕਹਿਣਾ ਹੈ ਕਿ ਕੱਲ੍ਹ ਉਹ ਜ਼ਿੰਦਗੀ ਦੇ ਨਵੀਂ ਯਾਤਰਾ ਦੀ ਸ਼ੁਰੂਆਤ ਕਰਨ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਵੀ ਪਾਰਟੀ ਦਾ ਪਰਚਮ ਸ਼ਾਮ ਛੇ ਵਜੇ ਮਦੁਰਾਇ ਦੇ ਓਥਕਡਾਈ ਗਰਾਊਂਡ ਵਿੱਚ ਫਹਿਰਾਇਆ ਜਾਵੇਗਾ।



# ਧਰਤੀ ਜਾਂ ਸ਼ੁੱਕਰ ਗ੍ਰਹਿ ਨਾਲ ਟਕਰਾ ਸਕਦੀ ਹੈ ਪੁਲਾੜ 'ਚ ਭੇਜੀ ਕਾਰ

**ਟੋਰਾਂਟੋ–** ਪੁਲਾੜ ਵਿੱਚ ਭੇਜੀ ਗਈ ਏਲਨ ਮਸਕ ਦੀ ਕਾਰ ਧਰਤੀ ਜਾਂ ਸ਼ੁੱਕਰ ਗ੍ਰਹਿ ਨਾਲ ਟਕਰਾ ਜਾਵੇਗੀ। ਇਸ ਨੂੰ ਸਪੇਸ ਐਸਕ ਰਾਕੇਟ ਟੈਸਟ ਫਲਾਈਟ ਦੇ ਇਕ ਹਿੱਸੇ ਵਜੋਂ ਪੁਲਾੜ ਵਿੱਚ ਭੇਜਿਆ ਗਿਆ ਸੀ।

ਇਹ ਆਖ਼ਰ ਧਰਤੀ ਅਤੇ ਸ਼ੁਕਰ ਗ੍ਰਹਿ ਨਾਲ ਟਕਰਾ ਜਾਵੇਗੀ। ਟੋਰਾਂਟੋ ਯੂਨੀਵਰਸਿਟੀ ਦੇ ਸਹਿ ਪ੍ਰੋਫੈਸਰ ਹੈਨੋ ਰੀਨ ਦਾ ਕਹਿਣਾ ਹੈ ਕਿ ਇਸ ਨਾਲ ਘਬਰਾਉਣ ਦੀ ਲੋੜ ਨਹੀ ਹੈ ਕਿਉਂਕਿ ਇਹ ਅਗਲੇ ਦਸ ਲੱਖ ਸਾਲ ਵਿੱਚ ਵੀ ਬਹੁਤ ਘਟ ਹੋਣ ਦੀ ਸੰਭਾਵਨਾ ਹੈ। ਇਸ ਕਾਰ ਨੂੰ ਛੇ ਫਰਵਰੀ ਨੂੰ ਸਪੇਸ ਐਕਸ ਦੇ ਫਾਲਕਲ ਹੈਵੀ ਪ੍ਰੀਖਣ ਉਡਾਣ ਲਈ ਪੇਲੋਡ ਦੇ ਤੌਰ 'ਤੇ ਭੇਜਿਆ ਗਿਆ ਸੀ। ਪੇਲੋਡ ਪੁਲਾੜ ਜਹਾਜ਼ ਲਈ ਉਡਾਣ ਭਰਨ ਲਈ ਉਸ ਦੁਆਰਾ ਉਠਾਇਆ ਜਾਣ ਵਾਲਾ ਭਾਰ ਹੈ।



# ਮੋਦੀ ਨੇ ਮੁੜ ਅਲਾਪਿਆ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਰਾਗ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਥੇ ਆਪਣੀ ਸਰਕਾਰ ਵੱਲੋਂ ਪਿਛਲੇ ਪੂਰੇ ਸਾਲ ਦੇ ਬਜਟ ਨੂੰ ਕਿਸਾਨ ਪੱਖੀ ਕਰਾਰ ਦਿੰਦਿਆਂ ਤੇ ਕਿਸਾਨਾਂ ਦੇ ਹੱਕ ਵਿੱਚ ਲਏ ਫੈਸਲਿਆਂ ਦਾ ਗੁਣਗਾਨ ਕਰਦਿਆਂ ਕਿਹਾ ਕਿ ਵਧੇਰੇ ਖੇਤੀਬਾੜੀ ਕਰਜ਼ ਮਿਲਣ ਅਤੇ ਜਿਣਸ ਵੇਚਣ ਲਈ ਸੌਖਿਆਂ ਮੰਡੀਆਂ ਮਿਲਣੀਆਂ ਕਿਸਾਨਾਂ ਦੀ ਆਮਦਨ ਵਿੱਚ ਵਾਧੇ ਲਈ ਸਹਾਈ ਹੋਣਗੇ। ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਸਬੰਧੀ ਕਰਵਾਈ ਇੱਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਆਏ ਸੁਝਾਵਾਂ ਉੱਤੇ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ ਤੇ ਨੀਤੀ ਅਯੋਗ ਕਾਰਜ ਯੋਜਨਾ ਉਲੀਕ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮਹਿਰਾਂ ਦੇ ਸੁਝਾਅ ਦੀ ਹਰ ਪੱਧਰ ਉੱਤੇ ਸਰਕਾਰ ਵੱਲੋਂ ਵਿਚਾਰੇ ਜਾਣਗੇ ਅਤੇ ਕੁੱਝ ਨੂੰ ਘੱਟ ਮਿਆਦ ਦੇ ਲਈ ਸਰਕਾਰ ਲਾਗੂ ਕਰੇਗੀ ਅਤੇ ਬਾਕੀ ਦੀਆਂ ਯੋਜਨਾਵਾਂ ਬਾਅਦ ਵਿੱਚ ਲਾਗੂ ਕੀਤੀਆਂ ਜਾਣਗੀਆਂ। ਉਨ੍ਹਾਂ ਦੀ ਇੱਛਾ ਕਾਨਫਰੰਸ ਦੌਰਾਨ ਆਏ ਸੁਝਾਅ ਅੱਗੇ ਭੇਜਣ ਦੀ ਹੈ।



# ਚੀਨ ਨੇ ਭਾਰਤ ਨਾਲ ਲੱਗਦੀ ਸਰਹੱਦ 'ਤੇ ਹਵਾਈ ਰੱਖਿਆ ਮਜ਼ਬੂਤ ਕੀਤੀ

**ਪੇਈਚਿੰਗ–** 'ਭਾਰਤ ਵੱਲੋਂ ਕਿਸੇ ਵੀ ਖ਼ਤਰੇ ਦੇ ਟਾਕਰੇ' ਲਈ ਚੀਨ ਵੱਲੋਂ ਆਪਣੀ ਪੱਛਮੀ ਥੀਏਟਰ ਕਮਾਂਡ ਦੀ ਸੁਰੱਖਿਆ ਮਜ਼ਬੂਤ ਕੀਤੀ ਜਾ ਰਹੀ ਹੈ। ਇਹ ਗੱਲ ਇਕ ਸਲਾਮਤੀ ਮਾਹਿਰ ਦੇ ਹਵਾਲੇ ਨਾਲ ਚੀਨੀ ਸਰਕਾਰੀ ਮੀਡੀਆ ਨੇ ਆਖੀ ਹੈ। ਗ਼ੌਰਤਲਬ ਹੈ ਕਿ ਚੀਨ ਦੀ ਇਹ ਕਮਾਂਡ ਭਾਰਤ ਨਾਲ ਲੱਗਦੀ ਸਰਹੱਦ ਭਾਵ ਅਸਲ ਕੰਟਰੋਲ ਲਕੀਰ (ਐਲਏਸੀ) ਦੀ ਨਿਗਰਾਨੀ ਕਰਦੀ ਹੈ। ਚੀਨੀ ਫ਼ੌਜ ਨੇ ਇਸ ਦੇ ਨਾਲ ਹੀ ਪੱਛਮੀ ਚੀਨ ਦੇ ਉੱਚੇ ਪਠਾਰ 'ਚ ਉਡਦੇ ਹੋਏ ਆਪਣੇ ਜੰਗੀ ਜਹਾਜ਼ਾਂ ਦੀਆਂ ਤਸਵੀਰਾਂ ਵੀ ਨਸ਼ਰ ਕੀਤੀਆਂ ਹਨ। ਇਨ੍ਹਾਂ ਵਿੱਚ ਵੱਖ-ਵੱਖ ਕੰਮਾਂ ਲਈ ਵਰਤਿਆ ਜਾ ਸਕਣ ਵਾਲਾ ਹਲਕਾ ਜੇ-10 ਫਾਈਟਰ ਜੈੱਟ ਅਤੇ ਇਕ ਸੀਟ ਤੇ ਦੋ ਇੰਜਣਾਂ ਵਾਲਾ ਜੇ-11 ਫਾਈਟਰ ਜੈੱਟ ਸ਼ਾਮਲ ਹਨ। ਇਹ ਐਲਾਨ ਚੀਨ ਦੇ ਨਵੇਂ ਸਾਲ ਤੇ ਬਸੰਤ ਦੇ ਜਸ਼ਨਾਂ ਦੀਆਂ ਛੁੱਟੀਆਂ ਦੌਰਾਨ ਕੀਤਾ ਗਿਆ ਹੈ।

ਚੀਨੀ ਸਰਕਾਰੀ ਰੋਜ਼ਨਾਮਾ 'ਗਲੋਬਲ ਟਾਈਮਜ਼' ਮੁਤਾਬਕ ਇਨ੍ਹਾਂ ਜੰਗੀ ਜਹਾਜ਼ਾਂ ਨੂੰ ਚੀਨੀ ਫ਼ੌਜ ਦੀ ਪੱਛਮੀ ਥੀਏਟਰ ਕਮਾਂਡ ਤਹਿਤ ਹਵਾਈ ਫ਼ੌਜ ਦੀ ਇਕ ਹਵਾਬਾਜ਼ੀ ਬ੍ਰਿਗੇਡ ਨਾਲ ਜੋੜਿਆ ਗਿਆ ਹੈ। ਇਹ ਜਾਣਕਾਰੀ ਚੀਨੀ ਫ਼ੌਜ (ਪੀਪਲਜ਼ ਲਿਬਰੇਸ਼ਨ ਆਰਮੀ) ਦੀ ਵੈੱਬਸਾਈਟ ਉਤੇ ਵੀ ਪਾਈ ਗਈ ਹੈ।

ਇਸ ਤੋਂ ਪਹਿਲਾਂ ਹਾਲ ਹੀ ਵਿੱਚ ਚੀਨ ਰਾਡਾਰ ਦੀ ਪਕੜ ਵਿੱਚ ਨਾ ਆਉਣ ਵਾਲੇ (ਸਟੈਲਥ) ਜੰਗੀ ਜਹਾਜ਼ ਜੇ-20 ਨੂੰ ਵੀ ਖ਼ਿੱਤੇ ਵਿੱਚ ਤਾਇਨਾਤ ਕੀਤਾ ਸੀ। ਇਹ ਜਹਾਜ਼ ਇਸ ਖਿੱਤੇ ਵਿੱਚ ਪਹਿਲੀ ਵਾਰ ਤਾਇਨਾਤ ਕੀਤਾ ਗਿਆ ਹੈ। ਵਰਣਨਯੋਗ ਹੈ ਕਿ ਬੀਤੇ ਵਰ੍ਹੇ ਭਾਰਤ ਤੇ ਚੀਨ ਦੀਆਂ ਫ਼ੌਜਾਂ 73 ਦਿਨਾਂ ਤੱਕ ਸਿੱਕਿਮ ਵਿੱਚ ਡੋਕਲਾਮ ਵਿਖੇ ਇਕ-ਦੂਜੀ ਖ਼ਿਲਾਫ਼ ਡਟੀਆਂ ਰਹੀਆਂ ਸਨ।




## Matrimonial

ਦਹੀਆ ਪੰਜਾਬੀ ਪਰਿਵਾਰ ਨੂੰ ਆਪਣੇ ਲੜਕੇ ਲਈ ਅੱਛੇ ਵਰ ਦੀ ਲੋੜ ਹੈ। ਲੜਕੇ ਦੀ ਵਿਦਿਅਕ ਯੋਗਤਾ ਅਤੇ ਹੋਰ ਵੇਰਵਾ ਇਸ ਪ੍ਰਕਾਰ ਹੈ:- ITI (Refrigeration Air Conditioning), Diploma (Electrical Engineering, Post Diploma (Cad Cam, Degree) Electrical Engineering, Doing now Safety Engineering, D.O.B May 1989, Height 5'-11",

Two sisters married abroad: England, Spain.

Father Retd. Principal, Mother house wife.

**ਚਾਹਵਾਨ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ ਜਾਂ ਫਿਰ ਕੈਲੇਫੋਰਨੀਆ ਰਹਿੰਦੇ ਲੜਕੇ ਦੇ ਤਾਇਆ ਜੀ ਨਾਲ ਵੀ ਸੰਪਰਕ ਕਰ ਸਕਦੇ ਹਨ–** 91-98145-32948 OR 91-98143-19747

In California: (916) 764-9514


# ਪੀਐਨਬੀ ਘੁਟਾਲਾ: ਦੋ ਬੈਂਕ ਅਫ਼ਸਰਾਂ ਸਣੇ ਤਿੰਨ ਗ੍ਰਿਫ਼ਤਾਰ

**ਮੁੰਬਈ–** ਪੰਜਾਬ ਨੈਸ਼ਨਲ ਬੈਂਕ 'ਚ 11,400 ਕਰੋੜ ਰੁਪਏ ਦੇ ਘੁਟਾਲੇ ਦੇ ਸਬੰਧ 'ਚ ਸੀਬੀਆਈ ਨੇ ਦੋ ਬੈਂਕ ਅਧਿਕਾਰੀਆਂ ਅਤੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੀ ਕੰਪਨੀ ਦੇ ਇਕ ਅਧਿਕਾਰੀ ਨੂੰ ਗ੍ਰਿਫ਼ਤਾਰ ਕੀਤਾ ਹੈ। ਸੀਬੀਆਈ ਵੱਲੋਂ ਮੁੰਬਈ ਦੀ ਬ੍ਰੈਡੀ ਰੋਡ ਬ੍ਰਾਂਚ ਦੀ ਤਲਾਸ਼ੀ ਲੈ ਕੇ ਉਥੋਂ ਕੁਝ ਦਸਤਾਵੇਜ਼ ਵੀ ਜ਼ਬਤ ਕੀਤੇ ਗਏ ਹਨ। ਸੀ ਬੀ ਆਈ ਵੱਲੋਂ ਛੇ ਹੋਰ ਅਧਿਕਾਰੀਆਂ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਉਧਰ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਅੱਜ ਲਗਾਤਾਰ ਤੀਜੇ ਦਿਨ ਮੁਲਕ ਦੇ 21 ਟਿਕਾਣਿਆਂ 'ਤੇ ਛਾਪੇ ਮਾਰ ਕੇ 25 ਕਰੋੜ ਰੁਪਏ ਦੇ ਹੀਰੇ ਅਤੇ ਜਵਾਹਰਾਤ ਜ਼ਬਤ ਕੀਤੇ ਹਨ। ਈਡੀ ਵੱਲੋਂ ਹੁਣ ਤਕ 5674 ਕਰੋੜ ਰੁਪਏ ਮੁੱਲ ਦੇ ਹੀਰੇ, ਜਵਾਹਰਾਤ ਅਤੇ ਬੇਸ਼ਕੀਮਤੀ ਪੱਥਰ ਜ਼ਬਤ ਕੀਤੇ ਜਾ ਚੁੱਕੇ ਹਨ। ਜਾਂਚ ਏਜੰਸੀ ਵੱਲੋਂ ਕੱਲ ਵੀ ਛਾਪੇ ਮਾਰੇ ਜਾਣ ਦੀ ਸੰਭਾਵਨਾ ਹੈ। ਸੀਬੀਆਈ ਨੇ ਪੰਜਾਬ ਨੈਸ਼ਨਲ ਬੈਂਕ ਦੇ ਸੇਵਾਮੁਕਤ ਡਿਪਟੀ ਮੈਨੇਜਰ ਗੋਕੁਲਨਾਥ ਸ਼ੈਟੀ ਤੇ ਬੈਂਕ ਦੀ ਸਿੰਗਲ ਵਿੰਡੋ ਨੂੰ ਅਪਰੇਟ ਕਰਨ ਵਾਲੇ ਮਨੋਜ ਖਰਤ ਅਤੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੀ ਕੰਪਨੀ ਦੇ ਅਧਿਕਾਰੀ ਹੇਮੰਤ ਭੱਟ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁੰਬਈ ਦੀ ਵਿਸ਼ੇਸ਼ ਅਦਾਲਤ ਨੇ ਤਿੰਨੇ ਵਿਅਕਤੀਆਂ ਨੂੰ 14 ਦਿਨ ਦੀ ਸੀਬੀਆਈ ਹਿਰਾਸਤ 'ਚ ਭੇਜ ਦਿੱਤਾ ਹੈ। ਸੀਬੀਆਈ ਦੇ ਵਿਸ਼ੇਸ਼ ਜੱਜ ਐਸ ਆਰ ਤਾਂਬੋਲੀ ਨੇ ਉਨ੍ਹਾਂ ਨੂੰ 3 ਮਾਰਚ ਤਕ ਹਿਰਾਸਤ 'ਚ ਭੇਜਦਿਆਂ ਕਿਹਾ ਕਿ ਘੁਟਾਲੇ ਦਾ ਰਾਸ਼ਟਰ ਦੇ ਅਰਥਚਾਰੇ 'ਤੇ ਅਸਰ ਪਿਆ ਹੈ। ਉਨ੍ਹਾਂ ਕਿਹਾ ਕਿ ਇਹ ਗੰਭੀਰ ਮਾਮਲਾ ਹੈ। ਸੀਬ–ਿਆਈ ਵਕੀਲ ਨੇ ਮੁਲਜ਼ਮਾਂ ਨੂੰ ਵਧ ਤੋਂ ਵਧ ਸਮੇਂ ਦੀ ਹਿਰਾਸਤ 'ਤੇ ਭੇਜਣ ਦੀ ਮੰਗ ਕੀਤੀ ਜਿਸ ਦਾ ਬਚਾਅ ਪੱਖ ਦੇ ਵਕੀਲਾਂ ਨੇ ਇਹ ਆਖਦਿਆਂ ਵਿਰੋਧ ਕੀਤਾ ਕਿ ਉਹ ਘੁਟਾਲੇ ਦੇ ਅਸਲ ਲਾਭਪਾਤਰੀ ਨਹੀਂ ਹਨ। ਸੀ ਬੀ ਆਈ ਵੱਲੋਂ 31 ਜਨਵਰੀ ਨੂੰ ਨੀਰਵ ਮੋਦੀ, ਉਸ ਦੀਆਂ ਕੰਪਨੀਆਂ ਅਤੇ ਮੇਹੁਲ ਚੋਕਸੀ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਸੀ ਜਿਸ ਮਗਰੋਂ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬੈਂਕ ਸ਼ਾਖਾ ਦੀ ਤਲਾਸ਼ੀ ਦੌਰਾਨ ਉਨ੍ਹਾਂ ਅਧਿਕਾਰੀਆਂ ਤੋਂ ਫੰਡ ਕੌਮਾਂਤਰੀ ਪੱਧਰ 'ਤੇ ਤਬਦੀਲ ਕਰਨ ਅਤੇ ਬੈਂਕ ਅੰਦਰਲੇ ਸਾਫਟੇਅਰ ਦੇ ਕੰਮਕਾਜ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਬੈਂਕ ਵੱਲੋਂ ਮਿਲੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਪਹਿਲੀ ਐਫਆਈਆਰ 6498 ਕਰੋੜ ਰੁਪਏ ਦੇ ਜਾਰੀ 150 ਗਾਰੰਟੀ ਪੱਤਰਾਂ ਬਾਰੇ ਕੀਤੀ ਗਈ ਜੋ ਸ਼ੈਟੀ ਅਤੇ ਖਰਤ ਵੱਲੋਂ ਫਰਜ਼ੀ ਢੰਗ ਨਾਲ ਜਾਰੀ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ 4886 ਕਰੋੜ ਰੁਪਏ ਦੇ ਜਾਰੀ 150 ਗਾਰੰਟੀ ਪੱਤਰਾਂ ਨਾਲ ਸਬੰਧਤ ਦੂਜੀ ਐਫਆਈਆਰ ਕੱਲ ਦਰਜ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਨੀਰਵ ਮੋਦੀ ਅਤੇ ਉਸ ਦੇ ਕਾਰੋਬਾਰੀ ਭਾਈਵਾਲ ਮੇਹੁਲ ਚੋਕਸੀ ਨੂੰ ਈਡੀ ਨੇ ਆਪਣੇ ਮੁੰਬਈ ਦਫ਼ਤਰ 'ਚ 23 ਫਰਵਰੀ ਨੂੰ ਸੰਮਨ ਕੀਤਾ ਹੈ।



# ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਯੂ ਏ ਈ ਦੇ ਪ੍ਰਧਾਨ ਅਤੇ ਪੰਜਾਬੀ ਸਾਹਿਤਕਾਰ ਰੂਪ ਸਿੱਧੂ ਦੇ ਸਵਰਗੀ ਮਾਤਾ ਸਵਰਨ ਕੌਰ ਜੀ ਦੀ ਅੰਤਿਮ ਅਰਦਾਸ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ



ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਯੂ ਏ ਈ ਦੇ ਪ੍ਰਧਾਨ ਅਤੇ ਪੰਜਾਬੀ ਸਾਹਿਤਕਾਰ ਰੂਪ ਸਿੱਧੂ ਅਤੇ ਪੰਜਾਬ ਯੂਨੀਵਰਸਿਟੀ ਦੇ ਡਾਕਟਰ ਮਲਕੀਤ ਸਿੱਧੂ ਦੇ ਸਵਰਗੀ ਮਾਤਾ ਸਵਰਨ ਕੌਰ ਜੀ ਦੀ ਅੰਤਿਮ ਅਰਦਾਸ ਵਿੱਚ ਵੱਖ ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਅਤੇ ਸਾਹਿਤਕਾਰਾਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਸਬੰਧੀ ਕਰਵਾਏ ਗਏ ਸਮਾਗਮ ਵਿਚ ਸੰਤ ਬਾਬਾ ਕੁਲਵੰਤ ਰਾਮ ਜੀ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਸੰਤ ਕੁਲਵੰਤ ਰਾਮ, ਸਕੱਤਰ ਨਿਰਮਲ ਸਿੰਘ, ਸੰਤ ਪ੍ਰਦੀਪ ਦਾਸ ਕਠਾਰ, ਸੰਤ ਜਸਵੰਤ ਸਿੰਘ ਰਾਵਲਪਿੰਡੀ, ਸੰਤ ਗੁਰਮੁੱਖ ਦਾਸ, ਸੰਤ ਜਸਵਿੰਦਰ ਸਿੰਘ, ਸੰਤ ਹਰਚਰਨ ਦਾਸ, ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਯੂ ਏ ਈ ਦੇ ਚੇਅਰਮੈਨ ਬਖਸ਼ੀ ਰਾਮ, ਮੁੱਖ ਗ੍ਰੰਥੀ ਬਾਬਾ ਕਮਲਰਾਜ ਸਿੰਘ ਗੱਡੂ, ਸਾਬਕਾ ਵਿਧਾਇਕ ਹਰਗੋਪਾਲ ਸਿੰਘ ਗੱਡੂ, ਤਰਸੇਮ ਸਹੋਤਾ ਨੰਗਲ, ਰੋਸ਼ਨ ਭਾਰਤੀ, ਕੁਲਦੀਪ ਚੰਦ ਨੰਗਲ, ਪੰਜਾਬ ਯੂਨੀਵਰਸਿਟੀ ਤੋਂ ਆਧਿਆਪਕ ਆਗੂ ਏ ਐਸ ਆਹਲੂਵਾਲੀਆ, ਮੈਡਮ ਪ੍ਰੋਮਿਲਾ ਪਾਠਕ, ਡਾਕਟਰ ਨਰੇਸ਼ ਕੁਮਾਰ, ਡਾਕਟਰ ਰਾਜੇ ਰੰਗਾ, ਲੁਧਿਆਣਾ ਤੋਂ ਨਿਰਪਿੰਦਰ ਸਿੰਘ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਗੋਪੀ ਰਾਮ ਠਾਕੁਰ, ਡਾਕਟਰ ਚਰਨਜੀਤ ਸਿੰਘ, ਤਰਸੇਮ ਲਾਲ ਸਰਪੰਚ, ਡੁਬਈ ਤੋਂ ਸੁਖਜਿੰਦਰ ਸਿੰਘ, ਹਰਮੇਸ਼ ਲਾਲ, ਗਿਆਨ ਚੰਦ, ਰਣਜੀਤ ਮਾਹੀ, ਮਲਕੀਤ ਬਬੇਲੀ, ਤੀਲਕ ਰਾਜ ਮਾਹੀ, ਧਰਮਪਾਲ ਫਿਲੌਰ, ਹਰਬੰਸ ਜਲੰਧਰ, ਚਰਨਜੀਤ ਸਿੰਘ, ਸ਼ਿਵਦਿਆਲ ਅਣਜਾਣ, ਨੰਬਰਦਾਰ ਬੀ ਸੀ ਸੁਰੀਲਾ, ਗੁਰਦਿਆਲ ਮਾਹੀ, ਲੇਖ ਰਾਜ ਮਾਹੀ, ਦੀਪਕ ਕੁਮਾਰ, ਰਣਜੀਤ ਕਾਂਝਲਾ ਅਜ਼ਾਦ, ਗੁਰਦੀਪ ਸਿੰਘ, ਨਰਿੰਦਰ ਪਾਲ ਕੰਗ, ਜੋਗਿੰਦਰ ਸਿੰਘ, ਮਨਜਿੰਦਰ ਕੌਰ, ਦਵਿੰਦਰ ਢਿਲੋਂ, ਆਦਿ ਨੇ ਅੰਤਿਮ ਅਰਦਾਸ ਵਿੱਚ ਮਾਤਾ ਜੀ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ। ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਪ੍ਰਧਾਨ ਅਤੇ ਸਾਬਕਾ ਰਾਜ ਸਭਾ ਮੈਂਬਰ ਅਵਤਾਰ ਸਿੰਘ ਕਰੀਮਪੁਰੀ, 'ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਆਦਿ ਵਲੋਂ ਭੇਜੇ ਸ਼ੋਕ ਸੰਦੇਸ਼ ਪੜੇ ਗਏ। ਸਾਹਿਤਕਾਰ ਰੂਪ ਸਿੱਧੂ ਨੇ ਇਸ ਦੁੱਖ ਦੀ ਘੜੀ ਵਿੱਚ ਸ਼ਾਮਿਲ ਹੋਏ ਸਮੂਹ ਦੋਸਤਾਂ, ਰਿਸਤੇਦਾਰਾਂ ਦਾ ਧੰਨਵਾਦ ਕੀਤਾ। – **ਕੁਲਦੀਪ ਚੰਦ 91-94175-63054**

# ਬਿਲਗਾ ਵਿਚ ਬਣ ਰਿਹਾ ਸਕੂਲ ਵਾਲਮੀਕ ਕੌਮ ਦਾ ਪੰਜਾਬ ਵਿਚ ਪਹਿਲਾ ਸਕੂਲ: ਖੋਸਲਾ

**ਮੁਕੇਰੀਆ–** ਅੱਜ ਮੁਹੱਲਾ ਰਿਸ਼ੀ ਨਗਰ ਮੁਕੇਰੀਆ ਵਿਚ ਰਾਸ਼ਟਰੀ ਕਵੀ ਚਰਣ ਦਾਸ ਚਰਣ ਦੇ ਗ੍ਰਹਿ ਨਿਵਾਸ 'ਤੇ ਕਮਲੇਸ਼ਵਰ ਵਾਲਮੀਕ ਐਜੂਕੇਸ਼ਨਲ ਟਰੱਸਟ ਭਾਰਤ ਦੀ ਵਿਸ਼ੇਸ਼ ਬੈਠਕ ਦਾ ਆਯੋਜਨ ਸੰਸਥਾਪਕ ਰਾਜ ਆਦਿਵਸ਼ੀ ਦੀ ਪ੍ਰਧਾਨਗੀਵਿਚ ਹੋਈ। ਇਸ ਮੌਕੇ ਕਮਲੇਸ਼ਵਰ ਵਾਲਮੀਕ ਮਾਡਲ ਸਕੂਲ ਬਿਲਗਾ (ਜਲੰਧਰ) ਵਿਚ ਚੱਲ ਰਹੇ ਨਿਰਮਾਣ ਕਾਰਜ ਦੀ ਰੂਪ-ਰੇਖਾ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।



ਸੁਚਾਰੂ ਢੰਗ ਨਾਲ ਆਗਾਮੀ ਨਿਰਮਾਣ ਲਈ ਸਾਰੇ ਵਰਕਰਾਂ ਨੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਸਮੇਂ ਟਰੱਸਟ ਦੇ ਪ੍ਰਧਾਨ ਕਮਲ ਖੋਸਲਾ ਅਤੇ ਕਮਲੇਸ਼ਵਰ ਵਾਲਮੀਕ ਮਾਡਲ ਸਕੂਲ ਦੇ ਪ੍ਰਬੰਧਕ ਸੁਰਜੀਤ ਬੀਟਾ ਨੇ ਦੱਸਿਆ ਕਿ ਬਿਲਗਾ ਵਿਚ ਬਣ ਰਿਹਾ ਇਹ ਸਕੂਲ ਵਾਲਮੀਕ ਕੌਮ ਦਾ ਪੰਜਾਬ ਵਿਚ ਪਹਿਲਾ ਸਕੂਲ ਹੈ। ਇਸ 'ਤੇ ਲੱਗਭੱਗ 2.50 ਕਰੋੜ ਰੁਪਏ ਖਰਚ ਹੋਣਗੇ ਜੋ ਸਮਾਜ ਦੇ ਸਹਿਯੋਗ ਨਾਲ ਹੀ ਹੋ ਸਕੇਗਾ।

ਇਸ ਮੌਕੇ 'ਤੇ ਅੱਜ ਟਰੱਸਟ ਪ੍ਰਧਾਨ ਕਮਲ ਖੋਸਲਾ ਨੇ 15000 ਰੁਪਏ ਦੀ ਪਹਿਲੀ ਰਾਸ਼ੀ ਚੈਕ ਦੇ ਰੂਪ ਵਿਚ, ਭੁੱਲਾ ਰਾਮ ਤੇਜੀ ਨੇ 5 ਹਜ਼ਾਰ ਰੁਪਏ ਰਾਜ ਆਦਿਵਾਸ਼ੀ, ਸੁਰਜੀਤ ਬੀਟਾ, ਗੁਰਨਾਮ ਸਿੰਘ, ਸੰਦੀਪ ਕੁਮਾਰ ਨੂੰ ਸੌਂਪੇ। ਇਸ ਮੌਕੇ ਸਫਾਈ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਰਮੇਸ਼ਹੰਸ, ਲਲਿਤ ਗਿੱਲ, ਰਮੇਸ਼ ਭੱਟੀ, ਅਸ਼ਵਨੀ ਭੱਟੀ ਪ੍ਰਧਾਨ ਵਾਲਮੀਕ ਸਭਾ ਮੰਦਰ ਕਮੇਟੀ, ਐਡਵੋਕੇਟ ਸੁੱਸ਼ਾਂਤ ਖੋਸਲਾ, ਸੁਨੀਲ ਹੰਸ ਆਦਿ ਹਾਜ਼ਰ ਸਨ।

**(ਧੰਨਵਾਦ ਸਹਿਤ ਦੈਨਿਕ ਸਵੇਰਾ)**

# ਫੈਕਟਰੀ 'ਚ ਅਮੋਨੀਆ ਗੈਸ ਸਿਲੰਡਰ ਫਟਿਆ; ਤਿੰਨ ਕਾਮੇ ਹਲਾਕ

**ਪਟਿਆਲਾ–** ਪਟਿਆਲਾ ਜ਼ਿਲੇ ਵਿੱਚ ਸ਼ੰਭੂ-ਘਨੌਰ ਰੋਡ 'ਤੇ ਸਥਿਤ ਪਿੰਡ ਸੰਧਾਰਸੀ ਵਿਚਲੀ 'ਹਿਮਾਲੀਆ ਫ੍ਰੈਸ਼ ਪ੍ਰੋਟੀਨ ਫੈਕਟਰੀ' ਵਿੱਚ ਅੱਜ ਸਵੇਰੇ ਧਮਾਕੇ ਤੋਂ ਬਾਅਦ ਅਮੋਨੀਆ ਗੈਸ ਲੀਕ ਹੋਣ ਨਾਲ਼ ਹੋਏ ਧਮਾਕੇ ਦੌਰਾਨ ਤਿੰਨ ਕਾਮਿਆਂ ਦੀ ਮੌਤ ਹੋ ਗਈ ਜਦਕਿ ਗਿਆਰਾਂ ਜ਼ਖ਼ਮੀ ਹੋ ਗਏ ਜਿਨ੍ਹਾਂ ਦਾ ਸਰਕਾਰੀ ਰਾਜਿੰਦਰਾ ਹਸਪਤਾਲ਼ ਪਟਿਆਲਾ ਵਿਖੇ ਇਲਾਜ ਚੱਲ ਰਿਹਾ ਹੈ, ਛੇ ਦੀ ਹਾਲਤ ਗੰਭੀਰ ਹੈ।

ਫੈਕਟਰੀ ਵਿੱਚ ਅਮੋਨੀਆ ਗੈਸ ਦਾ ਇੱਕ ਵੱਡਾ ਸਿਲੰਡਰ ਫਟਣ ਨਾਲ਼ ਹੋਏ ਧਮਾਕੇ ਦੀ ਆਵਾਜ਼ ਨੇੜਲੇ ਕਈ ਪਿੰਡਾਂ ਵਿਚ ਸੁਣਾਈ ਦਿੱਤੀ ਤੇ ਧਮਾਕੇ ਕਾਰਨ ਫੈਕਟਰੀ ਦਾ ਕੁਝ ਹਿੱਸਾ ਵੀ ਨੁਕਸਾਨਿਆ ਗਿਆ। ਇਸ ਦੌਰਾਨ, ਤਿੰਨ ਵਰਕਰਾਂ ਸੁਰਿੰਦਰ ਕੁਮਾਰ ਪੁੱਤਰ ਹਰਕੇਸ਼ ਕੁਮਾਰ ਵਾਸੀ ਪਿੰਡ ਸੋਗਲਪੁਰ, ਗੁਰਚਰਨ ਸਿੰਘ ਪੁੱਤਰ ਬਲਬੀਰ ਸਿੰਘ ਅਤੇ ਗੁਰਜਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਪਿੰਡ ਬਘੌਰਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਜ਼ਖ਼ਮੀ ਕਾਮਿਆਂ ਵਿੱਚੋਂ ਦੋ ਮਨੋਜ ਕੁਮਾਰ ਤੇ ਵਾਜਿਦ ਵੈਂਟੀਲੇਟਰ 'ਤੇ ਹਨ ਜਦਕਿ ਓਮੇਸ਼ ਕੁਮਾਰ, ਨਿਰਮਲ ਕੁਮਾਰ, ਵਿਧਾਸਰੀ ਅਤੇ ਸ਼ਿਵਜੀ ਜੋਗੀਪੁਰ ਆਈਸੀਯੂ ਵਿੱਚ ਦਾਖ਼ਲ ਹਨ। ਮਹਿੰਦਰ ਰਾਮ ਜੋਗੀਪੁਰ, ਜੈ ਪ੍ਰਕਾਸ਼, ਜਤਿੰਦਰ ਭਗਤ, ਜੱਗੀ ਲਾਲ ਅਤੇ ਸੁਰਿੰਦਰ ਕੁਮਾਰ ਦਾ ਜਨਰਲ ਵਾਰਡ ਹਨ। ਥਾਣਾ ਘਨੌਰ ਦੇ ਮੁਖੀ ਦਾ ਕਹਿਣਾ ਸੀ ਕਿ ਫੈਕਟਰੀ ਮਲਕਾਂ/ਸੰਚਾਲਕਾਂ ਵਜੋਂ ਅੱਧੀ ਦਰਜਨ ਵਿਅਕਤੀਆਂ ਦੇ ਖਿਲਾਫ਼ ਧਾਰਾ 304, 336, 280 ਤਹਿਤ ਕੇਸ ਦਰਜ ਕੀਤਾ ਗਿਆ ਹੈ ਤੇ ਦਸਤਾਵੇਜ਼ਾਂ ਦੀ ਜਾਂਚ ਉਪਰੰਤ ਹੀ ਨਾਮ ਸ਼ਾਮਲ ਕੀਤੇ ਜਾਣਗੇ।

ਹਸਪਤਾਲ਼ ਜਾ ਕੇ ਇਨ੍ਹਾਂ ਜ਼ਖਮੀਆਂ ਦਾ ਡਿਪਟੀ ਕਮਿਸ਼ਨਰ ਕੁਮਾਰ ਅਮਿਤ ਨੇ ਵੀ ਹਾਲ ਚਾਲ ਪੁੱਛਿਆ।ਡਿਪਟੀ ਕਮਿਸ਼ਨਰ ਵੱਲੋਂ ਐਸ.ਡੀ.ਐਮ ਰਾਜਪੁਰਾ ਦੀ ਅਗਵਾਈ ਹੇਠ ਚਾਰ ਮੈਂਬਰੀ ਜਾਂਚ ਕਮੇਟੀ ਬਣਾਈ ਗਈ ਹੈ ਜੋ ਹਫ਼ਤੇ 'ਚ ਰਿਪੋਰਟ ਦੇਵੇਗੀ।

ਮਗਰੋਂ ਡਿਪਟੀ ਕਮਿਸ਼ਨਰ ਸਮੇਤ ਘਨੌਰ ਦੇ ਵਿਧਾਇਕ ਠੇਕੇਦਾਰ ਮਦਨ ਲਾਲ ਜਲਾਲਪੁਰ ਨੇ ਘਟਨਾ ਸਥਾਨ ਦਾ ਦੌਰਾ ਵੀ ਕੀਤਾ ਤੇ ਕਸੂਰਵਾਰ ਪਾਏ ਜਾਣ ਵਾਲ਼ਿਆਂ ਖਿਲਾਫ਼ ਕਾਰਵਾਈ ਦੀ ਗੱਲ ਆਖੀ। ਜਲਾਲਪੁਰ ਸਮੇਤ ਰਾਜਪੁਰਾ ਦੇ ਵਿਧਾਇਕ ਹਰਦਿਆਲ ਕੰਬੋਜ ਨੇ ਵੀ ਪੀੜਤ ਪਰਿਵਾਰਾਂ ਨਾਲ਼ ਹਮਦਰਦੀ ਜਤਾਈ। ਐਨਡੀਆਰਐਸ ਟੀਮ ਨੇ ਵੀ ਘਟਨਾ ਸਥਾਨ 'ਤੇ ਜਾ ਕੇ ਹਾਲਾਤਾਂ ਨੂੰ ਵਾਚਿਆ।

ਉਧਰ, ਸੰਧਾਰਸੀ ਦੀ ਸਰਪੰਚ ਬਲਜੀਤ ਕੌਰ, ਲੰਬੜਦਾਰ ਰਣਧੀਰ ਸਿੰਘ ਅਤੇ ਬਲਾਕ ਸਮਿਤੀ ਮੈਂਬਰ ਲਾਲ ਸਿੰਘ ਮਰਦਾਂਪੁਰ ਦਾ ਕਹਿਣਾ ਸੀ ਕਿ ਸੰਧਾਰਸੀ ਸਮੇਤ ਆਲ਼ੇ ਦੁਆਲ਼ੇ ਦੇ ਅੱਠ ਪਿੰਡਾਂ ਨੂੰ ਸਨਅਤੀ ਜ਼ੋਨ ਐਲਾਨਿਆ ਹੋਣ ਕਰ ਕੇ ਇਥੇ ਦੋ ਦਰਜਨ ਤੋਂ ਵੀ ਵੱਧ ਫੈਕਟਰੀਆਂ ਲੱਗ ਚੁੱਕੀਆਂ ਹਨ ਜਿਸ ਕਰ ਕੇ ਇਥੇ ਹਰ ਸਮੇਂ ਐਂਬੂਲੈਂਸ ਅਤੇ ਫਾਇਰ ਬਿਗ੍ਰੇਡ ਦੀ ਸੁਵਿਧਾ ਹੋਣੀ ਚਾਹੀਦੀ ਹੈ।

# ਟਰੂਡੋ ਦੇ ਸਵਾਗਤ ਲਈ ਪੰਜਾਬੀਆਂ ਨੇ ਖ਼ੁਦ ਸਾਂਭਿਆ ਮੋਰਚਾ

**ਜਲੰਧਰ–** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਿੱਘੇ ਸਵਾਗਤ ਦਾ ਜ਼ਿੰਮਾ ਪੰਜਾਬੀਆਂ ਨੇ ਆਪਣੇ ਮੋਢਿਆਂ 'ਤੇ ਚੁੱਕ ਲਿਆ ਹੈ। ਪੰਜਾਬੀ ਭਾਈਚਾਰਾ ਇਸ ਗੱਲੋਂ ਕਾਫ਼ੀ ਨਿਰਾਸ਼ ਹੈ ਕਿ ਭਾਰਤ ਸਰਕਾਰ ਨੇ ਜਸਟਿਨ ਟਰੂਡੋ ਨੂੰ ਬਨਦਾ ਸਤਿਕਾਰ ਨਹੀਂ ਦਿੱਤਾ। ਟਰੂਡੋ ਦੀ ਭਲਕੇ ਹੋਣ ਵਾਲੀ ਪੰਜਾਬ ਫੇਰੀ ਸਬੰਧੀ ਸੋਸ਼ਲ ਮੀਡੀਆ 'ਤੇ ਪੰਜਾਬੀਆਂ ਨੂੰ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਸਵਾਗਤ ਲਈ ਅੰਮ੍ਰਿਤਸਰ ਪੁੱਜਣ ਦਾ ਸੱਦਾ ਦਿੱਤਾ ਜਾ ਰਿਹਾ ਹੈ।

ਫੇਸਬੁੱਕ, ਵੱਟਸਐਪ ਅਤੇ ਟਵਿਟਰ 'ਤੇ ਪੰਜਾਬੀਆਂ ਨੇ ਆਪਣੀ ਮੁਹਿੰਮ ਵਿੱਢ ਦਿੱਤੀ ਹੈ। ਹੁਣ ਤੱਕ ਹਜ਼ਾਰਾਂ ਲੋਕ ਇਸ ਨਾਲ ਜੁੜ ਵੀ ਚੁੱਕੇ ਹਨ। ਸੋਸ਼ਲ ਮੀਡੀਆ 'ਤੇ ਵੱਖ-ਵੱਖ ਪੋਸਟਰ ਸ਼ੇਅਰ ਕੀਤੇ ਜਾ ਰਹੇ ਹਨ ਜਿਸ 'ਚ ਜਸਟਿਨ ਟਰੂਡੋ ਦੀ ਸਿਰ 'ਤੇ ਰੁਮਾਲ ਬੰਨ੍ਹੇ ਦੀ ਫੋਟੋ ਲੱਗੀ ਹੋਈ ਹੈ।

ਇਸ 'ਤੇ ਲਿਖਿਆ ਗਿਆ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਸਾਥੀਆਂ ਦੀ ਅੰਮ੍ਰਿਤਸਰ ਫੇਰੀ ਮੌਕੇ 'ਜੀ ਆਇਆਂ' ਕਹਿਣ ਨੂੰ ਅੰਮ੍ਰਿਤਸਰ ਹਵਾਈ ਅੱਡੇ ਪਹੁੰਚਣ ਲਈ ਖੁੱਲ੍ਹਾ ਸੱਦਾ। ਸਾਰਿਆਂ ਨੂੰ ਹਵਾਈ ਅੱਡੇ 'ਤੇ ਸਵੇਰੇ 9.30 ਵਜੇ ਪਹੁੰਚਣ ਦੀ ਸਮਾਂ ਦਿੱਤਾ ਗਿਆ ਹੈ। ਵਟਸਐਪ 'ਤੇ ਵੀ ਵੱਖਰੀ ਮੁਹਿੰਮ ਚਲਾਈ ਜਾ ਰਹੀ ਹੈ। ਵਟਸਐਪ 'ਤੇ ਸ਼ੇਅਰ ਕੀਤੇ ਜਾ ਰਹੇ ਸੁਨੇਹਾ 'ਚ ਟਰੂਡੋ ਦੇ ਫੇਸਬੁੱਕ ਪੇਜ ਦਾ ਲਿੰਕ ਸ਼ੇਅਰ ਕੀਤਾ ਜਾ ਰਿਹਾ ਹੈ। ਇਸ 'ਚ ਲਿਖਿਆ ਗਿਆ ਹੈ ਕਿ ਜਸਟਿਨ ਟਰੂਡੋ ਨੂੰ ਭਾਰਤ ਸਰਕਾਰ ਨੇ ਬਨਦਾ ਮਾਣ ਨਹੀਂ ਦਿੱਤਾ ਹੈ ਜਦਕਿ ਟਰੂਡੋ ਨੇ ਆਪਣੀ ਕੈਬਨਿਟ 'ਚ ਪੰਜ ਸਿੱਖ ਮੰਤਰੀਆਂ ਦੀ ਨਿਯੁਕਤੀ ਕੀਤੀ ਹੈ।

ਕਿਰਪਾ ਕਰਕੇ ਇਸ ਸੰਦੇਸ਼ ਨੂੰ ਦੁਨੀਆਂ ਭਰ ਵਿੱਚ ਪੰਜਾਬੀਆਂ ਨੂੰ ਭੇਜੋ ਤਾਂ ਉਹ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਫੇਸਬੁੱਕ ਪੰਨੇ 'ਤੇ 'ਵੈਲਕਮ ਟੂ ਪੰਜਾਬ' ਜਾਂ 'ਜੀ ਆਇਆਂ ਨੂੰ' ਲਿਖ ਸਕਣ। ਸਵੇਰ ਤੋਂ ਫੈਲਾਏ ਜਾ ਰਹੇ ਇਸ ਸੁਨੇਹੇ ਤੋਂ ਬਾਅਦ ਹੁਣ ਤੱਕ ਹਜ਼ਾਰਾਂ ਪੰਜਾਬੀ ਜਸਟਿਨ ਟਰੂਡੋ ਦੀਆਂ ਭਾਰਤ ਫੇਰੀ ਦੀਆਂ ਫੋਟੋਆਂ 'ਤੇ 'ਵੈਲਕਮ ਟੂ ਪੰਜਾਬ' ਲਿਖ ਚੁੱਕੇ ਹਨ ਜਦਕਿ ਹਜ਼ਾਰਾਂ ਹੀ ਲੋਕ ਆਪਣੇ ਫੇਸਬੁੱਕ ਖਾਤੇ 'ਤੇ ਜਸਟਿਨ ਟਰੂਡੋ ਨੂੰ ਹੈਸ਼ਟੈਗ ਕਰ ਕੇ ਪੰਜਾਬ 'ਚ ਸਵਾਗਤ ਕਰ ਚੁੱਕੇ ਹਨ।

ਇਸੇ ਤਰ੍ਹਾਂ ਹੀ ਹੈਸ਼ਟੈਗ ਮੁਹਿੰਮ ਟਵਿੱਟਰ 'ਤੇ ਵੀ ਚਲਾਈ ਜਾ ਰਹੀ ਹੈ। ਇਸ ਦੇ ਨਾਲ ਹੀ ਪੰਜਾਬ ਵਾਸੀਆਂ ਵੱਲੋਂ ਟਰੂਡੋ ਦੇ ਫਿੱਕੇ ਸਵਾਗਤ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਵੀ ਕੀਤੀ ਜਾ ਰਹੀ ਹੈ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਸਿੱਖ ਕਤਲੇਆਮ ਸਮੇਤ ਸਿੱਖ ਕੌਮ ਨਾਲ ਹੋਈਆਂ ਧੱਕੇਸ਼ਾਹੀਆਂ ਖ਼ਿਲਾਫ਼ ਕੈਨੇਡੀਅਨ ਅੰਬੈਂਸੀ ਰਾਹੀਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਾਂ ਮੰਗ ਪੱਤਰ ਭੇਜਿਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਕੈਨੇਡਾ, ਭਾਰਤ ਤੋਂ ਬਾਅਦ ਦੂਜਾ ਦੇਸ਼ ਹੈ ਜਿੱਥੇ ਵੱਡੀ ਗਿਣਤੀ ਵਿੱਚ ਸਿੱਖ ਰਹਿੰਦੇ ਹਨ।

# ਦਲਿਤ ਆਤਮਦਾਹ: ਗੁਜਰਾਤ ਸਰਕਾਰ ਨੇ ਮੰਗਾਂ ਮੰਨੀਆਂ

**ਅਹਿਮਦਾਬਾਦ–** ਜ਼ਮੀਨ ਅਲਾਟਮੈਂਟ ਵਿੱਚ ਦੇਰੀ ਕਾਰਨ ਪਟਨ ਜ਼ਿਲ੍ਹਾ ਕੁਲੈਕਟਰ ਦਫ਼ਤਰ ਅੱਗੇ ਆਤਮਦਾਹ ਕਰਨ ਵਾਲੇ ਦਲਿਤ ਕਾਰਕੁਨ ਭਾਨੂਭਾਈ ਵਾਨਕਰ ਦੇ ਮਾਮਲੇ ਵਿੱਚ ਸੈਂਕੜੇ ਦਲਿਤ ਮੁਜ਼ਾਹਰਾਕਾਰੀਆਂ ਦੇ ਰੋਹ ਅੱਗੇ ਝੁਕਦਿਆਂ ਗੁਜਰਾਤ ਸਰਕਾਰ ਨੇ ਅੱਜ ਦੇਰ ਰਾਤ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ। ਪਹਿਲਾਂ ਪੀੜਤ ਪਰਿਵਾਰ ਨੇ ਮੰਗਾਂ ਮੰਨੇ ਜਾਣ ਤੱਕ ਲਾਸ਼ ਲੈਣ ਤੋਂ ਨਾਂਹ ਕਰ ਦਿੱਤੀ ਸੀ। ਉਪ ਮੁੱਖ ਮੰਤਰੀ ਨਿਤਿਨ ਪਟੇਲ ਨੇ ਐਲਾਨ ਕੀਤਾ ਕਿ ਮੰਗ ਮੁਤਾਬਕ ਮਾਮਲੇ ਦੀ ਜਾਂਚ ਸਿੱਟ ਰਾਹੀਂ ਜਾਂ ਹਾਈ ਕੋਰਟ ਦੇ ਸੇਵਾ-ਮੁਕਤ ਜੱਜ ਦੀ ਅਗਵਾਈ ਹੇਠ ਕਰਵਾਈ ਜਾਵੇਗੀ ਤੇ ਪਰਿਵਾਰ ਨੂੰ ਅੱਠ ਲੱਖ ਰੁਪਏ ਸਹਾਇਤਾ ਦਿੱਤੀ ਜਾਵੇਗੀ।

# ਪੰਜਾਬ ਸਰਕਾਰ ਦੇ ਨੌਕਰੀ ਮੇਲੇ ਦੀ ਨਿਕਲੀ ਫੂਕ

**ਤਲਵੰਡੀ ਸਾਬੋ–** ਕਾਂਗਰਸ ਸਰਕਾਰ ਵੱਲੋਂ ਚੋਣਾਂ ਦੌਰਾਨ ਘਰ-ਘਰ ਨੌਕਰੀ ਦੇਣ ਦੇ ਕੀਤੇ ਵਾਅਦੇ ਨੂੰ ਪੂਰਾ ਕਰਨ ਦੇ ਮਕਸਦ ਨਾਲ ਸਥਾਨਕ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿੱਚ ਸ਼ੁਰੂ ਕੀਤੇ ਦੂਜੇ ਚਾਰ ਰੋਜ਼ਾ ਨੌਕਰੀ ਮੇਲੇ ਦੇ ਪਹਿਲੇ ਦਿਨ ਹੀ ਫੂਕ ਨਿਕਲ ਗਈ ਅਤੇ ਬੇਰੁਜ਼ਗਾਰਾਂ ਨੇ ਬਹੁਤੀ ਦਿਲਚਸਪੀ ਨਹੀਂ ਦਿਖਾਈ। ਦੱਸਣਯੋਗ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਮੌਕੇ ਕਾਂਗਰਸ ਨੇ ਪੰਜਾਬ ਦੇ ਨੌਜਵਾਨਾਂ ਨਾਲ ਘਰ-ਘਰ ਸਰਕਾਰੀ ਨੌਕਰੀ ਦੇਣ ਦੇ ਸਬਜਬਾਜ਼ ਦਿਖਾਏ ਸਨ ਪਰ ਸਰਕਾਰ ਬਣਨ ਤੋਂ ਬਾਅਦ ਇਹ ਵਾਅਦਾ ਪੂਰਾ ਨਾ ਹੁੰਦਾ ਦੇਖ ਕੇ ਅਤੇ ਵਿਰੋਧੀ ਧਿਰਾਂ ਤੇ ਪੰਜਾਬ ਦੇ ਬੇਰੁਜ਼ਗਾਰਾਂ ਦੇ ਵਿਰੋਧ ਦੇ ਡਰੋਂ ਪੰਜਾਬ ਦੇ ਟੈਕਨੀਕਲ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚ ਅਗਸਤ 2017 ਦੇ ਅਖ਼ੀਰਲੇ ਹਫ਼ਤੇ ਉਨ੍ਹਾਂ ਪ੍ਰਾਈਵੇਟ ਕੰਪਨੀਆਂ ਨੂੰ ਨੌਕਰੀ ਮੇਲੇ ਦੇ ਬੈਨਰ ਹੇਠ ਪਲੇਸਮੈਂਟ ਲਈ ਭੇਜਿਆ ਸੀ, ਜਿਹੜੀਆਂ ਪਹਿਲਾਂ ਹੀ ਸਮੇਂ-ਸਮੇਂ 'ਤੇ ਇਨ੍ਹਾਂ ਕਾਲਜਾਂ-ਯੂਨੀਵਰਸਿਟੀਆਂ ਵਿੱਚ ਅਖ਼ੀਰਲੇ ਸਾਲ ਦੇ ਵਿਦਿਆਰਥੀਆਂ ਦੀ ਨੌਕਰੀਆਂ ਲਈ ਚੋਣ ਕਰਨ ਆਉਂਦੀਆਂ ਸਨ। ਕੈਪਟਨ ਸਰਕਾਰ ਨੇ ਪੰਜਾਬ ਸਰਕਾਰ ਦੇ ਨੌਕਰੀ ਮੇਲੇ ਦੇ ਨਾਮ ਹੇਠ 20 ਤੋਂ 23 ਫਰਵਰੀ ਤੱਕ ਨੌਕਰੀ ਮੇਲੇ ਦੀ ਸ਼ੁਰੂਆਤ ਕੀਤੀ ਜਿਸ ਤਹਿਤ ਇਹ ਨੌਕਰੀ ਮੇਲਾ ਅੱਜ ਸਥਾਨਕ ਗੁਰੂ ਕਾਸ਼ੀ ਯੂਨੀਵਰਸਿਟੀ ਵਿੱਚ ਵੀ ਸ਼ੁਰੂ ਹੋਇਆ ਜਿਸਦਾ ਉਦਘਾਟਨ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਰਨਾ ਸੀ, ਪਰ ਉਹ ਨਾ ਆਏ। ਨੌਕਰੀ ਮੇਲੇ ਦੇ ਪਹਿਲੇ ਦਿਨ 25 ਨਿੱਜੀ ਕੰਪਨੀਆਂ ਪਹੁੰਚੀਆਂ ਹੋਈਆਂ ਸਨ। ਰਜਿਸਟ੍ਰੇਸ਼ਨ ਬੂਥਾਂ ਤੋਂ ਇਲਾਵਾ ਪ੍ਰਬੰਧਕਾਂ ਵੱਲੋਂ ਆਉਣ ਵਾਲੇ ਬੇਰੁਜ਼ਗਾਰਾਂ ਲਈ ਇੱਕ ਵੱਡਾ ਪੰਡਾਲ ਸਜਾ ਕੇ ਕੁਰਸੀਆਂ ਸਜਾਈਆਂ ਗਈਆਂ ਸਨ, ਪਰ ਬੇਰੁਜ਼ਗਾਰਾਂ ਨੇ ਇਸ ਵਾਰ ਉਕਤ ਨੌਕਰੀ ਮੇਲੇ ਲਈ ਕੋਈ ਬਹੁਤੀ ਦਿਲਚਸਪੀ ਨਹੀਂ ਦਿਖਾਈ ਜਿਸ ਕਾਰਨ ਵੱਖ-ਵੱਖ ਲੱਗੇ ਬੂਥ ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ ਲਈ ਉਡੀਕਦੇ ਰਹੇ ਤੇ ਕੁਰਸੀਆਂ ਵੀ ਖਾਲੀ ਰਹੀਆਂ ਅਤੇ ਬਹੁਤ ਥੋੜ੍ਹੇ ਹੀ ਨੌਜਵਾਨਾਂ ਨੇ ਸ਼ਿਰਕਤ ਕੀਤੀ। ਨੌਜਵਾਨਾਂ ਦਾ ਬਹੁਤ ਹੀ ਘੱਟ ਗਿਣਤੀ ਵਿੱਚ ਆਉਣ ਤੋਂ ਪ੍ਰਬੰਧਕ ਵੀ ਨਿਰਾਸ਼ ਦੇਖੇ ਗਏ। ਕੁਝ ਨੇ ਇਸ ਦੇ ਪਰਦਾ ਪਾਉਂਦਿਆਂ ਕਿਹਾ ਕਿ ਇੱਕ ਤਾਂ ਨੌਜਵਾਨਾਂ ਦੀ ਇੰਜੀਨੀਅਰਿੰਗ ਪਾਸੇ ਦਿਲਚਸਪੀ ਘਟ ਗਈ ਹੈ ਅਤੇ ਦੂਜਾ ਅੱਜ ਪੰਜਾਬ ਭਰ ਵਿੱਚ ਕਈ ਥਾਵਾਂ 'ਤੇ ਨੌਕਰੀ ਮੇਲੇ ਸ਼ੁਰੂ ਹੋਣ ਕਰਕੇ ਬੇਰੁਜ਼ਗਾਰ ਵੱਖ-ਵੱਖ ਵੰਡੇ ਗਏ ਹਨ।ਨੌਕਰੀ ਮੇਲੇ ਬਾਰੇ ਹਲਕਾ ਵਿਧਾਇਕ ਪ੍ਰੋਫੈਸਰ ਬਲਜਿੰਦਰ ਕੌਰ ਦਾ ਕਹਿਣਾ ਸੀ ਕਿ ਚੋਣਾਂ ਦੌਰਾਨ ਵੱਡੇ-ਵੱਡੇ ਵਾਅਦੇ ਕਰ ਕੇ ਬਣੀ ਕੈਪਟਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ ਅਤੇ ਕੀਤੇ ਵਾਅਦਿਆਂ ਤੋਂ ਭੱਜ ਕੇ ਕਾਂਗਰਸ ਨੇ ਪੰਜਾਬ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਇਸ ਲਈ ਸਰਕਾਰ 'ਤੇ ਧੋਖਾਧੜੀ ਦੇ ਕੇਸ ਦਰਜ ਹੋਣੇ ਚਾਹੀਦੇ ਹਨ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਆਪਣਾ ਮਾਸਿਕ ਪ੍ਰੋਗਰਾਮ ਆਯੋਜਿਤ






ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਆਪਣਾ ਮਹੀਨੇਵਾਰ ਪ੍ਰੋਗਰਾਮ ਨਿਊਆਰਕ ਕਮਿਊਨਿਟੀ ਸੈਂਟਰ ਵਿਖੇ ਮਨਾਇਆ ਗਿਆ। ਪ੍ਰੋਗਰਾਮ ਦੀ ਸੇਵਾ ਮਿੰਦਰ ਸਰੋਇਆ ਅਤੇ ਮੋਹਿੰਦਰ ਕੌਰ ਸਰੋਇਆ ਦੇ ਪਰਿਵਾਰ ਵੱਲੋਂ ਕੀਤੀ ਗਈ।

ਸੰਗਤਾਂ ਇਸ ਮੌਕੇ ਹੁੰਮ ਹੁੰਮਾ ਕੇ ਪਹੁੰਚੀਆ। ਸਭਾ ਦੇ ਨਵੇਂ ਚੁਣੇ ਹੋਏ ਜਨਰਲ ਸਕੱਤਰ ਸ਼ਿਵ ਸਿੱਧੂ ਨੇ ਸਟੇਜ ਦੀ ਸੇਵਾ ਬਹੁਤ ਜ਼ਿੰਮੇਵਾਰੀ ਅਤੇ ਵਧੀਆ ਤਰੀਕੇ ਨਾਲ ਨਿਭਾਈ। ਸ੍ਰੀ ਸ਼ਿਵ ਸਿੱਧੂ ਨੇ ਸਰੋਆ ਪਰਿਵਾਰ ਨੂੰ ਅਤੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਆਉਣ ਵਾਲੇ 18 ਮਾਰਚ ਨੂੰ ਮਨਾਏ ਜਾ ਰਹੇ ਗੁਰਪੁਰਬ ਬਾਰੇ ਜਾਣਕਾਰੀ ਦਿੱਤੀ।

ਭਾਈ ਬਲਦੇਵ ਸਿੰਘ ਜੀ ਨੇ ਹਮੇਸ਼ਾ ਵਾਂਗ ਬਹੁਤ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਭਾ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਗੁਰੂ ਘਰ ਦਾ ਪ੍ਰਾਜੈਕਟ ਜਲਦੀ ਆਰੰਭ ਹੋਣ ਜਾ ਰਿਹਾ ਹੈ ਅਤੇ ਕਮੇਟੀ ਨੂੰ ਤਨ, ਮਨ ਅਤੇ ਧੰਨ ਨਾਲ ਸੇਵਾ ਅਤੇ ਮਦਦ ਦੀ ਲੋੜ ਹੈ। ਉਹਨਾਂ ਦੱਸਿਆ ਕਿ ਫੰਡ ਰੇਜ਼ਿੰਗ ਪ੍ਰੋਗਰਾਮ ਅਗਲੇ ਮਹੀਨੇ ਤੋਂ ਆਰੰਭ ਹੋ ਰਿਹਾ ਹੈ। ਅਖੀਰ ਵਿਚ ਸ੍ਰੀ ਰਾਮ ਸਰਨ ਜੀ ਦੇ ਪਿਤਾ ਸ੍ਰੀ ਤਾਰਾ ਚੰਦ ਜੀ ਦੇ ਸਵਰਗ ਸਿਧਰ ਜਾਣ ਕਾਰਨ ਸਭਾ ਨੇ ਦੁੱਖ ਜਾਹਿਰ ਕੀਤਾ ਅਤੇ ਉਹਨਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਵੀ ਕੀਤੀ ਗਈ।

# ਸਕੂਲ ਦੇ ਹਰ ਵਿਦਿਆਰਥੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ

**ਬਟਾਲਾ-(ਨਰਿੰਦਰ ਬਰਨਾਲ)** ਸਿਆਨਿਆਂ ਦੇ ਕਥਨ ਅਨੁਸਾਰ ਸਾਨੂੰ ਨਿਕੀਆਂ ਨਿਕੀਆਂ ਖੁਸੀਆਂ ਸਾਂਝੀਆਂ ਕਰਨੀਆ ਚਾਹੀਦੀਆ ਹਨ, ਇਹਨਾਂ ਖੁਸੀਆ ਨਾਲ ਹੋਰ ਵੱਡੀਆ ਖੁਸੀਆ ਜਨਮ ਲੈਦੀਆ ਹਨ। ਸਿਖਿਆ ਵਿਭਾਗ ਵੱਲੋ ਪ੍ਰਾਪਤ ਹਦਾਇਤਾਂ ਦੀ ਰੋਸਨੀ ਵਿਚ, ਅਜਿਹਾ ਹੀ ਕੁਝ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੂੱਲਰ ਵਿਖੇ ਵੀ ਉਪਰਾਲੇ ਕੀਤੇ ਜਾਂਦੇ ਹਨ। ਸਕੂਲ ਪ੍ਰਿੰਸੀਪਲ ਸ੍ਰੀ ਰਵਿੰਦਰ ਪਾਲ ਸਿਘ ਚਾਹਲ ਤੇ ਸਮੁਚੇ ਸਟਾਫ ਦੀਆਂ ਕੋਸਿਸਾ ਸਦਕਾ ਸਕੂਲ ਵਿਚ ਹਰੇਕ ਵਿਦਿਆਰਥੀ ਦਾ ਜ਼ਨਮ ਦਿਨ ਮਨਾਇਆ ਜਾਦਾ ਹੈ, ਤੇ ਵਿਦਿਆਰਥੀਆਂ ਨੂੰ ਕੋਈ ਯਾਦਗਾਰੀ ਚਿੰਨ ਵੀ ਦਿਤਾ ਜਾਂਦਾ ਹੈ। ਹਰੇਕ ਕਲਾਸ ਇੰਚਾਰਜ ਵੱਲੋ ਮਹੀਨਾ ਪਹਿਲਾ ਹੀ ਵਿਦਿਆਰਥੀਆਂ ਦੀਆਂ ਲਿਸਟਾ ਤਿਆਰ ਕਰ ਲਈਆਂ ਜਾਂਦੀਆ ਹਨ। ਤੇ ਹਰੇਕ ਅਧਿਆਪਕ



ਜਿਹੜਾ ਕੇ ਕਲਾਸ ਇੰਚਾਰਜ ਹੈ। ਹਰੇਕ ਜਨਮ ਦਿਨ ਵਾਲੇ ਵਿਦਿਅਰਥੀ ਨੂੰ ਲਿਖਣ ਸਮੱਗਰੀ ਆਦਿ ਦਿਤੀ ਜਾਂ ਦੀ ਹੈ। ਪੂਰੀ ਖੁਸ਼ੀ ਨਾਲ ਆਪਣੀ ਕਲਾਸ ਦੇ ਵਿਦਿਆਰਥੀਆਂ ਦਾ ਜਨਮ ਦਿਨ ਮਨਾਉਣ ਵਿਚ ਕੋਈ ਕਸਰ ਨਹੀ ਛੱਡਦਾ। ਤੇ ਵਿਦਿਆਰਥੀ ਵਰਗ ਵੀ ਅਜਿਹਾ ਕਰਨ ਨਾਲ ਖੁਸੀ ਅਨੁਭਵ ਕਰਦਾ ਹੈ। ਵਿਦਿਆਰਥੀਆਂ ਦਾ ਜਨਮ ਦਿਨ ਮੌਕੇ ਵਿਦਿਆਰਥੀ ਤੇ ਅਧਿਆਪਕ ਵਿਦਿਆਰਥੀ ਦੇ ਵਾਸਤੇ ਤਰੱਕੀ ਦੀਆਂ ਕਾਮਨਾਵਾਂ ਕਰਦੇ ਹਨ। ਵਿਦਿਆਰਥੀ ਦਾ ਜਨਮ ਦਿਨ ਮਨਾਉਦੇ ਹੋਏ ਗੁਰਮੀਤ ਸਿੰਘ, ਹਰਜਿੰਦਰ ਸਿੰਘ, ਨਰਿੰਦਰ ਸਿੰਘ, ਜਤਿੰਦਰਬੀਰ ਸਿੰਘ, ਕੰਵਲਪ੍ਰੀਤ ਕੌਰ, ਰਮਨ ਬਾਜਵਾ, ਸੁਮਨਦੀਪ ਕੌ, ਰੇਖਾ, ਪੂਜਾ, ਨਰੇਸ਼ ਕੁਮਾਰੀ , ਵੀਨਾ ਕੁਮਾਰੀ, ਮਨਜੀਤ ਕੌਰ, ਪਰਵਿੰਦਰ ਕੌਰ, ਮਨਇੰਦਰ ਕੌਰ, ਮਨਿੰਦਰ ਕੌਰ, ਆਦਿ ਅਧਿਆਪਕ ਹਾਜਰ ਸਨ।

# ਸੁਖਬੀਰ ਬਾਦਲ ਕਰ ਰਿਹਾ ਫੋਕੀ ਸ਼ੋਹਰਤ ਹਾਸਲ ਕਰਨ ਦੀ ਕੋਸ਼ਿਸ਼- ਬੁੱਗਾ, ਰਾਜੂ

**ਫਗਵਾੜਾ (ਬੀ.ਕੇ.ਰੱਤੂ)-** ਸੁਖਬੀਰ ਬਾਦਲ ਵਲੋਂ ਸ਼ੁਰੂ ਕੀਤੀ ਪੰਜਾਬ ਸਰਕਾਰ ਦੀ ਪੋਲ ਖੋਲ ਰੈਲੀਆਂ ਦੀ ਮੁਹਿਮ ਨੂੰ ਫੋਕੀ ਸ਼ੋਹਰਤ ਹਾਸਲ ਕਰਨ ਦਾ ਪਾਖੰਡ ਦਸਦੇ ਹੋਏ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਕਾਂਗਰਸ ਪ੍ਰਧਾਨ ਸੰਜੀਵ ਬੁੱਗਾ ਕੋਂਸਲਰ ਅਤੇ ਦਿਹਾਤੀ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ ਨੇ ਕਿਹਾ ਕਿ ਸੁਖਬੀਰ ਬਾਦਲ ਅੱਜਕਲ ਸਿਆਸੀ ਤੌਰ ਤੇ ਬਿਲਕੁਲ ਬੇਰੁਜਗਾਰ ਹੈ ਅਤੇ ਜਿਸ ਵਿਅਕਤੀ ਨੂੰ 10



ਸਾਲ ਚਰਚਾ ਵਿਚ ਰਹਿਣ ਦੀ ਆਦਤ ਬਣ ਚੁੱਕੀ ਹੋਵੇ ਜੇਕਰ ਉਹ ਅਖਬਾਰਾਂ ਦੀਆਂ ਸੁਰਖੀਆਂ ਬਟੋਰਨ ਲਈ ਅਜਿਹੇ ਹਥਕੰਡੇ ਅਪਣਾ ਰਿਹਾ ਹੈ ਤਾਂ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਉਕਤ ਆਗੂਆਂ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੂੰ ਪੰਜਾਬ ਦੇ ਲੋਕਾਂ ਨੇ ਜਿਸ ਤਰ੍ਹਾਂ ਦੀ ਕਰਾਰੀ ਸ਼ਿਕਸਤ ਪਿਛਲੀਆਂ ਵਿਧਾਨਸਭਾ ਚੋਣਾਂ ਵਿਚ ਦਿੱਤੀ ਹੈ ਉਸ ਤੋਂ ਬਾਅਦ ਸੁਖਬੀਰ ਬਾਦਲ ਨੂੰ ਚਾਹੀਦਾ ਹੈ ਕਿ ਆਪਣੀਆਂ ਗਲਤੀਆਂ ਬਾਰੇ ਵਿਚਾਰ ਕਰੇ। ਲੋਕ ਹਾਲੇ ਭੁੱਲੇ ਨਹੀਂ ਹਨ ਕਿ ਸੁਖਬੀਰ-ਮਜੀਠੀਏ ਦੀ ਜੋੜੀ ਨੇ ਪੰਜਾਬ ਨੂੰ ਕਿਸ ਤਰ੍ਹਾਂ ਨਸ਼ੇ ਦੀ ਮੰਡੀ ਬਣਾ ਦਿੱਤਾ ਸੀ ਅਤੇ ਲੋਕਾਂ ਨੂੰ ਇਹਨਾਂ ਦੀ ਸਰਕਾਰ ਨੇ ਕਿਸ ਤਰ੍ਹਾਂ ਲੁੱਟਿਆ ਅਤੇ ਕੁੱਟਿਆ ਸੀ। ਹੁਣ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸੂਬੇ ਦੀ ਮੌਜੂਦਾ ਕਾਂਗਰਸ ਸਰਕਾਰ ਪੰਜਾਬ ਦੇ ਹੋਏ ਨੁਕਸਾਨ ਨੂੰ ਪੂਰਾ ਕਰਨ ਦਾ ਯਤਨ ਕਰ ਰਹੀ ਹੈ ਤਾਂ ਸੁਖਬੀਰ ਬਾਦਲ ਦੇ ਢਿੱਡ ਵਿਚ ਮਰੋੜ ਉਠਨੇ ਲਾਜਮੀ ਹਨ। ਉਹਨਾਂ ਕਿਹਾ ਕਿ ਫਿਰ ਵੀ ਜੇਕਰ ਸੁਖਬੀਰ ਬਾਦਲ ਨੂੰ ਪੋਲ ਖੋਲ੍ਹਣ ਦਾ ਸ਼ੌਂਕ ਉਠਿਆ ਹੈ ਤਾਂ ਆਪਣੀ ਸਰਕਾਰ ਦੇ 10 ਸਾਲ ਦੇ ਰਾਜ ਵਿਚ ਲੋਕਾਂ ਨਾਲ ਕੀਤੀਆਂ ਵਧੀਕੀਆਂ ਦੀ ਪੋਲ ਖੋਲ੍ਹਣ ਤਾਂ ਜੋ ਉਹਨਾਂ ਨੂੰ ਆਪਣੀਆਂ ਗਲਤੀਆਂ ਦਾ ਕੁਝ ਅਹਿਸਾਸ ਹੋ ਸਕੇ।

# ਪਿੰਡ ਸਾਹਰੀ 'ਚ ਹੋਇਆ ਅੰਬੇਡਕਰ ਮਿਸ਼ਨ ਕਲੱਬ ਦਾ ਗਠਨ

ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ. ਬੀ. ਸੀ. ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੇ ਚੇਅਰਮੈਨ ਸ. ਜਸਬੀਰ ਸਿੰਘ ਪਾਲ ਅਤੇ ਸੂਬਾ ਪ੍ਰਧਾਨ



ਸ਼੍ਰੀ ਬਲਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ ਹੇਠ ਪਿੰਡ ਸਾਹਰੀ ਵਿਖੇ ਡਾ. ਜਸਵੰਤ ਰਾਏ ਅਤੇ ਮਾਸਟਰ ਯੋਧਾ ਮੱਲ ਦੀ ਅਗਵਾਈ ਹੇਠ ਡਾ. ਅੰਬੇਡਕਰ ਮਿਸ਼ਨ ਕਲੱਬ ਦਾ ਗਠਨ ਕੀਤਾ ਗਿਆ।ਪਿੰਡ ਦੀ ਨਵੀਂ ਪੀੜ੍ਹੀ ਨੂੰ ਸੰਬੋਧਨ ਕਰਦਿਆਂ ਡਾ. ਜਸਵੰਤ ਰਾਏ ਅਤੇ ਯੋਧਾ ਮੱਲ ਨੇ ਬਾਬਾ ਸਾਹਿਬ ਦੀ ਸਮਾਜ ਨੂੰ ਦੇਣ ਅਤੇ ਸੰਗਠਨ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਕਿਹਾ ਅੰਬੇਡਕਰ ਮਿਸ਼ਨ ਕਲੱਬ ਫੈੱਡਰੇਸ਼ਨ ਦੀ ਸਹਿਯੋਗੀ ਜਥੇਬੰਦੀ ਹੈ ਅਤੇ ਇਹ ਬਾਬਾ ਸਾਹਿਬ ਦੇ ਮਿਸ਼ਨ ਤੇ ਹੀ ਕੰਮ ਕਰ ਰਹੀ ਹੈ। ਇਸ ਮੌਕੇ ਰੌਸ਼ਨ ਸਿੰਘ ਨੂੰ ਅੰਬੇਡਕਰ ਮਿਸ਼ਨ ਕਲੱਬ ਦਾ ਪ੍ਰਧਾਨ, ਅਮਰੀਕ ਸਿੰਘ ਨਿੱਕੂ ਨੂੰ ਮੀਤ ਪ੍ਰਧਾਨ, ਅਮਰਜੀਤ ਕੌਰ ਅਤੇ ਕੁਲਵੀਰ ਸਿੰਘ ਨੂੰ ਜਨਰਲ ਸਕੱਤਰ, ਅਮਰਜੀਤ ਅਤੇ ਸੋਨੂੰ ਸੈਮੂਅਲ ਨੂੰ ਸਕੱਤਰ, ਡਾ. ਬਲਵੀਰ, ਕੁਲਵਿੰਦਰ ਸਿੰਘ ਨੂੰ ਕੈਸ਼ੀਅਰ, ਗਗਨਦੀਪ ਸਿੰਘ, ਸੁਨੀਲ ਕੁਮਾਰ, ਪ੍ਰੀਤੀ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਵਿਸ਼ਾਲ, ਕਮਲ, ਰਮਨ ਅਤੇ ਡਿੰਪਲ ਨੂੰ ਮੈਂਬਰ ਨਿਯੁਕਤ ਕੀਤਾ ਗਿਆ।ਇਸ ਮੌਕੇ ਜੁਗਿੰਦਰ ਸਿੰਘ, ਮਾਸਟਰ ਰੇਸ਼ਮ ਲਾਲ, ਪ੍ਰਸ਼ੋਤਮ ਸਿੰਘ, ਜਗਦੀਸ਼ ਕੁਮਾਰ, ਵਰਿੰਦਰ ਸਿੰਘ, ਸੋਨੂੰ, ਜਸਪ੍ਰੀਤ ਕੌਰ ਅਤੇ ਵਰਿੰਦਰ ਸਿੰਘ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ**
(91-98158-25999)

# ਖੁਰਾਲਗੜ੍ਹ ਸਾਹਿਬ ਲਈ ਰਸਦ ਭੇਜੀ

**ਫ਼ਤਹਿਗੜ੍ਹ ਸਾਹਿਬ-** ਸ੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੰਗਾ ਅੰਮ੍ਰਿਤ ਕੁੰਡ ਖੁਰਾਲਗੜ੍ਹ ਸਾਹਿਬ ਲਈ ਕੇਸਰ ਸਿੰਘ ਜਲਾਲ ਖੇੜਾ ਦੀ ਅਗਵਾਈ 'ਚ ਲੰਗਰ ਦਾ ਟਰੱਕ ਰਵਾਨਾ ਕੀਤਾ ਗਿਆ। ਟਰੱਕ ਨੂੰ ਡਾ. ਭੀਮ ਰਾਓ ਅੰਬੇਡਕਰ ਸੋਸ਼ਲ ਵੈੱਲਫੇਅਰ ਕਲੱਬ ਦੇ ਪ੍ਰਧਾਨ ਕ੍ਰਿਸ਼ਨ ਸਿੰਘ ਬਧੌਛੀ ਨੇ ਝੰਡੀ ਦੇ ਕੇ ਰਵਾਨਾ ਕੀਤਾ। ਕ੍ਰਿਸ਼ਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੇਗਮਪੁਰਾ ਮਿਸ਼ਨ ਨੂੰ ਪੂਰਾ ਕਰਨ ਲਈ ਸਾਨੂੰ ਘਰ ਘਰ ਤੱਕ ਪਹੁੰਚ ਕਰਨੀ ਚਾਹੀਦੀ ਹੈ। ਉਨ੍ਹਾਂ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਖੁਰਾਲਗੜ੍ਹ ਵਿਖੇ ਬੇਗਮਪੁਰਾ ਮਿਨਾਰ ਦੀ ਉਸਾਰੀ ਦਾ ਕੰਮ ਰੋਕ ਦਿੱਤਾ ਗਿਆ ਹੈ, ਜਿਸ ਨਾਲ ਸਮਾਜ ਦੇ ਮਨਾਂ ਨੂੰ ਠੇਸ ਲੱਗੀ ਹੈ। ਉਨ੍ਹਾਂ ਮੰਗ ਕੀਤੀ ਹੈ ਇਸ ਕਾਰਜ ਨੂੰ ਜਲਦ ਤੋ ਜਲਦ ਸ਼ੁਰੂ ਕਰਕੇ ਮਿਨਾਰ ਦਾ ਕੰਮ ਪੂਰਾ ਕੀਤਾ ਜਾਵੇ।

# ਐੱਸਸੀ.ਬੀਸੀ. ਫੈੱਡਰੇਸ਼ਨ ਵਲੋਂ ਵਿਧਾਨ ਸਭਾ ਦਾ ਘਿਰਾਓ 13 ਮਾਰਚ ਨੂੰ

**ਹੁਸ਼ਿਆਰਪੁਰ-** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ. ਬੀ.ਸੀ. ਇੰਪਲਾਇਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੀ ਇੱਕ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿਚ ਸ਼੍ਰੀ ਗੁਰੂ ਰਵਿਦਾਸ ਮੰਦਰ ਕਮਾਲਪੁਰ ਵਿਚ ਹੋਈ ਜਿਸ ਵਿਚ ਜ਼ਿਲ੍ਹੇ ਦੇ ਸਾਰੇ ਅਹੁਦੇਦਾਰਾਂ ਨੇ ਭਾਗ ਲਿਆ। ਮੀਟਿੰਗ ਵਿਚ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਤੇ ਸਾਬਕਾ ਪ੍ਰਧਾਨ ਸ. ਬਲਵੀਰ ਸਿੰਘ ਉਚੇਚੇ ਤੌਰ ਤੇ ਸ਼ਾਮਿਲ ਹੋਏ। ਭਰਵੀਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਸ਼੍ਰੀ ਬਲਰਾਜ ਕੁਮਾਰ,ਸ. ਬਲਵੀਰ ਸਿੰਘ, ਸ. ਕੁਲਵਿੰਦਰ ਸਿੰਘ ਬੋਦਲ, ਸੂਬਾ ਖਜ਼ਾਨਚੀ ਸ਼੍ਰੀ ਸ਼ਿਵ ਸਿੰਘ, ਕੁਲਵਿੰਦਰ ਸਿੰਘ ਬੋਦਲ, ਡਾ. ਜਸਵੰਤ ਰਾਏ, ਲੈਕ. ਬਲਜੀਤ ਸਿੰਘ, ਲੈਕ. ਬਲਦੇਵ ਸਿੰਘ ਧੁੱਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਐੱਸ. ਸੀ. ਬੀ. ਸੀ ਸਮਾਜ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਹੀਂ ਹੈ ਜਿਸ ਕਰਕੇ ਸਮਾਜ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਬੁਲਾਰਿਆਂ ਨੇ ਆਪਣੀ ਤਕਰੀਰ ਵਿਚ ਆਖਿਆ



ਕਿ ਜਥੇਬੰਦੀ ਲੰਬੇ ਸਮੇਂ ਤੋਂ 10.10.14 ਦੇ ਗੈਰ ਸੰਵਿਧਾਨਕ ਅਤੇ ਰਾਖਵਾਂਕਰਨ ਵਿਰੋਧੀ ਪੱਤਰ, 85ਵੀਂ ਸੰਵਿਧਾਨਕ ਸੋਧ ਅਤੇ ਐੱਸ. ਸੀ ਬੀ. ਸੀ. ਸਮਾਜ ਦੀਆਂ ਜਾਇਜ਼ ਮੰਗਾਂ ਲਈ ਸੰਘਰਸ਼ ਕਰ ਰਹੀ ਹੈ ਪਰ ਸਮੇਂ ਦੀਆਂ ਸਰਕਾਰਾਂ ਦੇ ਨੁਮਾਇੰਦਿਆਂ ਨੇ ਇਹਨਾਂ ਮੁੱਦਿਆਂ ਵੱਲ ਰੱਤੀ ਭਰ ਵੀ ਤਵੱਜੋਂ ਨਹੀਂ ਦਿੱਤੀ।ਇਸੇ ਕਰਕੇ ਬੱਜਟ ਸੈਸ਼ਨ ਦੌਰਾਨ 13 ਮਾਰਚ ਨੂੰ ਵਿਧਾਨ ਸਭਾ ਦਾ ਘਿਰਾਓ ਕੀਤਾ ਜਾਵੇਗਾ।

ਇਸ ਸਬੰਧੀ 15 ਫਰਵਰੀ ਤੋਂ 5 ਮਾਰਚ ਤੱਕ ਬਲਾਕ ਪੱਧਰ ਤੇ ਮੀਟਿੰਗਾਂ ਕਰਕੇ ਰੂਪ ਰੇਖਾ ਤਿਆਰ ਕੀਤੀ ਜਾਵੇਗੀ ਤੇ ਹੁਸ਼ਿਆਰਪੁਰ ਤੋਂ 15 ਬੱਸਾਂ ਇਸ ਘਿਰਾਓ ਵਿਚ ਰੋਸ ਵਜੋਂ ਸ਼ਾਮਿਲ ਹੋਣਗੀਆਂ।

ਮੀਟਿੰਗ ਨੂੰ ਪ੍ਰਿੰ. ਜੈ ਸਿੰਘ ਹੀਰਾ, ਜਰਨੈਲ ਸਿੰਘ ਸੀਕਰੀ, ਜਸਪਾਲ ਸਿੰਘ, ਯੋਧਾ ਮੱਲ, ਕਰਨੈਲ ਸਿੰਘ, ਰਣਵੀਰ ਕੁਮਾਰ, ਗੁਲਜਾਰੀ ਲਾਲ, ਸੰਦੀਪ ਕੁਮਾਰ, ਚਮਨ ਲਾਲ, ਦੇਸ ਰਾਜ, ਸੁਖਦੇਵ ਸਿੰਘ, ਹਰਸ਼ਦੀਪ ਸਿੰਘ ਅੰਬੇਡਕਰਾਈਟਸ, ਮਨੋਜ ਕੁਮਾਰ ਅੰਬੇਡਕਰ ਟਾਈਗਰ ਫੋਰਸ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮੋਹਨ ਲਾਲ, ਅਮਰਜੀਤ ਸਿੰਘ, ਬਲਵੰਤ ਸਿੰਘ, ਚਮਨ ਲਾਲ, ਲਖਵਿੰਦਰ ਰਾਮ, ਪ੍ਰਿੰਸੀ. ਰਣਜੀਤ ਸਿੰਘ, ਪ੍ਰਿੰ. ਧਰਮਿੰਦਰ ਸਿੰਘ, ਪ੍ਰਿੰ. ਰਾਮਆਸਰਾ, ਪ੍ਰਿੰ ਚਰਨ ਸਿੰਘ, ਰਿੰਕੂ ਭਾਟੀਆ, ਪ੍ਰਭਜੋਤ ਸਿੰਘ, ਲੈਕ. ਰਣਜੀਤ ਸਿੰਘ, ਜਸਵੀਰ ਸਿੰਘ, ਗਗਨਦੀਪ ਸਿੰਘ ਆਦਿ ਸ਼ਾਮਿਲ ਸਨ।ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਨਿਭਾਈ।

# MAHA RISHI VALMIK SABHA USA

## YUBA CITY CALIFORNIA




### ਗੁਰੂ ਪਿਆਰੀ ਸਾਧ ਸੰਗਤ ਜੀਓ!

ਆਪ ਸਭ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਭਗਵਾਨ ਵਾਲਮੀਕ ਟੈਂਪਲ ਯੂਬਾ ਸਿਟੀ ਦਾ ਸਥਾਪਨਾ ਦਿਵਸ 84/86 ਪਰਸੀ ਐਵਨਿਊ ਮਹਾਂਰਿਸ਼ੀ ਵਾਲਮੀਕ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਬੜੀ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਕਥਾਵਾਚਕ ਭਗਵਾਨ ਵਾਲਮੀਕ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਨਗੇ। ਮਹਾਂਰਿਸ਼ੀ ਵਾਲਮੀਕ ਸੰਗੀਤ ਮੰਡਲੀ ਤੇ ਹੋਰ ਕਲਾਕਾਰਾਂ ਵੱਲੋਂ ਭਜਨ, ਗੁਣਗਾਨ ਕੀਤਾ ਜਾਵੇਗਾ। ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਨਿਮਨ ਲਿਖਤ ਸਾਰੇ ਪ੍ਰੋਗਰਾਮਾਂ ਵਿਚ ਪਰਿਵਾਰਾਂ ਸਮੇਤ ਟੈਂਪਲ ਪਹੁੰਚ ਕੇ ਗੁਰੂ ਚਰਨਾਂ ਵਿਚ ਹਾਜ਼ਰੀ ਲਗਵਾਓ। ਭਗਵਾਨ ਵਾਲਮੀਕ ਟੈਂਪਲ ਦੇ ਸਥਾਪਨਾ ਦਿਵਸ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕਰੋ ਜੀ।

**ਸਮੂਹ ਸਭਾਵਾਂ:** ਸ੍ਰੀ ਗੁਰੂ ਰਵਿਦਾਸ ਸਭਾ ਯੂਬਾ ਸਿਟੀ, ਰਿਓਲਿੰਡਾ, ਪਿਟਸਬਰਗ ਅਤੇ ਮਹਾਂਰਿਸ਼ੀ ਵਾਲਮੀਕ ਸਭਾ ਨਿਊਯਾਰਕ, ਕੈਨੇਡਾ, ਫਰਾਂਸ ਅਤੇ ਪੈਰਿਸ ਆਦਿ ਦੀਆਂ ਸੰਗਤਾਂ ਨੂੰ ਸਭਾ ਵੱਲੋਂ ਸਥਾਪਨਾ ਦਿਵਸ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

## PROGRAM

**SUNDAY: MARCH 04, 2018**
Nishan Sahib Sewa 10:00 AM
Path Yog Vaisistha Sahib Ji 11.00 AM

**SUNDAY: MARCH 04, 2018**
Katha Sri Valmik Ramayan 11.30 AM
Bhajan and Speeches : 12.00 Noon To 3 PM

## Organizer

Surjit Singh Gill
Sham Lal Sondhi
Deepa Thaper
Davinder Shubh
Amrit Pal
Kundan Lal Sondhi
Narinder Gill
Vishal Sharbati
Ravi Pal
Varun Gill

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

## Performances

Bhupinder Bhinda, Amarjit Lali, Vishal Sharbati, Raj Kumar, Jiwan Rattu, Des Raj, Shubh, Rohtas Bhagani, Rajinder Sahota, Gurdeep Singh Heera, Swaran Lata Sondhi, Joginder Singh Shonki



ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ) ਦੇ ਅਹੁਦੇਦਾਰ ਅਤੇ ਮੈਂਬਰ

**Address : 84/86 Percy Ave., Yuba City, CA 95991. Phone 530-777-9385**

President-Prem Sondhi : 530-751-3887, Vice President- Santokh Singh Gill: 530-740-3056, Palwinder Sahota Secretary: 530-674-9766, Vice Secretary- Balbir Singh Dhariwal 916-243-9017, Chairman - Gurpal Singh : 916-873-0311, Vice Chairman- Balbir Singh Thaper : 916-607-4650, Cashier : Vinod Gill : 530-822-9587, Avinash Sondhi : 530-301-1157, Surjit Singh Gill, Deepak Thaper, Kundan Lal Sondhi, Narinder Gill, Sham Lal Sondhi, Varun Gill, Binder Shubh, Ravi Gharu, Amritpal, Maintenance Organizer : Jagjit Singh Gill : 530-315-1425.



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets




INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# 18ਵਾਂ ਵਿਸ਼ਾਲ ਨਗਰ ਕੀਰਤਨ

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ

## 641ਵਾਂ ਪ੍ਰਕਾਸ਼ ਉਤਸਵ

## ਮਿਤੀ 11 ਮਾਰਚ 2018 ਦਿਨ ਐਤਵਾਰ ਨੂੰ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 18ਵਾਂ ਵਿਸ਼ਾਲ ਨਗਰ ਕੀਰਤਨ 11 ਮਾਰਚ, 2018 ਨੂੰ ਸਵੇਰੇ 10 ਵਜੇ ਤੋਂ ਆਰੰਭ ਹੋ ਕੇ ਸ਼ਾਮ ਤੱਕ ਕੱਢਿਆ ਜਾਵੇਗਾ।






### ਪ੍ਰੋਗਰਾਮਾਂ ਦਾ ਵੇਰਵਾ

11 ਮਾਰਚ 2018 ਦਿਨ ਐਤਵਾਰ

ਆਸਾ ਦੀ ਵਾਰ ਸਵੇਰੇ 5 ਵਜੇ ਤੋਂ 5 ਵਜੇ ਤੱਕ

ਨਗਰ ਕੀਰਤਨ

ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ

ਮਿਤੀ 10 ਮਾਰਚ 2018 ਦਿਨ ਸ਼ਨਿਚਰਵਾਰ

ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 11 ਵਜੇ

ਰੈਣ-ਸੁਬਾਈ ਕੀਰਤਨ

ਸ਼ਾਮੀ 4 ਵਜੇ ਤੋਂ 10 ਵਜੇ ਤੱਕ

ਜਾਰੀ ਕਰਤਾ: ਸ੍ਰੀ ਗੁਰੂ ਰਵਿਦਾਸ ਸਭਾ ਰਿਓਲਿੰਡਾ (ਫੋਨ 916-992-1710)

### ਗੁਰੂ ਘਰ ਦਾ ਪਤਾ

**6221, 16th Street, Rio Linda, CA 95673**

# ਟਰੂਡੋ ਦੀ ਪੰਜਾਬ ਫੇਰੀ ਅਤੇ ਕੈਨੇਡਾ ਵਿੱਚ ਪੰਜਾਬੀਆਂ ਦੀ ਭੂਮਿਕਾ

**ਪੰਜਾਬੀਆਂ ਨੇ ਇਸ ਵੇਲੇ ਕੈਨੇਡਾ 'ਚ ਆਪਣੇ ਕਾਰੋਬਾਰ ਖੋਲ੍ਹੇ ਹੋਏ ਹਨ। ਉਹ ਪਰਵਾਸੀ ਜਿਹੜੇ 20ਵੀਂ ਸਦੀ ਦੇ ਆਰੰਭ 'ਚ ਕੈਨੇਡਾ ਦੇ ਵੱਡੇ-ਵੱਡੇ ਲੱਕੜ ਦੇ ਆਰਿਆਂ 'ਤੇ ਮਜ਼ਦੂਰੀ ਕਰਦੇ ਸਨ, ਖੇਤਾਂ 'ਚ ਖੇਤ ਮਜ਼ਦੂਰ ਵਜੋਂ ਕਾਮੇ ਸਨ, ਅੱਜ ਉਹ ਖੇਤਾਂ ਦੇ, ਸਾਅ ਮਿੱਲਾਂ ਦੇ ਮਾਲਕ ਹਨ। ਲੱਕੜ ਦੇ ਆਰਿਆਂ ਦੇ ਮਾਲਕ ਤਾਂ ਉਹ ਓਦੋਂ ਹੀ ਬਣ ਗਏ ਸਨ, ਜਦੋਂ ਉਨੀਵੀਂ ਸੱਦੀ ਦੇ ਪਹਿਲੇ-ਦੂਜੇ ਦਹਾਕੇ 'ਚ ਉਹ ਸਿਰੜੀ ਕਾਮਿਆਂ ਵਜੋਂ ਆਪਣੀ ਪਹਿਚਾਣ ਬਣਾ ਚੁੱਕੇ ਸਨ। ਪੰਜਾਬ ਦੇ ਦੁਆਬੇ ਖਿੱਤੇ ਦੇ ਪਿੰਡ ਪਾਲਦੀ ਅਤੇ ਇਸੇ ਖਿੱਤੇ ਦੇ ਪਿੰਡ ਪਲਾਹੀ(ਫਗਵਾੜਾ) ਦੇ ਪੰਜਾਬੀਆਂ ਦਾ ਨਾਂ( ਜਿਹਨਾ 'ਚ ਸ. ਨੰਦ ਸਿੰਘ ਪਲਾਹੀ, ਸੇਵਾ ਸਿੰਘ ਪਾਲਦੀ, ਆਸਾ ਸਿੰਘ ਜੋਹਲ, ਜੈਕ ਉਪਲ ਦਾ ਨਾਂ ਵਿਸ਼ੇਸ਼ ਹੈ), ਉਹਨਾ ਲੋਕਾਂ 'ਚ ਬੋਲਦਾ ਹੈ, ਜਿਹਨਾ ਨੇ ਭਰ ਜੁਆਨੀ 'ਚ ਹੀ ਆਪਣੇ ਚੰਗੇ ਕਾਰੋਬਾਰ ਸਥਾਪਿਤ ਕੀਤੇ ਅਤੇ ਇਹਨਾਂ ਕਾਰੋਬਾਰਾਂ 'ਚ ਪੰਜਾਬੋਂ ਆਉਂਦੇ ਪੰਜਾਬੀਆਂ ਨੂੰ ਰੁਜ਼ਗਾਰ ਹੀ ਨਹੀਂ ਦਿੱਤੇ, ਸਗੋਂ ਉਹਨਾ ਦੀ ਰਿਹਾਇਸ਼ ਖਾਣ-ਪੀਣ ਦੇ ਪ੍ਰਬੰਧ 'ਚ ਖੁਲ੍ਹ-ਦਿਲੀ ਨਾਲ ਮਦਦ ਕੀਤੀ।**



**ਗੁਰਮੀਤ ਸਿੰਘ ਪਲਾਹੀ**
91-98158-02070

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਭਾਰਤ ਦੀ ਫੇਰੀ ਦੌਰਾਨ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਸਮੂਹ ਵਿਖੇ ਦਰਸ਼ਨਾਂ ਲਈ ਪੁੱਜਣ ਦੀਆਂ ਖ਼ਬਰਾਂ ਕਾਰਨ ਸੰਸਾਰ ਭਰ 'ਚ ਵਸਦੇ ਪੰਜਾਬੀਆਂ ਦੀਆਂ ਟਰੂਡੋ ਦੀ ਇਸ ਇਤਿਹਾਸਕ ਯਾਤਰਾ ਵੱਲ ਨਜ਼ਰਾਂ ਸਨ ਕਿਉਂਕਿ ਪੰਜਾਬੀਆਂ ਲਈ ਕੈਨੇਡਾ ਉਹਨਾ ਦੇ ਪ੍ਰਵਾਸ ਟਿਕਾਣੇ ਦੀ ਪਹਿਲ ਹੈ। ਲੱਖਾਂ ਦੀ ਗਿਣਤੀ 'ਚ ਪੰਜਾਬੀ ਇਸ ਸੁੰਦਰ, ਸੁਹਾਣੇ ਦੇਸ਼ ਵਿੱਚ ਦਹਾਕਿਆਂ ਤੋਂ ਵਸੇ ਹੋਏ ਹਨ। ਇਹ ਪ੍ਰਵਾਸੀ ਮਿਹਨਤ ਕਰਕੇ ਉਥੇ ਚੰਗੀ ਜ਼ਿੰਦਗੀ ਵਸਰ ਕਰਨ ਦੇ ਆਹਰ ਵਿੱਚ ਹਨ ਅਤੇ ਉਹਨਾ ਨੂੰ ਰੁਜ਼ਗਾਰ ਦੇ ਚੰਗੇ ਮੌਕੇ ਵੀ ਮਿਲੇ ਹੋਏ ਹਨ, ਜਿਸ ਸਦਕਾ ਉਹਨਾ ਕੈਨੇਡਾ ਦੇ ਚੰਗੇ ਸ਼ਹਿਰੀ ਬਣਕੇ ਹਰ ਖੇਤਰ ਵਿੱਚ ਨਾਮਣਾ ਵੀ ਖੱਟਿਆ ਹੈ। ਆਪਣੀ ਜਨਮ ਭੂਮੀ ਉਤੇ ਆਪਣੇ ਕਰਮਭੂਮੀ ਦੇ ਪ੍ਰਧਾਨ ਮੰਤਰੀ ਦੀ ਫੇਰੀ ਭਾਵੁਕ ਤੌਰ 'ਤੇ ਉਹਨਾ ਲਈ ਵਡੇਰੇ ਅਰਥ ਰੱਖਦੀ ਹੈ। ਦੋਹਾਂ ਖਿੱਤਿਆ ਦੇ ਲੋਕਾਂ ਦੇ ਆਪਸੀ ਸਬੰਧਾਂ, ਸਹਿਯੋਗ 'ਚ ਪਹਿਲਕਦਮੀ ਨੇੜਲੇ ਭਵਿੱਖ 'ਚ ਪੰਜਾਬੀਆਂ ਲਈ ਨਵੇਂ ਦਰ ਵੀ ਖੋਹਲ ਸਕਦੀ ਹੈ। ਪਰ ਟਰੂਡੋ ਦੀ ਇਸ ਭਾਰਤ ਫੇਰੀ ਦੌਰਾਨ ਪੰਜਾਬ ਦੀ ਸਰਕਾਰ ਅਤੇ ਪ੍ਰਸਾਸ਼ਨ ਵਲੋਂ ਉਹਨਾ ਪ੍ਰਤੀ ਵਿਖਾਈ ਬੇਰੁਖੀ, ਪ੍ਰਵਾਸੀ ਪੰਜਾਬੀਆਂ ਦੀ ਸਰਕਾਰ ਪ੍ਰਤੀ ਦੂਰੀ ਵਧਾਉਣ ਦਾ ਕਾਰਨ ਬਣ ਸਕਦੀ ਹੈ ਹਾਲਾਂਕਿ ਪ੍ਰਵਾਸੀ ਪੰਜਾਬੀ ਪੰਜਾਬ ਨੰ ਕੈਨੇਡਾ ਵਰਗਾ ਬਣਿਆ ਵੇਖਣਾ ਚਾਹੁੰਦੇ ਹਨ, ਅਤੇ ਪੰਜਾਬ ਨੂੰ ਕੈਨੇਡਾ ਦੇ ਵਪਾਰਕ, ਸਿੱਖਿਆ, ਸਭਿਆਚਾਰਕ, ਉਦਯੋਗਿਕ ਖੇਤਰ 'ਚ ਸਾਂਝ- ਭਿਆਲੀ ਨਾਲ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਦੇ ਚਾਹਵਾਨ ਵੀ ਹਨ।

### ਕੈਨੇਡਾ ਵਿੱਚ ਪੰਜਾਬੀ ਸਥਾਪਤੀ

ਕੈਨੇਡਾ ਦੀਆਂ ਪਿਛਲੀਆਂ ਚੋਣਾਂ 'ਚ ਪ੍ਰਵਾਸੀਆਂ ਨੇ ਵੱਡੀਆਂ ਮੱਲਾਂ ਮਾਰੀਆਂ। ਚਾਰ ਪ੍ਰਵਾਸੀ ਇਸ ਵੇਲੇ ਕੈਨੇਡੀਅਨ ਵਜਾਰਤ ਵਿੱਚ ਮੰਤਰੀ ਹਨ ਅਤੇ ਕੈਨੇਡੀਅਨ ਪਾਰਲੀਮੈਂਟ ਵਿੱਚ ਭਾਰਤੀ ਮੂਲ ਦੇ 19 ਮੈਂਬਰ ਪਾਰਲੀਮੈਂਟ ਹਨ, ਜਿਹਨਾ 'ਚ ਬਹੁ-ਗਿਣਤੀ ਪ੍ਰਵਾਸੀ ਪੰਜਾਬੀ ਹਨ। ਪ੍ਰਧਾਨ ਮੰਤਰੀ ਟਰੂਡੋ ਦਾ ਪ੍ਰਵਾਸੀਆਂ ਪ੍ਰਤੀ ਵਿਸ਼ੇਸ਼ ਲਗਾਅ ਹੈ ਅਤੇ ਸਮੇਂ ਸਮੇਂ ਉਸ ਵਲੋਂ ਪ੍ਰਵਾਸ ਹੰਢਾ ਰਹੇ ਇਹਨਾ ਕੈਨੇਡੀਅਨ ਭਾਰਤੀਆਂ ਖਾਸ ਕਰ ਪੰਜਾਬੀਆਂ ਉਹਨਾ ਦੇ ਹਿੱਤ ਦੀਆਂ ਨੀਤੀਆਂ ਘੜਨ ਅਤੇ ਲਾਗੂ ਕਰਨ ਦੀਆਂ ਖ਼ਬਰਾਂ ਮਿਲਦੀਆਂ ਹੀ ਰਹਿੰਦੀਆਂ ਹਨ।

ਕੈਨੇਡਾ ਪੁੱਜੇ ਪੰਜਾਬੀਆਂ ਨੂੰ ਆਪਣੇ ਮੁਢਲੇ ਪ੍ਰਵਾਸ ਦੌਰਾਨ ਬਹੁਤ ਕਸ਼ਟ ਝੱਲਣੇ ਪਏ। ਉਥੋਂ ਦੀ ਬੋਲੀ ਪ੍ਰਤੀ ਅਗਿਆਨਤਾ, ਅਤੇ ਉਥੋਂ ਦੇ ਕੱਟੜ ਕਿਸਮ ਦੇ ਲੋਕਾਂ ਵਲੋਂ ਇਹਨਾ ਪ੍ਰਵਾਸੀਆਂ ਪ੍ਰਤੀ ਵਿਰੋਧ ਨੇ ਸਥਾਨਕ ਲੋਕਾਂ ਤੋਂ ਦੂਰੀ ਬਣਾਈ ਰੱਖੀ, ਪਰ ਆਪਣੀ ਸਖਤ ਮਿਹਨਤ ਅਤੇ ਮਿਲਾਪੜੇ ਸੁਭਾਅ ਕਾਰਨ ਉਹਨਾ ਹਰ ਖੇਤਰ 'ਚ ਆਪਣੀ ਥਾਂ ਬਣਾਈ। ਇੱਕ ਰਿਪੋਰਟ ਅਨੁਸਾਰ 1906 'ਚ ਕੈਨੇਡਾ ਪੁੱਜੇ ਸਿੱਖ ਵਰਕਰਾਂ ਦੀ ਗਿਣਤੀ 1500 ਸੀ, ਜਿਹੜੇ ਕਿ ਟੋਲਿਆਂ ਵਿੱਚ ਰਹਿਕੇ ਜਾਨ-ਹੂਲਵੀ ਮਿਹਨਤ ਕਰਕੇ ਔਖੇ ਔਖੇ ਮਿਹਨਤੀ ਕੰਮ ਕਰਦੇ ਸਨ। ਇਸ ਮਿਹਨਤ ਸਦਕਾ, ਸਥਾਨਕ ਲੋਕਾਂ ਦੀ ਮਿਲਵਰਤਨ ਅਤੇ ਇੱਕਠਿਆਂ ਹੋਕੇ ਹੰਭਲਾ ਮਾਰਨ ਦੀ ਪ੍ਰਵਿਰਤੀ ਸਦਕਾ ਉਹਨਾ ਉਨੀ ਸੌ ਸਤਰਵਿਆਂ ਤੱਕ ਕੈਨੇਡਾ 'ਚ ਆਪਣੀ ਵਰਨਣ ਯੋਗ ਹਾਜ਼ਰੀ ਸਥਾਪਤ ਕਰ ਲਈ ਅਤੇ ਕੈਨੇਡਾ ਦੇ ਬ੍ਰਿਟਿਸ਼ ਕਲੰਬੀਆਂ ਸੂਬੇ ਦੇ ਸ਼ਹਿਰਾਂ ਵੈਨਕੋਵਰ, ਡੈਲਟਾ, ਰੈਚਮੈਂਡ, ਸਰੀ 'ਚ ਆਪਣੀਆਂ ਰਿਹਾਇਸ਼ਾਂ ਅਤੇ ਗੁਰੂ



ਘਰਾਂ ਦਾ ਨਿਰਮਾਣ ਕਰਨ 'ਚ ਸਫਲਤਾ ਪ੍ਰਾਪਤ ਕੀਤੀ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਅੱਜ ਕੈਨੇਡਾ ਵਿੱਚ ਪੰਜਾਬੀ ਕੈਨੇਡੀਅਨਾਂ ਦੀ ਗਿਣਤੀ 5,45,730 ਹੈ, ਜਿਹੜੇ ਕਿ ਖਾਸ ਤੌਰ ਤੇ ਸੂਬੇ ਬ੍ਰਿਟਿਸ਼ ਕਲੰਬੀਆ, ਉਨਟੋਰਿਓ, ਐਡਮੈਨਟਨ, ਆਦਿ ਥਾਵਾਂ ਤੇ ਬਹੁਤਾਤ 'ਚ ਰਹਿੰਦੇ ਹਨ ਅਤੇ ਉਹ ਅੰਗਰੇਜ਼ੀ, ਫਰੈਂਚ, ਪੰਜਾਬੀ, ਉਰਦੂ, ਹਿੰਦੀ, ਬੋਲਦੇ ਹਨ। ਇਹ ਪ੍ਰਵਾਸੀ ਪੰਜਾਬੀ ਸਿੱਖ, ਹਿੰਦੂ, ਮੁਸਲਿਮ ਅਤੇ ਈਸਾਈ ਧਰਮ ਨਾਲ ਮੁੱਖ ਤੌਰ ਤੇ ਸਬੰਧਤ ਹਨ। ਕੈਨੇਡਾ ਦੀ ਪਾਰਲੀਮੈਂਟ ਵਿੱਚ ਪੰਜਾਬੀ ਬੋਲੀ ਤੀਸਰੀ ਵੱਡੀ ਭਾਸ਼ਾ ਹੈ, ਜੋ ਪਾਰਲੀਮੈਂਟ ਵਿੱਚ ਬੋਲੀ ਸੁਣੀ ਜਾਂਦੀ ਹੈ। ਵੈਨਕੋਵਰ 'ਚ 5.5 ਫੀਸਦੀ ਲੋਕ ਜਦਕਿ ਸਰੀ 'ਚ 21.3 ਫੀਸਦੀ ਲੋਕ ਘਰਾਂ 'ਚ ਪੰਜਾਬੀ ਬੋਲਦੇ ਹਨ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਹਰ ਵਰ੍ਹੇ ਹਜ਼ਾਰਾਂ ਵਿਦਿਆਰਥੀ ਪੜ੍ਹਨ ਲਈ ਕੈਨੇਡਾ ਪੁੱਜਦੇ ਹਨ। ਯੋਗਤਾ ਅਧਾਰਤ ਉਥੋਂ ਦੀ ਪੱਕੀ ਰਿਹਾਇਸ਼ ਪ੍ਰਾਪਤ ਕਰਨ ਲਈ ਯਤਨ ਕਰਦੇ ਹਨ। ਸਾਲ 2016-17 ਵਿੱਚ ਲਗਭਗ ਸਵਾ ਲੱਖ ਭਾਰਤੀ ਵਿਦਿਆਰਥੀ, ਮੁੱਖ ਤੌਰ ਤੇ ਪੰਜਾਬੀ ਨੌਜਵਾਨ ਵਿਦਿਆਰਥੀ ਵੀਜ਼ਾ ਲੈਕੇ ਕੈਨੇਡਾ ਪੁੱਜੇ ਹਨ।

ਕੈਨੇਡਾ ਪੁੱਜੇ ਮੁਢਲੇ ਪੰਜਾਬੀਆਂ ਨੇ ਵੱਡੀਆਂ ਘਾਲਣਾਵਾਂ ਘਾਲੀਆਂ। ਦਿਨ ਰਾਤ ਮਿਹਨਤ ਕੀਤੀ। ਕੋਈ ਸਮਾਂ ਸੀ ਜਦੋਂ ਇਹਨਾਂ ਪ੍ਰਵਾਸੀਆਂ ਨੂੰ ਕੈਨੇਡਾ 'ਚ ਵੋਟ ਪਾਉਣ ਦਾ ਵੀ ਹੱਕ ਨਹੀਂ ਸੀ। ਪੰਜਾਬੀਆਂ ਇਸ ਵਿਤਕਰੇ ਵਿਰੁੱਧ ਲੜਾਈ ਲੜੀ। ਦੇਸ਼ ਦੀ ਅਜ਼ਾਦੀ ਲਈ ਵੀ ਵੱਡਾ ਯੋਗਦਾਨ ਪਾਇਆ। ਅੱਜ ਸਥਿਤੀ ਇਹ ਹੈ ਕਿ ਤਿੰਨ ਦਰਜਨ ਦੇ ਕਰੀਬ ਇਹ ਪ੍ਰਵਾਸੀ ਪੰਜਾਬੀ ਕੈਨੇਡੀਅਨ ਪਾਰਲੀਮੈਂਟ ਅਤੇ ਸੂਬਿਆਂ ਦੀ ਵਿਧਾਨ ਸਭਾਵਾਂ ਵਿੱਚ ਵਿਸ਼ੇਸ਼ ਭੂਮਿਕਾ ਨਿਭਾ ਰਹੇ ਹਨ। ਦੇਸ਼ ਦਾ ਰੱਖਿਆ ਮੰਤਰੀ ਪੰਜਾਬੀ ਹੈ। ਪੰਜਾਬੀਆਂ ਨੇ ਇਸ ਵੇਲੇ ਕੈਨੇਡਾ 'ਚ ਆਪਣੇ ਕਾਰੋਬਾਰ ਖੋਲ੍ਹੇ ਹੋਏ ਹਨ। ਉਹ ਪਰਵਾਸੀ ਜਿਹੜੇ 20ਵੀਂ ਸਦੀ ਦੇ ਆਰੰਭ 'ਚ ਕੈਨੇਡਾ ਦੇ ਵੱਡੇ-ਵੱਡੇ ਲੱਕੜ ਦੇ ਆਰਿਆਂ 'ਤੇ ਮਜ਼ਦੂਰੀ ਕਰਦੇ ਸਨ, ਖੇਤਾਂ 'ਚ ਖੇਤ ਮਜ਼ਦੂਰ ਵਜੋਂ ਕਾਮੇ ਸਨ, ਅੱਜ ਉਹ ਖੇਤਾਂ ਦੇ, ਸਾਅ ਮਿੱਲਾਂ ਦੇ ਮਾਲਕ ਹਨ। ਲੱਕੜ ਦੇ ਆਰਿਆਂ ਦੇ ਮਾਲਕ ਤਾਂ ਉਹ ਓਦੋਂ ਹੀ ਬਣ ਗਏ ਸਨ, ਜਦੋਂ ਉਨੀਵੀਂ ਸੱਦੀ ਦੇ ਪਹਿਲੇ-ਦੂਜੇ ਦਹਾਕੇ 'ਚ ਉਹ ਸਿਰੜੀ ਕਾਮਿਆਂ ਵਜੋਂ ਆਪਣੀ ਪਹਿਚਾਣ ਬਣਾ ਚੁੱਕੇ ਸਨ। ਪੰਜਾਬ ਦੇ ਦੁਆਬੇ ਖਿੱਤੇ ਦੇ ਪਿੰਡ ਪਾਲਦੀ ਅਤੇ ਇਸੇ ਖਿੱਤੇ ਦੇ ਪਿੰਡ ਪਲਾਹੀ(ਫਗਵਾੜਾ) ਦੇ ਪੰਜਾਬੀਆਂ ਦਾ ਨਾਂ (ਜਿਹਨਾ 'ਚ ਸ. ਨੰਦ ਸਿੰਘ ਪਲਾਹੀ, ਸੇਵਾ ਸਿੰਘ ਪਾਲਦੀ, ਆਸਾ ਸਿੰਘ ਜੋਹਲ, ਜੈਕ ਉਪਲ ਦਾ ਨਾਂ ਵਿਸ਼ੇਸ਼ ਹੈ), ਉਹਨਾ ਲੋਕਾਂ 'ਚ ਬੋਲਦਾ ਹੈ, ਜਿਹਨਾ ਨੇ ਭਰ ਜੁਆਨੀ 'ਚ ਹੀ ਆਪਣੇ ਚੰਗੇ ਕਾਰੋਬਾਰ ਸਥਾਪਿਤ ਕੀਤੇ ਅਤੇ ਇਹਨਾ ਕਾਰੋਬਾਰਾਂ 'ਚ ਪੰਜਾਬੋਂ ਆਉਂਦੇ ਪੰਜਾਬੀਆਂ ਨੂੰ ਰੁਜ਼ਗਾਰ ਹੀ ਨਹੀਂ ਦਿੱਤੇ, ਸਗੋਂ ਉਹਨਾ ਦੀ ਰਿਹਾਇਸ਼ ਖਾਣ-ਪੀਣ ਦੇ ਪ੍ਰਬੰਧ 'ਚ ਖੁਲ੍ਹ-ਦਿਲੀ ਨਾਲ ਮਦਦ ਕੀਤੀ।

ਅੱਜ ਕੈਨੇਡਾ 'ਚ ਮਾਹਰ ਇੰਜੀਨੀਅਰ ਪੰਜਾਬੀ ਹਨ, ਡਾਕਟਰ ਹਨ, ਪ੍ਰੋਫੈਸ਼ਨਲ ਹਨ, ਵੱਡੇ ਆਈ ਟੀ ਕਾਰੋਬਾਰਾਂ ਦੇ ਮਾਲਕ ਹਨ ਅਤੇ ਪੰਜਾਬੀ ਦੇ ਵੱਡੇ-ਵੱਡੇ ਸਪਤਾਹਿਕ ਪ੍ਰਿੰਟ ਅਤੇ ਆਨ-ਲਾਈਨ ਅਖ਼ਬਾਰ ਹਨ, ਰੇਡੀਉ ਹਨ, ਪੰਜਾਬੀ ਚੈਨਲ ਹਨ, ਜਿਹੜੇ ਪਲ ਪਲ ਦੀ ਦੇਸੀ ਵਿਦੇਸ਼ੀ ਖ਼ਬਰ ਪੰਜਾਬੀਆਂ ਤੱਕ ਪੁੱਜਦੀ ਕਰਦੇ ਹਨ, ਜਿਹਨਾ ਦੀ ਤਾਂਘ ਪ੍ਰਵਾਸ ਹੰਢਾ ਰਹੇ ਪੰਜਾਬੀਆਂ ਨੂੰ ਹਰ ਪਲ ਰਹਿੰਦੀ ਹੈ। ਵੱਡੇ ਗਿਣਤੀ ਪੰਜਾਬੀ ਲੇਖਕ ਕੈਨੇਡਾ ਦੀ ਧਰਤੀ 'ਤੇ ਬੈਠੇ ਹਨ। ਕੈਨੇਡਾ ਵਸਦੇ ਪ੍ਰਵਾਸੀ ਪੰਜਾਬੀਆਂ ਦੇ ਯੋਗਦਾਨ, ਉਹਨਾ ਦੀਆਂ ਵੱਖੋ-ਵੱਖਰੇ ਖੇਤਰਾਂ 'ਚ ਕੀਤੀਆਂ ਪ੍ਰਾਪਤੀਆਂ ਸਬੰਧੀ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਨੇ ਇੰਡੀਅਨ ਐਬਰੋਡ ਐਂਡ ਪੰਜਾਬ ਇੰਮਪੈਕਟ (ਸਮੁੰਦਰੋਂ ਪਾਰ ਦਾ ਪੰਜਾਬੀ ਸੰਸਾਰ- ਸਪੈਸ਼ਲ ਕੈਨੇਡਾ ਅੰਕ-2018) ਪੁਸਤਕ ਛਾਪੀ, ਜਿਸਨੂੰ ਪੰਜਾਬੀ ਵਿਰਸਾ ਟਰੱਸਟ (ਰਜਿ.) ਵਲੋਂ ਫਗਵਾੜਾ ਵਿਖੇ ਰਲੀਜ਼ ਕੀਤਾ ਗਿਆ, ਜੋ ਕਿ ਇਸੇ ਕੜੀ ਦੌਰਾਨ ਕੈਨੇਡਾ ਵਸਦੇ ਪੰਜਾਬੀ ਪਰਵਾਸੀਆਂ ਦੀਆਂ ਕੋਸ਼ਿਸ਼ਾਂ ਦੀ ਤਸਵੀਰ ਪੇਸ਼ ਕਰਦੀ ਹੈ।

ਕੈਨੇਡਾ ਵਸਦੇ ਪੰਜਾਬੀਆਂ ਦੀ ਕੈਨੇਡਾ ਦੇ ਅਰਥਚਾਰੇ ਨੂੰ ਹੁਲਾਰਾ ਦੇਣ 'ਚ ਵੱਡੀ ਭੂਮਿਕਾ ਹੈ। ਉਹ ਇਸ ਵੇਲੇ ਕੈਨੇਡਾ ਦੇ ਵਿਕਾਸ ਵਿੱਚ ਹੀ ਨਹੀਂ, ਸਗੋਂ ਕੈਨੇਡਾ ਦੀ ਸਿਆਸਤ ਵਿੱਚ ਵੀ ਵੱਡੀ ਭੂਮਿਕਾ ਨਿਭਾ ਰਹੇ ਹਨ।

ਕੈਨੇਡਾ ਨੇ ਪੰਜਾਬੀਆਂ ਨੂੰ ਅਜ਼ਾਦ ਫਿਜ਼ਾਵਾਂ ਦਿੱਤੀਆਂ ਹਨ, ਬਰਾਬਰਤਾ ਦਾ ਅਹਿਸਾਸ ਦਿੱਤਾ ਹੈ, ਚੰਗਾ ਵਧੀਆ ਜੀਵਨ ਜੀਊਣ ਲਈ ਸਾਧਨ ਪ੍ਰਾਪਤੀ ਦੇ ਮੌਕੇ ਦਿੱਤੇ ਹਨ ਅਤੇ ਪੰਜਾਬੀ ਪ੍ਰਵਾਸੀ ਇਹਨਾ ਮੌਕਿਆਂ ਦੀ ਸਹੀ ਵਰਤੋਂ ਕਰਦਿਆਂ ਜਿਥੇ ਕੈਨੇਡਾ ਦੀ ਧਰਤੀ ਨਾਲ ਮੋਹ ਪਿਆਰ ਕਰਦੇ ਹਨ, ਉਥੇ ਉਹ ਆਪਣੇ ਪਿਆਰੇ ਪੰਜਾਬ ਲਈ ਵੀ ਕੁਝ ਕਰਨ ਦੇ ਚਾਹਵਾਨ ਰਹਿੰਦੇ ਹਨ। ਟਰੂਡੋ ਫੇਰੀ ਇਧਰਲੇ ਪੰਜਾਬੀਆਂ ਦੇ ਨਾਲ ਉਧਰਲੇ ਕੈਨੇਡੀਅਨ ਪੰਜਾਬੀਆਂ ਦੀ ਸਾਂਝ ਪਾਉਣ ਦੇ ਨਾਲ, ਵਪਾਰਕ ਸਭਿਆਚਾਰਕ, ਸਾਂਝ ਪਾਉਣ ਲਈ ਪਹਿਲਕਦਮੀ ਸਾਬਤ ਹੋ ਸਕਦੀ ਹੈ, ਅਤੇ ਦੋਹਾਂ ਮੁਲਕਾਂ ਦਰਮਿਆਨ ਖਾਸ ਕਰਕੇ ਪੰਜਾਬ ਨਾਲ ਵਧੇਰੇ ਪੀਡੀ ਸਾਂਝ ਬਨਾਉਣ 'ਚ ਸਹਾਈ ਹੋ ਸਕਦੀ ਹੈ।

# ਘੁਟਾਲੇ ਦਾ ਨਗੀਨਾ

**ਮੂਲ ਲੇਖਕ:- ਨਾਰਾਇਣ ਕ੍ਰਿਸ਼ਨਾ ਮੂਰਤੀ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਪੰਜਾਬ ਨੈਸ਼ਨਲ ਬੈਂਕ ਅਤੇ ਜਾਂਚ ਏਜੰਸੀਆਂ ਵਲੋਂ ਜੌਹਰੀ ਨੀਰਜ ਮੋਦੀ ਦੇ ਖਿਲਾਫ 11300 ਕਰੋੜ ਰੁਪਏ ਦੇ ਫਰਜ਼ੀ ਲੈਣ-ਦੇਣ ਦੀ ਸ਼ਕਾਇਤ ਤੋਂ ਬਾਅਦ ਦੇਸ਼ ਭਰ 'ਚ ਹੋ-ਹੱਲਾ ਮੱਚ ਗਿਆ ਹੈ, ਜਿਸ ਨਾਲ ਭੁਰਭੁਰੀ ਹੋਈ ਭਾਰਤੀ ਬੈਂਕ ਵਿਵਸਥਾ ਦੀ ਪੋਲ ਖੁੱਲ੍ਹ ਗਈ ਹੈ। ਇਸ ਘੁਟਾਲੇ ਨਾਲ ਜੁੜੀਆਂ ਖ਼ਬਰਾਂ ਨਾਲ ਇੱਕ ਦੂਜੇ ਉਤੇ ਸਿਆਸੀ ਦੋਸ਼ ਸ਼ੁਰੂ ਹੋ ਗਏ ਹਨ। ਸਵਾਲ ਇਹ ਵੀ ਉਠਣ ਲੱਗ ਪਿਆ ਹੈ ਬੈਂਕਾਂ ਚਾਹੇ ਸਰਕਾਰੀ, ਅਰਧ-ਸਰਕਾਰੀ ਹੋਣ ਜਾਂ ਨਿੱਜੀ ਇਹਨਾ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕੱਢਿਆ ਜਾ ਰਿਹਾ ਹੈ।

ਪਿਛਲੇ ਕੁਝ-ਵਰ੍ਹਿਆਂ 'ਚ ਬੈਂਕਾਂ ਨਾਲ ਸਬੰਧਤ ਬਹੁਤ ਸਾਰੇ ਧੋਖਾਧੜੀ ਦੇ ਮਾਮਲੇ ਸਾਹਮਣੇ ਆਏ ਹਨ, ਜਿਹਨਾ ਵਿੱਚ ਸਿੰਡੀਕੇਟ ਬੈਂਕ, ਬੈਂਕ ਆਫ ਬੜੌਦਾ ਅਤੇ ਇਥੋਂ ਤੱਕ ਕਿ ਸਿਟੀ ਬੈਂਕ ਨਾਲ ਵੀ ਇਹ ਮਾਮਲੇ ਜੁੜੇ ਹੋਏ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਬੈਂਕਿੰਗ ਪ੍ਰਣਾਲੀ ਵਿੱਚ ਹੀ ਇਹੋ ਜਿਹੀਆਂ ਖਾਮੀਆਂ ਹਨ ਜਿਹਦੇ ਕਾਰਨ ਧੋਖਾਧੜੀ ਦੇ ਇਹ ਜਿਹੇ ਮਾਮਲੇ ਮੁੜ ਮੁੜ ਹੋ ਜਾਂਦੇ ਹਨ।

ਇਹੋ ਜਿਹੀ ਧੋਖਾ ਧੜੀ ਦੇ ਪਿੱਛੇ ਅਹਿਮ ਕਾਰਨ ਬੈਂਕ ਦੇ ਅੰਦਰ ਦੀ ਮਸ਼ੀਨਰੀ ਵੀ ਹੈ, ਜੋ ਕਿ ਬੈਂਕ ਵਿਵਸਥਾ ਵਿੱਚ ਕਮੀਆਂ ਤੋਂ ਵਾਕਫ ਹੈ। ਜੇਕਰ ਬੈਂਕ ਵਿਵਸਥਾ ਵਿੱਚ ਕਮੀਆਂ ਅਤੇ ਖਾਮੀਆਂ ਨਾਂ ਹੁੰਦੀਆਂ ਤਾਂ ਇਹ ਘੁਟਾਲਾ ਹੋ ਹੀ ਨਹੀਂ ਸਕਦਾ ਸੀ। ਬੈਂਕ ਦੇ ਹੀ ਕੁਝ ਕਰਮਚਾਰੀ ਕਾਰੋਬਾਰੀਆਂ ਨੂੰ ਇਹਨਾ ਖਾਮੀਆਂ ਦੀ ਜਾਣਕਾਰੀ ਦਿੰਦੇ ਹਨ ਅਤੇ ਉਹਨਾ ਨੂੰ ਫਾਇਦਾ ਪਹੁੰਚਾਉਂਦੇ ਹਨ। ਕਾਰੋਬਾਰੀ ਕਾਨੂੰਨ ਅਤੇ ਵਿਵਸਥਾ ਵਿੱਚ ਮੌਜੂਦਾ ਗੜਬੜੀਆਂ ਦਾ ਫਾਇਦਾ ਉਠਾਉਣ ਤੋਂ ਉਹ ਗੁਰੇਜ ਨਹੀਂ ਕਰਦੇ।

ਜ਼ਮੀਨ ਦੇ ਸੌਦਿਆਂ ਦੇ ਉਲਟ, ਜਿਹਨਾਂ ਨੂੰ ਜ਼ਮੀਨ ਦੇ ਰੂਪ ਵਿੱਚ ਜਮਾਨਤ ਜਾਂ ਗਰੰਟੀ ਮੌਜੂਦਾ ਰਹਿੰਦੀ ਹੈ, ਅਤੇ ਜਿਸ ਵਿੱਚ ਮਾਲਕਾਨਾ ਹੱਕ ਨਿਰਧਾਰਤ ਕੀਤਾ ਜਾ ਸਕਦਾ ਹੈ, ਗਹਿਣਿਆਂ ਅਤੇ ਹੀਰਿਆਂ ਦੇ ਮਾਮਲੇ ਵਿੱਚ ਸਵਾਲਾ ਦੇ ਘੇਰੇ ਵਿੱਚ ਆਏ ਸਮਾਨ ਦੇ ਮਾਲਿਕ ਦਾ ਨਿਰਧਾਰਨ ਕਰਨਾ ਔਖਾ ਹੁੰਦਾ ਹੈ। ਦਰਅਸਲ ਬਹੁਤੇ ਮਾਮਲਿਆਂ ਵਿੱਚ ਕਰਜ਼ਾ ਅਸਲ ਕੀਮਤ ਦੇ ਅਧਾਰ ਉਤੇ ਨਹੀਂ ਬਲਕਿ ਆਪਜੀ ਭਰੋਸੇ ਦੇ ਅਧਾਰ ਤੇ ਮਿਲਦਾ ਹੈ। ਇਸ ਲਈ ਗਹਿਣਿਆਂ ਦਾ ਕੋਈ ਕਾਰੋਬਾਰੀ ਬਾਹਰ ਭੇਜੇ ਗਏ ਜਾਂ ਭੇਜੇ ਜਾਣ ਵਾਲੇ ਇਕ ਹੀ ਮਾਲ ਦੇ ਇਵਜ ਵਿੱਚ ਇਕ ਤੋਂ ਜਿਆਦਾ ਕਰਜ਼ ਦਾਤਿਆਂ ਤੋਂ ਕਰਜ਼ਾ ਲੈ ਸਕਦਾ ਜਾਂ ਵੱਖੋ-ਵੱਖਰੇ ਦੇਸ਼ਾਂ ਵਿੱਚ ਇੱਕ ਤੋਂ ਵੱਧ ਵੇਰ ਲੈਣ-ਦੇਣ ਕਰ ਸਕਦਾ ਹੈ। ਅਤੇ ਬਚ ਨਿਕਲਦਾ ਹੈ। ਇਸ ਤਰ੍ਹਾਂ ਦੇ ਕਰਜ਼ੇ ਸਹੀ ਢੰਗ ਨਾਲ ਲੈਟਰਜ ਆਫ ਅੰਡਰ ਟੇਕਿੰਗ (ਐਲ ਓ ਯੂ) ਰਾਹੀਂ ਮਿਲਦੇ ਹਨ, ਜਿਵੇਂ ਕਿ ਪੀ ਐਨ ਬੀ ਦੇ ਮਾਮਲੇ ਵਿੱਚ ਵੀ ਇਹਨਾ ਦੀ ਵਰਤੋਂ ਕੀਤੀ ਗਈ ਹੈ।

ਐਲ ਓ ਯੂ ਕਿਸੇ ਬੈਂਕ ਰਾਹੀਂ ਆਪਣੇ ਕਿਸੇ ਗਾਹਕ ਦੇ ਲਈ ਕਿਸੇ ਹੋਰ ਬੈਂਕ ਨੂੰ ਦਿੱਤੀ ਗਰੰਟੀ ਹੁੰਦੀ ਹੈ, ਤਾਂ ਕਿ ਉਸ ਨੂੰ ਉਹ ਬੈਂਕ ਕਰਜ਼ਾ ਦੇ ਸਕੇ। ਇਹ ਲੈਟਰ ਆਫ ਕਰੇਡਿਟ ਜਾਂ ਗਰੰਟੀ ਜਿਹਾ ਹੀ ਹੁੰਦਾ ਹੈ ਬਸ ਫਰਕ ਇਹ ਹੁੰਦਾ ਹੈ ਕਿ ਐਲ ਓ ਯੂ ਦੀ ਵਰਤੋਂ ਅੰਤਰਰਾਸ਼ਟਰੀ ਬੈਕਿੰਗ ਲੈਣ-ਦੇਣ ਵਿੱਚ ਕੀਤੀ ਜਾਂਦੀ ਹੈ। ਇਸ ਨੂੰ ਹਾਂਗਕਾਂਗ ਭੇਜਿਆ ਜਾ ਸਕਦਾ ਹੈ ਅਤੇ ਫਿਰ ਉਥੋਂ ਹੀ ਮਾਲ ਹਾਂਗਕਾਂਗ ਦੇ ਕਿਸੇ ਸਥਾਨਕ ਬੈਂਕ ਤੋਂ ਐਲ ਓ ਯੂ ਜਾਰੀ ਕਰਵਾਕੇ ਬੈਲਜੀਅਮ ਭੇਜਿਆ ਜਾ ਸਕਦਾ ਹੈ। ਬੈਲਜੀਅਮ ਤੋਂ ਇਸ ਮਾਲ ਨੂੰ ਤਰਾਸ਼ ਕੇ ਉਸਨੂੰ ਵਾਪਸ ਭਾਰਤ ਵਿੱਚ ਵੇਚਣ ਲਈ ਭੇਜਿਆ ਜਾ ਸਕਦਾ ਹੈ ਅਤੇ ਇਸ ਸਾਰੇ ਲੈਣ ਦੇਣ ਦਾ ਆਧਾਰ ਐਲ ਓ ਯੂ ਹੁੰਦਾ ਹੈ। ਨਿਯਮਾਂ ਦੇ ਮੁਤਾਬਕ ਐਲ ਓ ਯੂ ਦਾ ਸਮਾਂ 6 ਮਹੀਨੇ ਹੁੰਦਾ ਹੈ ਅਤੇ ਉਸ ਨੂੰ ਇਕ ਵੇਰ ਹੋਰ ਛੇ ਮਹੀਨੇ ਤੱਕ ਵਧਾਇਆ ਜਾ ਸਕਦਾ ਹੈ।

ਅਰਥਾਤ ਮਾਲ ਨੂੰ ਵੇਚਣ ਦੇ ਲਈ ਛੇ ਮਹੀਨੇ ਦਾ ਸਮਾਂ ਹੁੰਦਾ ਹੈ ਅਤੇ ਜੇਕਰ ਕਰਜ਼ਾ ਵਾਪਸ ਕਰਨ ਦਾ ਸਮਾਂ ਛੇ ਮਹੀਨੇ ਹੋਰ ਵਧਾ ਲਿਆ ਜਾਵੇ ਤਾਂ ਕਰਜ਼ਦਾਰ ਨੂੰ ਚੰਗਾ ਚੋਖਾ ਸਮਾਂ ਮਿਲ ਜਾਂਦਾ ਹੈ। ਪਰ ਮੁਸ਼ਕਲ ਤਦ ਆਉਂਦੀ ਹੈ ਜਦ ਕਰਜ਼ਦਾਰ ਇਸਦੀ ਦੁਰਵਰਤੋਂ ਸ਼ੁਰੂ ਕਰ ਦਿੰਦਾ ਹੈ।

ਨੀਰਵ ਮੋਦੀ ਦੇ ਮਾਮਲੇ ਵਿੱਚ ਬੈਂਕ ਦੇ ਕਰਮਚਾਰੀਆਂ ਨੇ ਉਹਨੂੰ ਫਰਜ਼ੀ ਤਰੀਕੇ ਨਾਲ ਐਲ ਓ ਯੂ ਜਾਰੀ ਕਰ ਕੇ ਇਸ ਧੋਖਾਧੜੀ ਨੂੰ ਅੰਜਾਮ ਦੇਣ 'ਚ ਮਦਦ ਕੀਤੀ ਹੈ। ਬੈਂਕ ਦੇ ਕਰਮਚਾਰੀਆਂ ਨੇ ਐਲ ਓ ਯੂ ਜਾਰੀ ਕੀਤੇ ਅਤੇ ਇਸ ਨੂੰ ਬੈਂਕਿੰਗ ਪ੍ਰਣਾਲੀ ਵਿੱਚ ਦਰਜ਼ ਕੀਤੇ ਬਿਨਾ ਹੀ ਸੁਸਾਇਟੀ ਫਾਰ ਵਰਲਡਵਾਇਡ ਇੰਟਰਬੈਂਕ ਫਾਈਨੈਂਸ਼ਲ ਟੈਲੀਕਮਿਊਨੀਕੇਸ਼ਨ(ਸਵਿਫਟ) ਦੇ ਜ਼ਰੀਏ ਪ੍ਰਸਾਰਤ ਕਰ ਦਿੱਤਾ, ਜਿਸ ਨਾਲ ਵਿਦੇਸ਼ਾਂ ਵਿੱਚ ਸਥਿਤ ਭਾਰਤੀ ਬੈਂਕਾਂ ਨੂੰ ਨੀਰਵ ਮੋਦੀ ਲਈ ਕਰਜ਼ਾ ਜਾਰੀ ਕਰਨ ਲਈ ਨਿਰਦੇਸ਼ ਪਹੁੰਚ ਗਏ।

ਇਸ ਮਾਮਲੇ ਵਿੱਚ ਹੋ ਸਕਦਾ ਹੈ ਕਿ ਨੀਰਵ ਮੋਦੀ ਨੇ ਅਸਲ ਵਿੱਚ ਬੈਂਕਾਂ ਦੇ ਕਰਜ਼ੇ ਲੈਣ ਦੇ ਲਈ ਕੀਤਾ ਹੋਵੇ ਜਿਵੇਂ ਕਿ ਗਹਿਣਿਆਂ ਦੇ ਵਪਾਰੀ ਅਕਸਰ ਆਪਣਾ ਕਾਰੋਬਾਰ ਵਧਾਉਣ ਲਈ ਕਰਦੇ ਹਨ। ਪਰ ਕਿਉਂਕਿ ਨੋਟ ਬੰਦੀ ਅਤੇ ਨਕਦੀ ਲੈਣ ਦੇਣ ਦੇ ਸਬੰਧਤ ਨਿਯਮਾਂ ਵਿੱਚ ਬਦਲਾਅ ਦੇ ਬਾਅਦ ਗਹਿਣਿਆਂ ਦੇ ਕਾਰੋਬਾਰ ਵਿੱਚ ਭੁਗਤਾਣ ਨੂੰ ਚਣੌਤੀ ਸਾਹਮਣੇ ਆਈ ਹੋਈ ਹੈ। ਇਸਦਾ ਅਸਰ ਕਰਜ਼ੇ ਦੀ ਇਸ ਵਿਵਸਥਾ ਉਤੇ ਵੀ ਪਿਆ ਹੈ। ਅਸਲ ਵਿੱਚ ਕਰਜ਼ੇ ਦੀ ਇਸ ਵਿਵਸਥਾ ਦੀ ਪੂਰੀ ਲੜੀ ਹੈ, ਜਿਸਦਾ ਰੰਗ ਪੀ ਐਨ ਬੀ ਵਿੱਚ ਹੋਈ ਧੋਖਾਧੜੀ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਨੀਰਵ ਮੋਦੀ ਦੇ ਪਰਿਵਾਰ ਵਾਲਿਆਂ ਉਤੇ 2017 ਵਿੱਚ ਵੀ ਛਾਪੇ ਮਾਰੇ ਗਏ ਸਨ, ਪਰ ਉਸ ਸਮੇਂ ਕੁਝ ਵੀ ਸਾਹਮਣੇ ਨਹੀਂ ਸੀ ਆ ਸਕਿਆ। ਬੈਂਕ ਅਧਿਕਾਰੀਆਂ ਦੀ ਮਿਲੀ ਭੁਗਤ ਬਿਨ੍ਹਾਂ ਇਸ ਧੋਖਾ ਧੜੀ ਨੂੰ ਅੰਜਾਮ ਦਿੱਤਾ ਹੀ ਨਹੀਂ ਸੀ ਜਾ ਸਕਦਾ। ਹੁਣ ਬੈਂਕਾਂ ਵਿੱਚ ਨਿਗਰਾਨੀ ਤੰਤਰ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ, ਕਿਉਂਕਿ ਇਸ ਤੋਂ ਛੋਟੇ ਅਤੇ ਖੁਦਰਾ ਗਾਹਕਾਂ ਦਾ ਬੈਂਕਿੰਗ ਪ੍ਰਣਾਲੀ ਤੋਂ ਯਕੀਨ ਉਠ ਜਾਏਗਾ। ਇਸਦਾ ਅਸਰ ਪੀ ਐਨ ਬੀ ਦੇ ਸ਼ੇਅਰਾਂ ਵਿੱਚ ਆਈ ਗਿਰਾਵਟ ਦੇ ਰੂਪ ਵਿੱਚ ਦਿਖ ਰਿਹਾ ਹੈ, ਜਿਸਦੇ ਕਾਰਨ ਬੈਂਕਾਂ ਦੇ ਸ਼ੇਅਰਾਂ ਵਿੱਚ ਪੈਸਾ ਲਾਉਣ ਵਾਲੇ ਨਿਵੇਸ਼ਕਾਂ ਦੀ ਬਚਤ ਉਤੇ ਅਸਰ ਪਏਗਾ। ਹੁਣ ਇਸ ਗੱਲ ਦੀ ਸ਼ੰਕਾ ਵੱਧ ਗਈ ਹੈ ਕਿ ਦੂਜੇ ਬੈਂਕਾਂ ਵਿੱਚ ਵੀ ਇਹੋ ਜਿਹੀਆਂ ਗੜਬੜੀਆਂ ਸਾਹਮਣੇ ਆ ਸਕਦੀਆਂ ਹਨ। ਜਿਹਨਾ ਦਾ ਸ਼ਾਇਦ ਅਗਲੇਰੀ ਜਾਂਚ ਨਾਲ ਪਤਾ ਲੱਗੇ।

ਜੋ ਲੋਕ ਰੀਅਲ ਅਸਟੇਟ (ਜ਼ਮੀਨ ਦੀ ਖਰੀਦੋ ਫਰੋਖਤ) ਦੀ ਦੁਨੀਆ ਵਿੱਚ ਇਕ ਹੀ ਜਾਇਦਾਦ ਨੂੰ ਦੋ ਲੋਕਾਂ ਨੂੰ ਵੇਚੇ ਜਾਣ ਦੀਆਂ ਘਟਨਾਵਾਂ ਤੋਂ ਜਾਣੂ ਹਨ, ਉਹ ਨੀਰਵ ਮੋਦੀ ਮਾਮਲੇ ਨੂੰ ਸੌਖਾ ਨਾਲ ਸਮਝ ਸਕਦੇ ਹਨ। ਬੈਂਕਾਂ ਨੂੰ ਇਹੋ ਜਿਹੇ ਘੁਟਾਲੇ ਰੋਕਣ ਲਈ ਸੈਂਟਰਲ ਰਜਿਸਟਰੀ ਆਫ ਸਕਿਓਰਟਾਈਜੇਸ਼ਨ ਐਸਟ ਰੀਕੰਸਟਰਕਸ਼ਨ ਐਂਡ ਸਕਿਊਰਿਟੀ ਇੰਟਰੈਸਟ ਜਿਹੀ ਪਹਿਲ ਕਰਨੀ ਚਾਹੀਦੀ ਹੈ। ਇਸਦੀ ਸਥਾਪਨਾ ਇਕ ਹੀ ਜਾਇਦਾਦ ਦੀ ਆੜ ਵਿੱਚ ਵੱਖੋ-ਵੱਖਰੀਆਂ ਬੈਂਕਾਂ ਨੂੰ ਕਰਜ਼ਾ ਲੈਣ ਜਿਹੀ ਧੋਖਾਧੜੀ ਰੋਕਣ ਲਈ ਕੀਤੀ ਗਈ ਹੈ। ਦੇਸ਼ ਦੀ ਬੈਕਿੰਗ ਵਿਵਸਥਾ ਪਹਿਲਾ ਹੀ ਫਸੇ ਕਰਜ਼ੇ ਦੇ ਬੋਝ ਥੱਲੇ ਦੱਬੀ ਹੋਈ ਹੈ। 2017 ਵਿੱਚ ਸਰਵ ਜਨਕ ਬੈਂਕਾਂ ਦੀ ਕੁਲ ਮਰ ਚੁਕਿਆ ਕਰਜ਼ਾ ਤੇ ਨਾ ਮੋੜਨ ਯੋਗ ਰਕਮ 7.34 ਲੱਖ ਕਰੋੜ ਰੁਪਏ ਪੁੱਜ ਚੁੱਕੀ ਸੀ।

ਪੀ ਐਨ ਬੀ ਦੇ ਇਸ ਘੁਟਾਲੇ ਦੇ ਸਾਹਮਣੇ ਆਉਣ ਤੋਂ ਬਾਅਦ ਕੋਈ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਦੂਸਰੇ ਬੈਂਕਾਂ ਵਿੱਚ ਇਹੋ ਜਿਹੀਆਂ ਗੜਬੜੀਆਂ ਨਹੀਂ ਹੋ ਸਕਦੀਆਂ। ਇਸ ਘੁਟਾਲੇ ਦਾ ਸਬਕ ਇਹ ਹੈ ਕਿ ਬੈਂਕ ਛੋਟੇ ਅਤੇ ਵੱਡੇ ਕਰਜ਼ਦਾਰਾਂ ਵਿੱਚ ਫਰਕ ਨਾ ਕਰੇ।

## 21 ਫਰਵਰੀ ’ਤੇ ਵਿਸ਼ੇਸ਼

# ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ, ਜਿਸਨੇ ਇਤਿਹਾਸ ਨੂੰ ਦੁਹਰਾਓ ਦਿੱਤਾ ਕਿ ਸਿੱਖ ਸੰਘਰਸ਼ ਦੇ ਧਰਮ-ਯੁੱਧ ਦੀਆਂ ਲਾਸਾਨੀ ਸ਼ਹੀਦੀਆਂ ਦੀ ਜਿਵੇਂ- ਦੇਗਾਂ ਵਿਚ ਉਬਾਲੇ ਗਏ, ਆਰੀਆਂ ਨਾਲ ਚੀਰੇ ਗਏ, ਖੋਪੜੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਤੂੰਬਾ-ਤੂੰਬਾ ਕੀਤੇ ਗਏ, ਨੀਹਾਂ ਵਿਚ ਚਿਣੇ ਗਏ ਆਦਿ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ।

ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸਮੇਂ ਤੋਂ ਬਾਅਦ ਖਾਲਸੇ ਲਈ ਬੜੀ ਕਠਿਨਾਈਆਂ ਦਾ ਸਮਾਂ ਸੀ। ਹਕੂਮਤ ਦਾ ਖਾਲਸੇ ਦਾ ਖੁਰਾ-ਖੋਜ ਮਿਟਾਉਣ ਦਾ ਖੂਨੀ ਇਰਾਦਾ ਸੀ। ਸਿੱਖ ਘਰ-ਘਾਟ ਛੱਡ ਜੰਗਲਾਂ ਬੇਲਿਆਂ, ਪਹਾੜਾਂ, ਰੇਗਿਸਤਾਨਾਂ ਅਤੇ ਹੋਰ ਸੁਰੱਖਿਅਤ ਥਾਵਾਂ ’ਤੇ ਜਾ ਕੇ ਆਪਣੀ ਹੋਂਦ ਕਾਇਮ ਰੱਖਣ ਲਈ ਦਿਨ ਕੱਟਣ ਲੱਗੇ। ਉਸ ਬਿਖੜੇ ਸਮੇਂ ਸਿੱਖ ਪੰਥ ਆਪਣੇ ਪਵਿੱਤਰ ਗੁਰਧਾਮਾਂ ਦਾ ਪ੍ਰਬੰਧ ਸੁਖਾਵੇਂ ਢੰਗ ਨਾਲ ਨਾ ਚਲਾ ਸਕਿਆ।

ਗੁਰਧਾਮਾਂ ਦੀ ਸੇਵਾ ਸੰਭਾਲ ਉਦਾਸੀ ਜਾਂ ਸੰਪਰਦਾਈ ਸ. ਸਾਧੂਆਂ ਕੋਲ ਚਲੀ ਗਈ, ਜਿਹਨਾਂ ਨੇ ਆਪਣੀ ਮਰਜ਼ੀ ਦੀ ਮਰਿਆਦਾ ਚਲਾਈ ਰੱਖੀ। ਸਿੱਖ ਰਾਜ ਦੀ ਸਥਾਪਤੀ ਸਮੇਂ ਗੁਰਧਾਮਾਂ ਦੇ ਸੁਧਾਰ ਲਈ ਉਸਾਰੀਆਂ ਅਤੇ ਆਮਦਨ ਲਈ ਜਗੀਰਾਂ ਲਗਵਾ ਦਿੱਤੀਆਂ। ਅੰਦਰੂਨੀ ਮਰਿਆਦਾ ਵਿਚ ਕੋਈ ਸੁਧਾਰ ਨਾ ਹੋਇਆ। ਸੰਪਰਦਾਈ ਸਿੱਖ ਮਰਿਆਦਾ ਦੇ ਉਲਟ ਕਾਰਵਾਈਆਂ ਕਰਨ ਲੱਗ ਪਏ।ਇਹ ਮਸੰਦ ਬਣੇ ਬੈਠੇ ਅਤੇ ਗੁਰਧਾਮਾਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗੇ। ਉਪਰੋਂ ਇਹਨਾਂ ਨੂੰ ਅੰਗਰੇਜ਼ ਹਕੂਮਤ ਦੀ ਸ਼ਹਿ ਪ੍ਰਾਪਤ ਸੀ। ਉਹ ਆਮਦਨੀ ਤੇ ਆਯਾਸ਼ੀ ਕਰਨ ਲੱਗ ਪਏ।

ਨਨਕਾਣਾ ਸਾਹਿਬ ਦਾ ਮਹੰਤ ਨਰਾਇਣ ਦਾਸ ਸੀ। ਉਸਨੇ ਗੁਰਦੁਆਰਾ ਨੂੰ ਗੁੰਡਿਆਂ ਬਦਮਾਸ਼ਾਂ ਅਤੇ ਨਸ਼ਈਆਂ ਦਾ ਅੱਡਾ ਬਣਾ ਲਿਆ। ਉਸਨੇ ਗੁਰਦੁਆਰਾ ਵਿਚ ਵੇਸ਼ਵਾਵਾਂ ਦਾ ਨਾਚ ਕਰਵਾਇਆ। ਸਿੱਖ ਜਗਤ ਵਿਚ ਗੁੱਸੇ ਦੀ ਲਹਿਰ ਦੌੜ ਪਈ। ਅਕਤੂਬਰ 1920 ਦੇ ਧਰੋਵਾਲ ਦੇ ਦੀਵਾਨ ਵਿਚ ਮਹੰਤ ਨੂੰ ਮਨਮਾਨੀਆਂ ਕਰਨ ਤੋਂ ਰੋਕਣ ਦਾ ਮਤਾ ਪਾਸ ਹੋਇਆ। ਮਹੰਤ ਨੇ ਸਿੱਖਾਂ ਨਾਲ ਟੱਕਰ ਲੈਣ ਦਾ ਮਨ ਬਣਾ ਲਿਆ। ਉਸਨੇ ਪੂਰੀ ਜੰਗੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਭਾਈ ਵਰਿਆਮ ਸਿੰਘ ਜੀ ਨੇ ਭਾਈ ਅਵਤਾਰ ਸਿੰਘ ਜੀ ਰਾਹੀਂ ਕਰਤਾਰ ਸਿੰਘ ਝੱਬਰ ਨੂੰ ਖਬਰ ਦਿੱਤੀ ਕਿ ਮਹੰਤ ਨਰਾਇਣ ਦੀ ਨੀਅਤ ਸਾਫ ਨਹੀਂ। ਉਹ ਪੰਥਕ ਆਗੂਆਂ ਨੂੰ ਖਤਮ ਕਰਵਾਉਣਾ ਚਾਹੁੰਦਾ ਹੈ। ਝੱਬਰ ਜੀ ਨੇ ਭਾਈ ਲਛਮਣ ਸਿੰਘ ਧਰੋਵਾਲੀ, ਭਾਈ ਬੂਟਾ ਸਿੰਘ ਲਾਇਲਪੁਰੀ ਅਤੇ ਤੇਜਾ ਸਿੰਘ ਆਦਿ ਨਾਂਲ ਸਲਾਹ ਕੀਤੀ ਕਿ ਮਾਰਚ ਦੀ ਸਿੱਖ ਕਾਨਫਰੰਸ ਤੋਂ ਪਹਿਲਾਂ ਮਹੰਤ ਨਾਲ ਸਿੱਝ ਲਿਆ ਜਾਵੇ। ਗੁਰਦੁਆਰਾ ਤੇ ਅਚਾਨਕ ਕਬਜ਼ਾ ਕਰ ਲਿਆ ਜਾਵੇ। ਜਦੋਂ ਮਹੰਤ ਲਾਹੌਰ ਵਿਖੇ ਹੋ ਰਹੀ ਸਨਾਤਨ ਕਾਨਫਰੰਸ ਵਿਚ ਗਿਆ ਹੋਵੇ।

ਪ੍ਰੋਗਰਾਮ ਤਹਿ ਹੋ ਗਿਆ ਕਿ 20 ਫਰਵਰੀ 1921 ਨੂੰ ਭਾਈ ਲਛਮਣ ਸਿੰਘ ਦੇ ਜਥੇ ਨੇ ਧਰੋਵਾਲ ਤੋਂ ਚੱਲ ਕੇ ਝੱਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਤੋਂ ਪੰਜ ਮੀਲ ਦੂਰ ਚੰਦਰਕੋਟ ਦੀ ਝਾਲ ’ਤੇ ਮਿਲਣਾ ਸੀ। ਲਾਇਲਪੁਰ ਤੋਂ ਆਏ ਸਿੰਘਾਂ ਨੇ ਉਹਨਾਂ ਨੂੰ 20 ਫਰਵਰੀ ਸਵੇਰੇ ਚਾਰ ਵਜੇ ਨਨਕਾਣਾ ਸਾਹਿਬ ਦੇ ਨੇੜੇ ਕੱਠਿਆਂ ਤੇ ਲਿ ਕੇ ਗੁਰਦੁਆਰਾ ਨਨਕਾਣਾ ਸਾਹਿਬ ਸਵੇਰੇ ਪੰਜ ਵਜੇ ਪੁੱਜਣਾ ਸੀ। ਮਾਸਟਰ ਤਾਰਾ ਸਿੰਘ ਅਤੇ ਤੇਜਾ ਸਿੰਘ ਸਮੁੰਦਰੀ ਨੇ ਚੂਹੜਕਾਣੇ ਵਿਚ ਫੈਸਲਾ ਹੋਇਆ ਕਿ ਜਣੇ ਨਾ ਭੇਜੇ ਜਾਣ ਦਾ ਸੁਨੇਹਾ ਭਾਈ ਸੁੱਚਾ ਸਿੰਘ ਚਕਵਾਲਾ ਜੀ ਹੱਥੀਂ ਕਰਤਾਰ ਸਿੰਘ ਝੱਬਰ ਨੂੰ ਭੇਜਿਆ। ਜਿਹਨਾਂ ਜਥਿਆਂ ਨੂੰ



ਸੁਨੇਹਾ ਮਿਲਦਾ ਗਿਆ, ਉਹ ਨਾ ਗਏ। ਭਾਈ ਲਛਮਣ ਸਿੰਘ ਧਰੋਵਾਲੀ ਨੂੰ ਇਹ ਸੁਨੇਹਾ ਨਾ ਮਿਲ ਸਕਿਆ। ਉਹ ਆਪਣੇ ਜਥੇ ਸਮੇਤ ਅਰਦਾਸ ਕਰਕੇ ਨਨਕਾਣਾ ਸਾਹਿਬ ਵੱਲ ਰਵਾਨਾ ਹੋ ਗਏ। ਜਥੇ ਵਿਚ ਭਾਈ ਲਛਮਣ ਸਿੰਘ ਦੀ ਪਤਨੀ ਬੀਬੀ ਇੰਦਰ ਕੌਰ ਅਤੇ ਦੋ ਹੋਰ ਬੀਬੀਆਂ ਵੀ ਸ਼ਾਮਲ ਸਨ। ਇਹ ਜਥਾ ਨਜ਼ਾਮਪੁਰ, ਦੇਵਾ ਸਿੰਘ ਵਾਲਾ, ਧੰਨੂਵਾਲ, ਚੇਲਾਵਾਲ, ਠੱਠੀਆਂ, ਮੂਲ ਸਿੰਘ ਵਾਲਾ ਆਦਿ ਪਿੰਡਾਂ ਵਿਚੋਂ ਹੁੰਦਾ ਹੋਇਆ ਮੋਹਲਣ ਪੁੱਜ ਗਿਆ ਜੋ ਨਨਕਾਣਾ ਸਾਹਿਬ ਤੋਂ 6 ਮੀਲ ਦੂਰ ਸੀ।

20 ਫਰਵਰੀ 1921 ਨੂੰ ਭਾਈ ਲਛਮਣ ਸਿੰਘ 150 ਸਿੰਘਾਂ ਦਾ ਜਥਾ ਲੈ ਕੇ ਨਨਕਾਣਾ ਸਾਹਿਬ ਵੱਲ ਰਵਾਨਾ ਹੋ ਗਏ। ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਬਿਹ ਅੱਧਾ ਕੁ ਮੀਲ ਦੂਰ ਰਹਿ ਗਿਆ ਸੀ। ਭੱਠੇ ’ਤੇ ਪਹੁੰਚ ਕੇ ਜਥੇ ਨਾਲ ਆਈਆਂ ਬੀਬੀਆਂ ਨੂੰ ਗੁਰਦੁਆਰਾ ਤੰਬੂ ਸਾਹਿਬ ਭੇਜ ਦਿੱਤਾ। ਜਥੇਦਾਰ ਲਛਮਣ ਸਿੰਘ ਜੀ ਨੇ ਅਰਦਾਸਾ ਸੋਧ ਦਿੱਤਾ। ਉਦੋਂ ਹੀ ਭਾਈ ਵਰਿਆਮ ਸਿੰਘ ਜਥੇ ਨਾ ਲਿਜਾਣ ਵਾਲੀ ਚਿੱਠੀ ਲੈ ਕੇ ਪਹੁੰਚ ਗਏ।ਜਥੇਦਾਰ ਜੀ ਨੇ ਕਿਹਾ ਕਿ ਹੁਣ ਅਰਦਾਸ ਹੋ ਚੁੱਕੀ ਹੈ। ਅਸੀਂ ਦਰਸ਼ਨ ਕਰਕੇ ਹੀ ਮੁੜਾਂਗੇ। ਹੁਣ ਜਾਨ ਦੀ ਵੀ ਪਰਵਾਹ ਨਹੀਂ ਤੇ ਜਥਾ ਸ਼ਾਂਤਮਈ ਨਨਕਾਣਾ ਸਾਹਿਬ ਵੱਲ ਚੱਲ ਪਿਆ। ਅਖੀਰ ਵਿਚ ਦਰਬਾਰ ਸਾਹਿਬ ਪਹੁੰਚ ਕੇ ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ। ਬਾਕੀ ਸਿੰਘ ਸ਼ਬਦ ਪੜ੍ਹਨ ਲੱਗ ਪਏ। ਮਹੰਤ ਨਰਾਇਣ ਦਾਸ ਨੇ ਆਪਣੇ ਭਾਣੇ ਦੇ ਗੁੰਡਿਆਂ ਨੂੰ ਕਾਰਵਾਈ ਕਰਨ ਦਾ ਹੁਕਮ ਦੇ ਦਿੱਤਾ। ਗੁੰਡਿਆਂ ਨੇ ਛੱਤ ’ਤੇ ਬਣਾਏ ਮੋਰਿਆਂ ਤੋਂ ਜਥੇ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅਨੇਕਾਂ ਸਿੰਘ ਸ਼ਹੀਦੀ ਪਾ ਗਏ, ਬਹੁਤ ਸਾਰੇ ਫੱਟੜ ਹੋ ਗਏ। ਭਾਈ ਲਛਮਣ ਸਿੰਘ ਜੀ ਨੂੰ ਤਾਬਿਆ ਤੇ ਬੈਠਿਆਂ ਗੋਲੀ ਲੱਗੀ ਤਾਂ ਗੰਭੀਰ ਜ਼ਖਮੀ ਹੋ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਵਿਚ ਵੀ ਗੋਲੀਆਂ ਲੱਗੀਆਂ। ਗੁੰਡਿਆਂ ਨੇ ਬੰਦੂਕਾਂ, ਬਰਛਿਆਂ ਤੇ ਗੰਡਾਸਿਆਂ, ਛਵੀਆਂ ਨਾਲ ਕਈ ਸਿੰਘ ਫੱਟੜ ਜਾਂ ਸ਼ਹੀਦ ਕਰ ਦਿੱਤੇ। ਜਦੋਂ ਦਰਬਾਰ ਅੰਦਰ ਸਾਰੇ ਸਿੰਘ ਸ਼ਹੀਦ ਹੋ ਗਏ ਤਾਂ ਮਹੰਤ ਘੋੜੇ ਤੇ ਸਵਾਰ ਹੋ ਕੇ ਮੂੰਹ ’ਤੇ ਕੱਪੜਾ ਲਪੇਟ ਕੇ ਗੁਰਦੁਆਰਾ ਤੋਂ ਬਾਹਰ ਆ ਗਿਆ। ਬਾਹਰ ਆਏ ਸਿੱਖਾਂ ਨੂੰ ਕਤਲ ਕਰਨ ਲੱਗਾ। ਪ੍ਰਕਾਸ਼ ਅਸਥਾਨ ਅੰਦਰ ਖੂਨ ਨਾਲ ਲੱਥਪੱਥ ਲਾਸ਼ਾਂ ਨਾਲ ਕਮਰਾ ਭਰਿਆ ਪਿਆ ਸੀ। ਸ. ਉਤਮ ਸਿੰਘ ਦੇ ਕਾਰਖਾਨੇ ਬੈਠੇ ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ, ਜਥੇਦਾਰ ਬੂਟਾ ਸਿੰਘ ਚੱਕ 204 ਤੇ ਸ. ਉਤਮ ਸਿੰਘ ਨੇ ਗੋਲੀਆਂ ਦੀਆਂ ਆਵਾਜ਼ਾਂ ਸੁਣੀਆਂ। ਭਾਈ ਵਰਿਆਮ ਸਿੰਘ ਤੇ ਭਾਈ ਦਲੀਪ ਸਿੰਘ ਗੁਰਦੁਆਰਾ ਵੱਲ ਨੱਸ ਪਏ। ਜਦੋਂ ਦੋਵੇਂ ਦਰਸ਼ਨੀ ਦਰਵਾਜ਼ੇ ਦੇ ਸਾਹਮਣੇ ਪੁੱਜੇ ਤਾਂ ਕਤਲੇਆਮ ਵੇਖਕੇ ਮਹੰਤ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਮਹੰਤ ਨੇ ਆਪਣੀ ਪਿਸਤੌਲ ਨਾਲ ਭਾਈ ਦਲੀਪ ਸਿੰਘ ਨੂੰ ਸ਼ਹੀਦ ਕਰ ਦਿੱਤਾ। ਮਹੰਤ ਦੇ ਗੁੰਡਿਆਂ ਨੇ ਭਾਈ ਵਰਿਆਮ ਸਿੰਘ ਨੂੰ ਵੀ ਸ਼ਹੀਦ ਕਰ ਦਿੱਤਾ।

ਸ਼ਹੀਦਾਂ ਦੀਆਂ ਲਾਸ਼ਾਂ ਨੂੰ ਇਕੱਠਾ ਕਰਕੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ ਗਈ। ਜ਼ਖਮੀ ਹੋਏ ਭਾਈ ਲਛਮਣ ਸਿੰਘ ਨੂੰ ਜੰਡ ਨਾਲ ਪੁੱਠਾ ਲਟਕਾ ਕੇ ਅੱਗ ਲਗਾ ਦਿੱਤੀ ਗਈ। ਇਕ ਦੋ ਸਾਲਾ ਲੜਕਾ ਅਲਮਾਰੀ ਵਿਚ ਲੁਕੋ ਦਿੱਤਾ ਗਿਆ ਸੀ, ਬਚ ਗਿਆ ਸੀ। ਇਹ ਲੜਕਾ ਪਿੰਡ ਜਰਗ ਪਟਿਆਲਾ ਦੇ ਸ਼ਹੀਦ ਕੇਹਰ ਸਿੰਘ ਦਾ ਪੁੱਤਰ ਸੀ। ਉਸਨੂੰ ਅਲਮਾਰੀ ਵਿਚੋਂ ਕੱਢ ਕੇ ਅੱਗ ਵਿਚ ਸੁੱਟ ਕੇ ਸ਼ਹੀਦ ਕੀਤਾ ਗਿਆ।

ਇਸ ਖੂਨੀ ਸ਼ਹੀਦੀ ਸਾਕੇ ਦੀ ਖਬਰ ਨੇ ਸਿੱਖ ਜਗਤ ਵਿਚ ਹਾਹਾਕਾਰ ਮਚਾ ਦਿੱਤੀ। ਇਹ ਖਬਰ ਸ. ਉਤਮ ਸਿੰਘ ਨੇ ਸਰਕਾਰੀ ਅਧਿਕਾਰੀਆਂ ਅਤੇ ਸਿੱਖ ਸੰਸਥਾਵਾਂ ਨੂੰ ਤਾਰ ਰਾਹੀਂ ਭੇਜ ਦਿੱਤੀ। ਸ਼ਾਮ ਤੱਕ ਅਧਿਕਾਰੀ ਪਹੁੰਚਣੇ ਸ਼ੁਰੂ ਹੋ ਗਏ। ਸਿੰਘ ਵੀ ਵਹੀਰਾਂ ਘੱਤ ਕੇ ਗੁਰਦੁਆਰਾ ਸਾਹਿਬ ਵੱਲ ਚੱਲ ਪਏ। ਸ. ਕਰਤਾਰ ਸਿੰਘ ਝੱਬਰ ਵੀ 2200 ਸਿੰਘਾਂ ਦਾ ਜਥਾ ਲੈ ਕੇ ਪਹੁੰਚ ਗਏ। ਜੋ ਹਰ ਕੀਮਤ ਤੇ ਗੁਰਦੁਆਰਾ ਸਾਹਿਬ ਦਾ ਕਬਜ਼ਾ ਲੈਣ ਲਈ ਤਿਆਰ ਹੋ ਕੇ ਆਏ ਸਨ। ਜਥਾ ਰੇਲਵੇ ਲਾਈਨ ਕੋਲ ਪੁੱਜਾ ਤਾਂ ਅੰਗਰੇਜ਼ ਅਫਸਰਾਂ ਨੇ ਰੋਕ ਲਿਆ। ਜਿਹਨਾਂ ਵਿਚ ਕਮਿਸ਼ਨਰ, ਪੁਲਿਸ ਜਰਨੈਲ, ਫੌਜੀ ਜਰਨੈਲ, ਡੀ. ਸੀ. ਆਦਿ ਸਨ। ਅਫਸਰਾਂ ਨੇ ਕਿਹਾ ਕਿ ਕੱਲ੍ਹ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸੌਂਪ ਦਿਆਂਗੇ। ਝੱਬਰ ਜੀ ਨੇ ਕਿਹਾ ਕਿ ਚਾਬੀਆਂ ਹੁਣੇ ਚਾਹੀਦੀਆਂ ਹਨ ਅਤੇ ਗੋਰਾ ਫੌਜ ਹਟਾ ਲਓ। ਸਿੰਘਾਂ ਨੇ ਆਪਣੇ ਹਥਿਆਰ ਸੂਤ ਲਏ। ਫਿਰ ਡੀ. ਸੀ. ਕੈਰੀ ਨੇ ਝੱਟ ਚਾਬੀਆਂ ਫੜਾ ਦਿੱਤੀਆਂ। ਉਸੇ ਵੇਲੇ 7 ਸਿੰਘਾਂ ਦੀ ਕਮੇਟੀ ਬਣਾ ਕੇ ਗੁਰਦੁਆਰਾ ਦਾ ਕਬਜ਼ਾ ਸਿੰਘਾਂ ਨੂੰ ਦਿੱਤਾ ਗਿਆ। ਕਮੇਟੀ ਦੇ ਪ੍ਰਧਾਨ ਸ. ਹਰਬੰਸ ਸਿੰਘ ਅਟਾਰੀ ਵਾਲੇ ਸਨ।

ਭਾਵੇਂ ਸਰਕਾਰੀ ਤੌਰ ’ਤੇ ਸ਼ਹੀਦਾਂ ਦੀ ਗਿਣਤੀ 86 ਦੱਸੀ ਗਈ ਹੈ ਪਰ ਸ਼ਹੀਦੀ ਜਥਿਆਂ ਦੀ ਗਿਣਤੀ ਸਮੇਤ 200 ਤੋਂ ਵੱਧ ਸ਼ਹੀਦ ਹੋ ਸਕਦੇ ਹਨ। 23 ਫਰਵਰੀ ਨੂੰ ਸ਼ਹੀਦਾਂ ਦਾ ਅੰਗੀਠਾ ਗੁਰਦੁਆਰੇ ਦੇ ਅਹਾਤੇ ਅੰਦਰ ਪ੍ਰਕਾਸ਼ ਅਸਥਾਨ ਦੇ ਸਾਹਮਣੇ, ਜਿੱਥੇ ਸ਼ਹੀਦ ਗੰਜ ਬਣਿਆ ਹੈ, ਉਥੇ ਸ਼ਾਮ 7 ਵਜੇ ਸਸਕਾਰ ਕੀਤਾ ਗਿਆ। ਇਸ ਖੂਨੀ ਸ਼ਹੀਦੀ ਸਾਕੇ ਨੇ ਮੁੜ ਇਤਿਹਾਸਕ ਸ਼ਹੀਦੀਆਂ ਨੂੰ ਤਾਜ਼ਾ ਕਰ ਦਿੱਤਾ, ਜਿਸਨੂੰ ਲੋਕ ਭੁੱਲਦੇ ਜਾ ਰਹੇ ਸਨ। ਇਹ ਸ਼ਹੀਦੀਆਂ ਰੋਜ਼ਾਨਾ ਦੀ ਅਰਦਾਸ ਦਾ ਹਿੱਸਾ ਬਣ ਗਈਆਂ, ਜਿਵੇਂ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ।

# ਮਿੱਠੇ ਦੀ ਸ਼ਾਨ ਹੈ ਤੱਤਾ ਤੱਤਾ ਗੁੜ



ਸਤਨਾਮ ਸਿੰਘ ਮੱਟੂ
91-97797-08257

**''ਚਿੱਤ ਕਰਦਾ ਘਲਾੜੀ ਵਾਲਾ ਹਾਣੀਆ,**
**ਵੇ ਤੱਤਾ ਤੱਤਾ ਗੁੜ ਖਾਣ ਨੂੰ।''**

ਇਹ ਗੀਤ ਦੀਆਂ ਸਤਰਾਂ ਨੂੰ ਪੜਦਿਆਂ ਹੀ ਮੂੰਹ ਵਿੱਚ ਪਾਣੀ ਆ ਜਾਂਦਾ ਹੈ।ਚੱਕ ਵਿੱਚ ਤੱਤਾ ਤੱਤਾ ਗੁੜ ਪਿਆ ਦੇਖ ਕੇ ਖਾਣ ਨੂੰ ਦਿਲ ਲਲਚਾਅ ਜਾਂਦਾ ਹੈ।ਲੱਖ ਰੋਕਾਂ ਵੀ ਪੰਜਾਬੀਆਂ ਨੂੰ ਮਿੱਠਾ ਖਾਣ ਤੋਂ ਨਹੀਂ ਰੋਕ ਸਕਦੀਆਂ, ਪਰ ਜਦੋਂ ਮਿੱਠਾ ਗੁੜ ਹੋਵੇ ਅਤੇ ਉਹ ਵੀ ਗਰਮ ਗਰਮ ਫਿਰ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ।

ਗੁੜ ਪੰਜਾਬੀ ਸੱਭਿਆਚਾਰ ਦਾ ਅਤੁੱਟ ਅਤੇ ਅਨਿੱਖੜਵਾਂ ਅੰਗ ਹੈ।ਇਹ ਸਾਨੂੰ ਕੁਦਰਤ ਦੀ ਬਖਸ਼ੀ ਨਿਆਮਤ ਹੈ।ਚੀਨੀ ਕਲਚਰ ਤੋਂ ਪਹਿਲਾਂ ਪਿੰਡਾਂ ਵਿੱਚ ਮਿੱਠੇ ਵਜੋਂ ਗੁੜ ਜਾਂ ਸ਼ੱਕਰ ਦੀ ਸਰਦਾਰੀ ਸੀ।ਗੁੜ ਦੀ ਚਾਹ,ਗੁੜ ਦੇ ਚੌਲ, ਗੁੜ ਜਾਂ ਗੰਨੇ ਦੇ ਰਸ ਦੀ ਖੀਰ ਆਮ ਘਰਾਂ ਵਿੱਚ ਬਣਾਕੇ ਬੜੇ ਚਾਵਾਂ ਮਲਾਰਾਂ ਨਾਲ ਖਾਏ ਜਾਂਦੇ ਸਨ। ਗੁੜ ਜਾਂ ਸ਼ੱਕਰ ਨਾਲ ਬਣੀ ਚਾਹ ਨੂੰ ਕੱਚੇ ਮਿੱਠੇ ਦੀ ਚਾਹ ਕਿਹਾ ਜਾਂਦਾ ਸੀ ਅਤੇ ਚੀਨੀ ਜਾਂ ਖੰਡ ਨੂੰ ਪੱਕਾ ਮਿੱਠਾ।ਘਰ ਆਏ ਪ੍ਰਾਹੁਣੇ ਨੂੰ ਸਤਿਕਾਰ ਵਜੋਂ ਪੱਕੇ ਮਿੱਠੇ ਦੀ ਚਾਹ ਦਿੱਤੀ ਜਾਂਦੀ ਸੀ।ਜਿਵੇਂ ਹੀ ਸਮੇਂ ਨੇ ਕਰਵਟ ਲਈ ਤਾਂ ਲੋਕਾਂ ਚ ਚੀਨੀ ਦਾ ਚਾਹ ਦਾ ਰਿਵਾਜ ਪ੍ਰਫੁੱਲਤ ਹੋ ਗਿਆ।ਪੰਜਾਬੀ ਦੇਸੀ ਲੋਕਾਂ ਨੇ ਗੁੜ ਬਣਾਉਣਾ ਬੰਦ ਕਰ ਦਿੱਤਾ। ਗੰਨਾ ਖੰਡ ਮਿੱਲਾਂ ਵੱਲ੍ਹ ਜਾਣ ਲੱਗ ਪਿਆ।

ਪਰ ਮਿੱਠੇ ਚੋਂ ਗੁੜ ਦੀ ਸਰਦਾਰੀ ਕਾਇਮ ਰਹੀ।ਬੇਸ਼ੱਕ ਲੋਕਲ ਗੁੜ ਬਣਾਉਣ ਦੇ ਕਾਰੀਗਰ ਘਟ ਗਏ, ਪਰ ਯੂਪੀ ਬਿਹਾਰ ਤੋਂ ਆਕੇ ਕਾਰੀਗਰ ਇਸ ਕੰਮ ਵਿੱਚ ਜੁਟ ਗਏ ਅਤੇ ਗੁੜ ,ਸ਼ੱਕਰ ਮੁੜ ਤੋਂ ਪੰਜਾਬੀਆਂ ਦੇ ਘਰਾਂ ਦਾ ਸ਼ਿੰਗਾਰ ਬਣਨ ਲੱਗ ਗਿਆ ਹੈ।ਲੋਕਾਂ ਦਾ ਚੀਨੀ ਵੱਲੋਂ ਰੁਝਾਨ ਘਟ ਕੇ ਗੁੜ ਸ਼ੱਕਰ ਵੱਲ ਹੋ ਗਿਆ ਹੈ।

ਅੱਜ ਤੁਹਾਡੇ ਨਾਲ ਗੁੜ ਬਣਾਉਣ ਦੀ ਪ੍ਰਕ੍ਰਿਆ ਸਾਂਝੀ ਕਰਨ ਲੱਗਾ ਹਾਂ।ਸਖਤ ਮਸ਼ੱਕਤ ਤੋਂ ਬਾਅਦ ਜੀਅ ਲਲਚਾਉਣ ਵਾਲਾ ਤੱਤਾ ਤੱਤਾ ਗੁੜ ਸਾਡੇ ਤੱਕ ਪਹੁੰਚਦਾ ਹੈ।ਦੁਸਿਹਰੇ ਤੋਂ ਬਾਅਦ ਗੰਨੇ ਵਿੱਚ ਪੂਰਾ ਰਸ ਭਰ ਜਾਂਦਾ ਹੈ।ਸਿਆਲ ਦੀ ਰੁੱਤ ਸ਼ੁਰੂ ਹੁੰਦੇ ਹੀ ਘਲਾੜੀਆਂ ਦੀ ਰਿਪੇਅਰ ਕਰਕੇ ਗੁੜ ਬਣਾਉਣ ਦਾ ਕਰ ਕਰ ਦਿੱਤਾ ਜਾਂਦਾ ਹੈ। ਲਹਿਲਹਾਉਂਦੇ ਕਮਾਦ ਦੇ ਖੇਤ ਚੋਂ ਗੰਨੇ ਨੂੰ ਖਪਰੇ ਨਾਮੀ ਸੰਦ ਨਾਲ ਜੜ੍ਹ ਤੋਂ ਵੱਢ ਲਿਆ ਜਾਂਦਾ ਹੈ। ਪਿੰਡਾਂ ਦੇ ਬੇਜਮੀਨੇ ਗਰੀਬ ਲੋਕ ਉਹਨਾਂ ਕੱਟੇ ਹੋਏ ਗੰਨਿਆਂ ਤੋਂ ਦਾਤੀਆਂ ਨਾਲ ਸੁੱਕੇ ਪੱਤ ਛਿੱਲ ਕੇ ਅਤੇ ਉੱਪਰੋਂ ਕੱਚਾ ਗੰਨਾ ਅਤੇ ਹਰੇ ਪੱਤੇ ਵੱਢ ਕੇ ਢੇਰ





ਲਗਾ ਦਿੰਦੇ ਹਨ।ਇਸ ਸੁੱਕੇ ਪੱਤਿਆਂ ਨੂੰ ਆਮ ਬੋਲੀ ਚ ਪੱਤੀ ਕਿਹਾ ਜਾਂਦਾ ਹੈ ਅਤੇ ਹਰੇ ਪੱਤਿਆਂ ਨੂੰ ਆਗ। ਉਹਨਾਂ ਵੱਢੇ ਅਤੇ ਸੰਵਾਰੇ 20-20,25-25 ਗੰਨਿਆਂ ਨੂੰ ਬੰਨ ਲਿਆ ਜਾਂਦਾ ਹੈ। ਜਿਸ ਨੂੰ ਪੂਲੀਆਂ ਕਿਹਾ ਜਾਂਦਾ ਹੈ। ਛਿੱਲੇ ਗੰਨਿਆਂ ਦੇ ਵੱਢੇ ਪੱਤਿਆਂ ਭਾਵ ਆਗਾਂ ਨੂੰ ਪਸ਼ੂਆਂ ਦੇ ਚਾਰੇ ਲਈ ਵਰਤਿਆ ਜਾਂਦਾ ਹੈ। ਮਿਠਾਸ ਹੋਣ ਕਾਰਨ ਪਸ਼ੂ ਇਸਦੇ ਟੋਕੇ ਨੂੰ ਬਹੁਤ ਚਾਅ ਨਾਲ ਖਾਂਦੇ ਹਨ। ਗੰਨਿਆਂ ਦੇ ਬੰਨੇ ਪੂਲੇ ਜਾਂ ਬੰਡਲਾਂ ਨੂੰ ਗੱਡਿਆਂ ਜਾਂ ਟਰੈਕਟਰ ਟਰਾਲੀ ਤੇ ਲੱਦ ਕੇ ਘਲਾੜੀ ਤੇ ਢੋਇਆ ਜਾਂਦਾ ਹੈ।ਕਈ ਜਗ੍ਹਾ ਘਲਾੜੀ ਨੂੰ ਵੇਲਣਾ ਵੀ ਕਹਿੰਦੇ ਹਨ।

ਇਸ ਤੋਂ ਬਾਅਦ ਗੰਨੇ ਨੂੰ ਇਕੱਲਾ ਇਕੱਲਾ ਕਰਕੇ ਘਲਾੜੀ ਵਿੱਚ ਪੀੜਿਆ ਜਾਂ ਨਪੀੜਿਆ ਜਾਂਦਾ ਹੈ। ਇਸ ਵਿੱਚੋਂ ਨਿੱਕਲੇ ਤਰਲ ਪਦਾਰਥ ਨੂੰ ਰਸ ਜਾਂ ਰਹੁ ਕਿਹਾ ਜਾਂਦਾ ਹੈ ਅਤੇ ਰਸ ਕੱਢਣ ਤੋਂ ਬਾਅਦ ਬਚੇ ਸਖਤ ਪਦਾਰਥ ਨੂੰ ਪੱਛੀ ਕਹਿੰਦੇ ਹਨ।ਇਸਨੂੰ ਸੁਕਾ ਕੇ ਗੁੜ ਪਕਾਉਣ ਲਈ ਬਾਲਣ ਵਜੋਂ ਵਰਤ ਲਿਆ ਜਾਦਾ ਹੈ। ਰਸ ਨੂੰ ਪੀਣ ਦਾ ਆਪਣਾ ਵੱਖਰਾ ਹੀ ਸਵਾਦ ਹੈ।ਅੱਜਕਲ੍ਹ ਗੰਨੇ ਦਾ ਰਸ ਬਾਜਾਰਾਂ ਵਿੱਚ ਵੀ ਰੇਹੜੀਆਂ ਤੇ ਆਮ ਵਿਕਦਾ ਹੈ।ਇਸ ਨੂੰ ਹੋਰ ਸਵਾਦਿਸ਼ਟ ਬਣਾਉਣ ਲਈ ਇਸ ਵਿੱਚ ਪੁਦੀਨਾ, ਅਦਰਕ ,ਨਿੰਬੂ, ਕਾਲਾ ਨਮਕ ਪਾਇਆ ਜਾਂਦਾ ਹੈ, ਜੋ ਸਿਹਤ ਲਈ ਅਣਮੁੱਲੀ ਦਾਤ ਹੈ।

ਗੰਨੇ ਦੇ ਰਸ ਤੋਂ ਬਹੁਤ ਹੀ ਮਜੇਦਾਰ ਖੀਰ ਬਣਾਈ ਜਾ ਸਕਦੀ ਹੈ, ਜਿਸਦੇ ਸਵਾਦ ਦਾ ਮੁਕਾਬਲਾ ਵੇਰਕਾ ਜਾਂ ਹੋਰ ਦੁੱਧ ਤੋਂ ਬਣੀ ਖੀਰ ਵੀ ਨਹੀਂ ਕਰ ਸਕਦੀ। ਗੰਨੇ ਚੋਂ ਕੱਢੇ ਇਸ ਰਸ ਨੂੰ ਗੁੜ ਬਣਾਉਣ ਲਈ ਕੜਾਹੇ ਵਿੱਚ ਪਾਕੇ ਭੱਠੀ ਉੱਪਰ ਲੋੜ ਮੁਤਾਬਿਕ ਗਰਮ ਕੀਤਾ ਜਾਂਦਾ ਹੈ।ਇਸ ਗਰਮ ਰਸ ਨੂੰ ਲਾਹਣ ਕਿਹਾ ਜਾਂਦਾ ਹੈ।ਰਸ ਨੂੰ ਉਸ ਸਮੇਂ ਤਕ ਮੱਠੇ ਮੱਠੇ ਸੇਕ ਤੇ ਗਰਮ ਕੀਤਾ ਜਾਂਦਾ ਹੈ, ਜਦੋਂ ਤਕ ਉਹ ਕੜ੍ਹ ਕੇ ਲਾਲ ਜਾਂ ਭੂਰੇ ਰੰਗ ਵਿੱਚ ਨਾ ਬਦਲ ਜਾਵੇ ਅਤੇ ਗਰੀਸ ਵਰਗਾ ਸੰਘਣਾ ਨਾ ਹੋ ਜਾਵੇ।ਗਰਮ ਕਰਦੇ ਸਮੇਂ ਲਾਹਣ ਉੱਪਰੋਂ ਮੈਲ ਉਤਾਰਦੇ ਰਹਿਣਾ ਪੈਂਦਾ ਹੈ ਤਾਂ ਕਿ ਗੁੜ ਦਾ ਰੰਗ ਗੂੜ੍ਹੇ ਦੀ ਬਜਾਇ ਹਲਕਾ ਭੂਰਾ ਹੋ ਜਾਵੇ।ਇਸ ਤਿਆਰ ਹੋਏ ਗੁੜ ਨੂੰ ਲੱਕੜ ਦੇ ਚੱਕ ਵਿੱਚ ਪਾਕੇ ਠੰਡਾ ਕੀਤਾ ਜਾਂਦਾ ਹੈ ਅਤੇ ਲੋੜ ਮੁਤਾਬਿਕ ਵੱਡੀਆਂ ਜਾਂ ਛੋਟੀਆਂ ਭੇਲੀਆਂ ਬਣਾਈਆਂ ਜਾਂਦੀਆਂ ਹਨ।ਬੱਸ ਇਸ ਸਮੇਂ ਗਰਮ ਗਰਮ ਗੁੜ ਖਾਣ ਦਾ ਮਜਾ ਹੀ ਅਲੱਗ ਹੈ। ਆਲੂ, ਗਾਜਰ ਜਾਂ ਸ਼ੱਕਰਗੰਦੀ ਨੂੰ ਉੱਬਲਦੇ ਲਾਹਣ ਸੁੱਟ ਕੇ ਅਤੇ ਪਕਾਕੇ ਖਾਣ ਦਾ ਅਲੱਗ ਹੀ ਆਨੰਦ ਹੈ। ਇੱਕ ਵਾਰ ਦੇ ਲਾਹਣ ਵਿੱਚੋਂ 25 ਤੋਂ 30 ਕਿਲੋ ਗੁੜ ਬਣਦਾ ਹੈ। ਜੇਕਰ ਸ਼ੱਕਰ ਬਣਾਉਣੀ ਹੋਵੇ ਤਾਂ ਲਾਹਣ ਨੂੰ ਗੁੜ ਨਾਲੋਂ ਜਿਆਦਾ ਦੇਰ ਤਕ ਪਕਾਉਣਾ ਪੈਂਦਾ ਹੈ। ਪਰ ਕਈ ਲੋਕ ਇਸ ਨੂੰ ਵਪਾਰਕ ਨਜਰੀਏ ਤੋਂ ਬਣਾਉਣ ਲਈ ਇਸ ਵਿੱਚ ਰਸਾਇਣਕ ਪਦਾਰਥ ਪਾਕੇ ਇਸਦੇ ਰੰਗ ਅਤੇ ਸਵਾਦ ਨੂੰ ਵਧੀਆ ਲਈ ਇਨਸਾਨੀਅਤ ਨਾਲ ਘਾਣ ਕਰਦੇ ਹਨ।

ਰੋਟੀ ਤੋਂ ਪਿੱਛੋਂ ਸ਼ੱਕਰ ਜਾਂ ਗੁੜ ਖਾਣ ਦਾ ਅਲੱਗ ਹੀ ਮਜ਼ਾ ਹੈ।ਵੈਦ ਹਕੀਮ ਅਤੇ ਡਾਕਟਰ ਵੀ ਰੋਟੀ ਪਿੱਛੋਂ ਗੁੜ ਖਾਣ ਦੀ ਸਲਾਹ ਦਿੰਦੇ ਹਨ,ਗੂੜ ਖਾਣ ਨਾਲ ਸ਼ੂਗਰ ਹੋਣ ਦੀ ਸੰਭਾਵਨਾ ਨਹੀ ਕਿਉਂਕਿ ਗੁੜ ਬਣਾਉਣ ਲਈ ਕਿਸੇ ਰਸਾਇਣਕ ਪਦਾਰਥ ਦੀ ਵਰਤੋਂ ਨਹੀਂ ਹੁੰਦੀ, ਜਦਕਿ ਚੀਨੀ ਬਣਾਉਣ ਲਈ ਸਲਫਰ ਰਸਾਇਣਕ ਪਦਾਰਥ ਵਰਤਿਆ ਜਾਂਦਾ ਹੈ। ਕਈ ਵਾਰ ਲੋਕ ਵਿਸ਼ੇਸ਼ ਤੌਰ ਤੇ ਖਾਣ ਲਈ ਗੁੜ ਦੀ ਟਿੱਕੀ ਬਣਵਾ ਲੈਂਦੇ ਹਨ, ਆਪਣੀ ਹੈਸੀਅਤ ਅਤੇ ਲੋੜ ਅਨੁਸਾਰ ਉਸ ਵਿੱਚ ਕਾਜੂ, ਬਦਾਮ, ਦਾਖਾਂ ਆਦਿ ਸੁੱਕੇ ਮੇਵੇ ਪਾ ਕੇ ਹੋਰ ਸਵਾਦਲਾ ਬਣਾ ਲੈਂਦੇ ਹਨ। ਅੱਜਕਲ੍ਹ ਵੀ ਲੋਕਾਂ ਵਿੱਚ ਸ਼ੱਕਰ ਜਾਂ ਗੁੜ ਦੀ ਚਾਹ ਪੀਣ ਦਾ ਰੁਝਾਨ ਵੀ ਕਾਫੀ ਵਧ ਗਿਆ ਹੈ।

ਸੜਕਾਂ ਕਿਨਾਰੇ ਚਲਦੀਆਂ ਘਲਾੜੀਆਂ ਤੇ ਲੋਕ ਸ਼ੱਕਰ,ਗੁੜ ਖਰੀਦਦੇ ਆਮ ਦੇਖੇ ਜਾ ਸਕਦੇ ਹਨ। ਚੀਨੀ ਦੀ ਚਾਹ ਹੁਣ ਚੰਗੀ ਨਹੀਂ ਲੱਗਦੀ ਕਹਿ ਕੇ ਜਾਂ ਸ਼ੂਗਰ ਦੇ ਰੋਗੀ ਸ਼ੱਕਰ, ਗੁੜ ਦੀ ਚਾਹ ਨੂੰ ਤਰਜੀਹ ਦੇਣ ਲੱਗ ਪਏ ਹਨ।ਚਾਹੇ ਕੁੱਝ ਵੀ ਹੋਵੇ ਤੱਤੇ ਤੱਤੇ ਗੁੜ ਦਾ ਮੁਕਾਬਲਾ ਦੁਨੀਆਂ ਦੀ ਕੋਈ ਵੀ ਮਠਿਆਈ ਨਹੀਂ ਕਰ ਸਕਦੀ।

## ਵਿਗਿਆਨ ਦਾ ਮੋਦੀਫਿਕੇਸ਼ਨ

# ਡਾਰਵਿਨ ਦਾ ਵਿਕਾਸ ਸਿਧਾਂਤ ਤੇ ਵਿਗਿਆਨ ਦਾ ਵਿਰੋਧ



ਡਾ.ਕੁਲਦੀਪ ਸਿੰਘ ਧੀਰ
91-98722-60550


ਮੈਂ ਨੂੰ ਸੰਵਿਧਾਨ ਦਾ ਬਹੁਤਾ ਪਤਾ ਨਹੀਂ, ਪਰ ਦੋਸਤ ਕਹਿੰਦੇ ਹਨ ਕਿ ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐਚ) ਅਨੁਸਾਰ ਸਰਕਾਰ ਦੇਸ਼ ਵਿੱਚ ਵਿਗਿਆਨਕ ਸੋਚ ਦੇ ਪਸਾਰ ਲਈ ਵਚਨਬੱਧ ਹੈ। ਇਸ ਵਚਨਬੱਧਤਾ ਨਾਲ ਮਜ਼ਾਕ ਅੱਜਕੱਲ੍ਹ ਆਮ ਹੋ ਰਿਹਾ ਹੈ। 68ਵੇਂ ਗਣਤੰਤਰ ਦਿਵਸ ਤੋਂ ਇੱਕ ਹਫ਼ਤਾ ਪਹਿਲਾਂ 19 ਜਨਵਰੀ 2018 ਨੂੰ ਔਰੰਗਾਬਾਦ (ਮਹਾਂਰਾਸ਼ਟਰ) ਵਿੱਚ ਦੇਸ਼ ਦੇ ਮਨੁੱਖੀ ਸਰੋਤ ਵਿਕਾਸ ਰਾਜ ਮੰਤਰੀ ਸਤਿਆਪਾਲ ਸਿੰਘ ਨੇ ਆਲ ਇੰਡੀਆ ਵੈਦਿਕ ਸੰਮੇਲਨ ਵਿੱਚ ਦੇਸ਼ ਤੇ ਦੁਨੀਆਂ ਨੂੰ ਇਹ ਕਹਿ ਕੇ ਚੌਂਕਾ ਦਿੱਤਾ ਕਿ ਡਾਰਵਿਨ ਦਾ ਵਿਕਾਸ ਸਿਧਾਂਤ ਗ਼ਲਤ ਹੈ। ਸਾਡੇ ਕਿਸੇ ਵੇਦ ਪੁਰਾਣ, ਧਾਰਮਿਕ ਗ੍ਰੰਥ ਵਿੱਚ ਮਨੁੱਖ ਦੇ ਬਾਂਦਰ/ਲੰਗੂਰ (ਏਪ) ਤੋਂ ਵਿਕਸਿਤ ਹੋਣ ਦਾ ਜ਼ਿਕਰ ਨਹੀਂ। ਸਾਡੇ ਕਿਸੇ ਵੱਡੇ-ਵਡੇਰੇ- ਨਾਨੀ/ਦਾਦੀ ਨੇ ਸਾਨੂੰ ਇਸ ਬਾਰੇ ਕਦੇ ਨਹੀਂ ਦੱਸਿਆ। ਕਿਸੇ ਨੇ ਵੀ ਲੰਗੂਰ/ਬਾਂਦਰ ਦੇ ਘਰ ਬੰਦਾ ਪੈਦਾ ਹੁੰਦਾ ਨਹੀਂ ਵੇਖਿਆ। ਕਿਸੇ ਨੇ ਲੰਗੂਰ ਨੂੰ ਬੰਦਾ ਬਣਦੇ ਨਹੀਂ ਵੇਖਿਆ। ਇਸ ਗ਼ਲਤ ਸਿਧਾਂਤ ਦਾ ਸਕੂਲਾਂ/ਕਾਲਜਾਂ ਤੇ ਪਾਠ ਪੁਸਤਕਾਂ ਰਾਹੀਂ ਅਧਿਆਪਨ ਬੰਦ ਹੋਣਾ ਚਾਹੀਦਾ ਹੈ।

ਬੜੇ 'ਸੂਝਵਾਨ' ਹਨ ਇਹ ਮੰਤਰੀ ਜੀ। ਉਨ੍ਹਾਂ ਦਾ ਖ਼ੂਬ ਵਿਰੋਧ ਹੋ ਰਿਹਾ ਹੈ, ਪਰ ਸਰਕਾਰ ਨੂੰ ਕੀ ਪ੍ਰਵਾਹ। ਪ੍ਰਧਾਨ ਮੰਤਰੀ ਆਪ ਦੋ ਸਾਲ ਪਹਿਲਾਂ ਮੁੰਬਈ ਦੀ ਇੰਡੀਅਨ ਸਾਇੰਸ ਕਾਂਗਰਸ ਵਿੱਚ ਬਾਹਾਂ ਉਲਾਰ ਕੇ ਕਹਿ ਚੁੱਕੇ ਹਨ ਕਿ 'ਪ੍ਰਾਚੀਨ ਭਾਰਤ ਵਿੱਚ ਪਲਾਸਟਿਕ ਸਰਜਰੀ ਇੰਨੀ ਵਿਕਸਿਤ ਸੀ ਕਿ ਅਸੀਂ ਸਿਰ ਟਰਾਂਸਪਲਾਂਟ ਕਰ ਲੈਂਦੇ ਸਾਂ।' ਇਸ਼ਾਰਾ ਉਹ ਗਣੇਸ਼ ਭਗਵਾਨ ਵੱਲ ਕਰ ਰਹੇ ਸਨ। ''ਅਸੀਂ ਕਲੋਨਿੰਗ ਨਾਲ ਸੌ ਬੰਦੇ ਪੈਦਾ ਕਰ ਲੈਂਦੇ ਸਾਂ।'' ਇਸ਼ਾਰਾ ਸੌ ਕੌਰਵ ਪੁੱਤਰਾਂ ਵੱਲ ਸੀ। "ਅਸੀਂ ਭਾਂਤ ਭਾਂਤ ਦੇ ਜਹਾਜ਼, ਰਾਕੇਟ ਤੇ ਬੰਬ ਬਣਾ ਲੈਂਦੇ ਸਾਂ।" ਇਸ਼ਾਰਾ ਪੌਰਾਣਿਕ ਅਗਨ ਬਾਣਾਂ ਤੇ ਪੁਸ਼ਪਕ ਵਿਮਾਨਾਂ ਵੱਲ ਸੀ। ਰਾਸ਼ਟਰੀ/ ਅੰਤਰਰਾਸ਼ਟਰੀ ਪੱਧਰ ਉੱਤੇ ਦੇਸ਼ ਦੇ ਗੌਰਵ ਨਾਲ ਇਹ ਮਜ਼ਾਕ ਨਹੀਂ, ਤਾਂ ਹੋਰ ਕੀ ਸੀ। ਪਿੱਛੇ ਜਿਹੇ ਉਨ੍ਹਾਂ ਦੇ ਇੱਕ ਹੋਰ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਨਿਊਟਨ ਦੇ ਗੁਰੂਤਾ ਸਿਧਾਂਤ ਦੀ ਖੋਜ ਉਸ ਤੋਂ ਕਿਤੇ ਪਹਿਲਾਂ ਭਾਰਤੀ ਵਿਗਿਆਨੀ ਕਰ ਚੁੱਕੇ ਸਨ।

ਵਿਗਿਆਨ ਹਰਫ਼-ਏ-ਆਖ਼ਿਰ ਦਾ ਦਾਅਵਾ ਨਹੀਂ ਕਰਦਾ। ਨਵੀਂ ਖੋਜ ਵਿਗਿਆਨਕ ਲੱਭਤਾਂ/ ਸਿਧਾਂਤਾਂ ਨੂੰ ਰੱਦ ਕਰ ਸਕਦੀ ਹੈ, ਸੋਧ ਸਕਦੀ ਹੈ। ਇਨ੍ਹਾਂ ਦੀ 'ਮੌਡੀਫਿਕੇਸ਼ਨ' (ਸੁਧ-ਾਈ) ਕਰ ਸਕਦੀ ਹੈ। ਕੇਂਦਰੀ ਮੰਤਰੀ ਵਿਗਿਆਨਕ ਸਿਧਾਂਤਾਂ ਦੀ ਖੋਜ ਤੇ ਦਲੀਲ ਨਾਲ 'ਮੌਡੀਫਿਕੇਸ਼ਨ' ਜੀਅ ਸਕਦੇ ਕਰਨ, ਪਰ ਇਨ੍ਹਾਂ ਦੀ ਮੋਦੀਫਿਕੇਸ਼ਨ ਕਰਕੇ ਭਾਰਤੀ ਪ੍ਰਾਪਤੀਆਂ ਦਾ ਮਜ਼ਾਕ ਨਾ ਉਡਾਉਣ। ਅਜਿਹੇ ਬਿਆਨਾਂ ਉਪਰੰਤ ਲੋਕ ਸਾਡੀਆਂ ਵਾਸਤਵਿਕ ਪ੍ਰਾਪਤੀਆਂ ਨੂੰ ਵੀ ਗੰਭੀਰਤਾ ਨਾਲ ਨਹੀਂ ਲੈਣਗੇ।

ਕੇਂਦਰੀ ਮੰਤਰੀ ਦੀ ਗੱਲ ਮੰਨੀਏ ਤਾਂ ਨਿਊਟਨ ਦੇ ਨੇਮ ਵੀ ਗ਼ਲਤ ਹਨ ਕਿਉਂ ਜੋ ਇਨ੍ਹਾਂ ਦਾ ਜ਼ਿਕਰ ਵੇਦਾਂ ਵਿੱਚ ਨਹੀਂ। ਆਇੰਸਟਾਈਨ ਦੇ ਸਾਪੇਖਤਾ ਸਿਧਾਂਤ ਤੇ ਕੁਆਂਟਮ ਥਿਊਰੀ ਗ਼ਲਤ ਹਨ। ਇਨ੍ਹਾਂ ਬਾਰੇ ਸਾਡੇ ਵੱਡੇ-ਵਡੇਰਿਆਂ ਨੇ ਸਾਨੂੰ ਕਦੇ ਦੱਸਿਆ ਨਹੀਂ ਸੀ। ਚੰਨ/ ਮੰਗਲ ਜਾਂ ਪੁਲਾੜ ਵਿੱਚ ਕਿਸੇ ਗ੍ਰਹਿ ਉੱਤੇ ਪਾਣੀ/ਮਨੁੱਖ ਨਹੀਂ ਹੋ ਸਕਦੇ। ਹੁੰਦੇ ਤਾਂ ਉਹ ਹੇਠਾਂ ਡਿੱਗਦੇ ਸਾਨੂੰ ਕਦੋਂ ਦੇ ਦਿਸ ਜਾਂਦੇ। ਕੀ ਕਹੀਏ? 'ਸਰੇ ਤਸਲੀਮ ਖ਼ਮ ਹੈ ਜੋ ਮਜ਼ਾਜੇ ਯਾਰ ਮੇਂ ਆਏ।' ਵਿਚਾਰੇ ਡਾਰਵਿਨ ਨਾਲ ਇੰਨੀ ਮਾੜੀ ਸ਼ਾਇਦ ਹੀ ਕਦੇ ਹੋਈ ਹੋਵੇ। ਚਲੋ ਉਸ ਬਾਰੇ ਵੀ ਆਮ ਭਾਰਤੀਆਂ ਨੂੰ ਕੁਝ ਦੱਸ ਦੇਈਏ ਜਿਸ ਨੂੰ ਲੈ ਕੇ ਇਹ ਬਿਆਨ ਦੇਣ ਦਾ ਕਸ਼ਟ ਕੇਂਦਰੀ ਮੰਤਰੀ ਨੇ ਕੀਤਾ ਹੈ।

ਡਾਰਵਿਨ 12 ਫਰਵਰੀ 1809 ਨੂੰ ਇੰਗਲੈਂਡ ਵਿੱਚ ਉਸੇ ਦਿਨ ਜੰਮਿਆ ਜਿਸ ਦਿਨ ਅਮਰੀਕਾ ਵਿੱਚ ਅਬਰਾਹਮ ਲਿੰਕਨ। ਡਾਰਵਿਨ ਨੇ ਵੱਡੀ ਗੱਲ ਇਹ ਕਹੀ ਕਿ ਮਨੁੱਖ, ਪਸ਼ੂ ਤੋਂ ਵੀ ਹੇਠਲੇ ਪੱਧਰ ਉੱਤੋਂ ਤੁਰ ਕੇ ਇੱਥੇ ਤਕ ਪੁੱਜਾ ਹੈ। ਨਾਨਕੇ ਦਾਦਕੇ ਦੋਵਾਂ ਪਰਿਵਾਰਾਂ ਵੱਲੋਂ ਉਹ ਚੰਗੇ ਨਾਂਅ-ਥਾਂ ਵਾਲਾ ਸੀ। ਦਾਦਾ 18ਵੀਂ ਸਦੀ ਦਾ ਮੰਨਿਆ ਹੋਇਆ ਬੁੱਧੀਜੀਵੀ ਸੀ ਇਰੈਸਮਸ ਡਾਰਵਿਨ। ਨਾਨਾ ਜੋਸੀਆ ਵੈਸਵੁਡ ਚੰਗਾ ਵਪਾਰੀ। ਪਿਤਾ ਨੇ ਡਾਰਵਿਨ ਨੂੰ ਡਾਕਟਰ ਬਣਾਉਣ ਲਈ ਐਡਿਨਬਰਾ ਯੂਨੀਵਰਸਿਟੀ (ਸਕੌਟਲੈਂਡ) ਵਿੱਚ ਦਾਖਲ ਕਰਾਇਆ। ਉੱਥੇ ਉਸ ਦਾ ਦਿਲ ਨਾ ਲੱਗਾ। ਛੱਡ ਕੇ ਧਾਰਮਿਕ ਵਿੱਦਿਆ ਲਈ ਕੈਂਬਰਿਜ ਪਹੁੰਚ ਗਿਆ ਤਾਂ ਕਿ ਸਿਖਲਾਈ ਲੈ ਕੇ ਚਰਚ ਦੀ ਸੇਵਾ ਕਰੇ। ਕੈਂਬਰਿਜ ਵਿੱਚ ਵਿਗਿਆਨੀਆਂ ਦੇ ਸੰਪਰਕ ਵਿੱਚ ਆਇਆ ਤਾਂ ਉਸ ਦਾ ਮਨ ਵਿਗਿਆਨ ਵੱਲ ਮੁੜ ਗਿਆ। ਬਾਟਨੀ ਦੇ ਪ੍ਰੋਫ਼ੈਸਰ ਜੌਹਨ ਹੈਂਸਲੋ ਨੇ ਉਸ ਨੂੰ ਐਚ. ਐਮ. ਐਸ. ਬੀਗਲ ਨਾਂ ਦੇ ਸਮੁੰਦਰੀ ਜਹਾਜ਼ ਉੱਤੇ ਬਿਨਾਂ ਤਨਖ਼ਾਹ ਅਪਰੈਂਟਿਸ ਲਵਾ ਦਿੱਤਾ। ਇਸ ਨੇ ਪੰਜ ਸਾਲ ਦੀ ਲੰਬੀ ਯਾਤਰਾ ਵਿੱਚ ਦੂਰ ਦੇਸ਼ਾਂ ਦੇ ਕੀਟ-ਪਤੰਗੇ, ਪੌਦੇ, ਚੱਟਾਨਾਂ, ਮਿੱਟੀ ਆਦਿ ਇਕੱਠੇ ਕਰਨੇ ਸਨ। ਇਸ ਆਸਰੇ ਹੀ ਡਾਰਵਿਨ ਨੇ ਆਪਣਾ ਵਿਕਾਸ ਸਿਧਾਂਤ ਪੇਸ਼ ਕੀਤਾ। ਉਸ ਨੇ ਜੀਅ-ਜੰਤ ਵਿੱਚ ਨਿਰੰਤਰ ਵਾਪਰੇ ਸੂਖ਼ਮ ਪਰਿਵਰਤਨਾਂ ਨੂੰ ਮੂਟੇਸ਼ਨ ਦੇ ਸੰਕਲਪ ਰਾਹੀਂ ਸਮਝਾਇਆ। ਉਸ ਨੇ ਕਿਹਾ ਕਿ ਵਿਕਾਸ ਦੇ ਹਰ ਪੜਾਅ ਉੱਤੇ ਹਾਲਾਤ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਣ ਵਾਲੀਆਂ ਨਸਲਾਂ ਹੀ ਅੱਗੇ ਤੁਰਦੀਆਂ ਹਨ। ਹਰ ਨਵੀਂ ਪ੍ਰਜਾਤੀ ਵਿੱਚ ਨਵੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਵਾਲੇ ਅੰਗ, ਗੁਣ, ਲੱਛਣ ਉਸ ਦਾ ਮੁਹਾਂਦਰਾ ਨਿਸ਼ਚਿਤ ਕਰਦੇ ਹਨ। ਉਹ ਇਸ ਸਿਧਾਂਤ ਲਈ ਇੱਕ ਪਾਸੇ ਲਾਈਲ ਦੀ ਕਿਤਾਬ 'ਪ੍ਰਿੰਸੀਪਲਜ਼ ਆਫ ਜ਼ਿਆਲੌਜੀ' ਅਤੇ ਦੂਜੇ ਪਾਸੇ ਜੀਵ-ਜੰਤੂਆਂ ਦੇ ਪਥਰਾਟਾਂ ਦੇ ਅਧਿਐਨ ਤੋਂ ਪ੍ਰਭਾਵਿਤ ਹੋਇਆ। ਇਸ ਤੋਂ ਇਲਾਵਾ ਉਹ ਮਾਲਥਸ ਦੇ ਜਨਸੰਖਿਆ ਅਤੇ ਪ੍ਰਕ੍ਰਿਤਕ ਸਾਧਨਾਂ ਦੇ ਪਰਸਪਰ ਰਿਸ਼ਤੇ ਬਾਰੇ ਪੇਸ਼ ਧਾਰਨਾਵਾਂ ਤੋਂ ਵੀ ਪ੍ਰਭਾਵਿਤ ਹੋਇਆ। ਉਸ ਨੇ ਆਪਣਾ ਸਿਧਾਂਤ ਐਵੇਂ ਤਤਫੱਟ ਪੇਸ਼ ਨਹੀਂ ਕੀਤਾ। ਇਸ ਬਾਰੇ ਵੀਹ ਸਾਲ ਸੋਚਿਆ। ਇਸੇ ਦੌਰਾਨ ਉਸ ਨੂੰ ਪਤਾ ਲੱਗਾ ਕਿ ਉਸ ਵਰਗੇ ਹੀ ਵਿਚਾਰ ਇੱਕ ਹੋਰ ਵਿਗਿਆਨੀ ਐਲਫਰੈਡ ਰਸਲ ਵੈਲੇਸ ਦੇ ਵੀ ਹਨ। ਡਾਰਵਿਨ ਨੇ ਉਸ ਨਾਲ ਰਾਬਤਾ ਕੀਤਾ। 1858 ਵਿੱਚ ਦੋਵਾਂ ਨੇ ਇਸ ਬਾਰੇ ਸਾਂਝਾ ਐਲਾਨ ਕੀਤਾ। 1859 ਵਿੱਚ ਡਾਰਵਿਨ ਨੇ ਆਪਣਾ ਪਹਿਲਾ ਸਿਧਾਂਤਕ ਗ੍ਰੰਥ 'ਆਨ ਦਿ ਓਰਿਜਿਨ ਆਫ ਸਪੀਸ਼ੀਜ਼ ਬਾਈ ਨੈਚੁਰਲ ਸਿਲੈਕਸ਼ਨ' ਪ੍ਰਕਾਸ਼ਿਤ ਕੀਤਾ।



ਇਸ ਨਾਲ ਤਰਥੱਲੀ ਮਚ ਗਈ। ਸਾਡੇ ਮੰਤਰੀ ਵਾਂਗ ਕਿੰਨੇ ਹੀ ਕਹਿੰਦੇ ਕਹਾਉਂਦੇ ਬੰਦੇ ਇਸ ਦੇ ਵਿਰੋਧ ਵਿੱਚ ਉੱਠ ਖਲੋਤੇ। ਲੰਗੂਰ ਨੂੰ ਮਨੁੱਖ ਦਾ ਵਡੇਰਾ ਮੰਨਣਾ ਸੌਖਾ ਨਹੀਂ ਸੀ। ਉਨ੍ਹਾਂ ਲੰਗੂਰ ਉੱਤੇ ਡਾਰਵਿਨ ਦਾ ਸਿਰ ਲਾ ਕੇ ਕਾਰਟੂਨ ਬਣਾਏ। ਉਸ ਵਿਰੁੱਧ ਜਲੂਸ ਕੱਢੇ। ਇਸੇ ਤੂਫ਼ਾਨ ਦੌਰਾਨ ਕਈ ਵੱਡੇ ਬੰਦੇ ਉਸ ਦੇ ਸਮਰਥਨ ਵਿੱਚ ਵੀ ਅੱਗੇ ਆਏ। ਟੀ.ਐਚ. ਹਕਸਲੇ, ਜੇ.ਬੀ.ਐਸ. ਹਾਲਡੇਨ, ਸੀਵਾਲ ਰਾਈਟ ਤੇ ਰੇਨਾਲਡ ਫਿਸ਼ਰ ਇਨ੍ਹਾਂ ਵਿੱਚੋਂ ਪ੍ਰਮੁੱਖ ਸਨ। ਤੀਹ ਜੂਨ 1860 ਨੂੰ ਆਕਸਫੋਰਡ ਵਿੱਚ ਇਸ ਸਿਧਾਂਤ ਉੱਤੇ ਬਹਿਸ ਹੋਈ। ਆਰਚਬਿਸ਼ਪ ਵਿਲਬਰਫੋਰਸ, ਡਾਰਵਿਨ ਦਾ ਮਜ਼ਾਕ ਉਡਾਉਂਦਿਆਂ ਹਕਸਲੇ ਨਾ ਤਿੱਖੀ ਨੋਕ ਝੋਕ ਸ਼ੁਰੂ ਕਰ ਬੈਠਾ। ਉਸ ਨੇ ਹਕਸਲੇ ਨੂੰ ਸਵਾਲ ਕੀਤਾ: ''ਲੰਗੂਰ ਨਾਲ ਤੁਹਾਡਾ ਰਿਸ਼ਤਾ ਨਾਨਕਿਆਂ ਵੱਲੋਂ ਜਾਂ ਦਾਦਕਿਆਂ ਵੱਲੋਂ?'' ਹਕਸਲੇ ਦਾ ਉੱਤਰ ਸੀ: "ਆਕਸਫੋਰਡ ਦੇ ਤੇਰੇ ਜਿਹੇ ਜਾਹਿਲ ਬਿਸ਼ਪ ਦੀ ਔਲਾਦ ਹੋਣ ਨਾਲੋਂ ਤਾਂ ਮੈਂ ਨ ਾ ਨ ਕਿ ਆ ਂ ਦਾਦਕਿਆਂ ਦੋਵਾਂ ਵੱਲੋਂ ਹੀ ਲੰਗੂਰ ਦੀ ਨਸਲ ਨਾਲ ਨਾਤਾ ਜੋੜਨਾ ਫ਼ਖਰ ਦੀ ਗੱਲ ਸਮਝਦਾ ਹਾਂ।'' ਹਕਸਲੇ ਨੇ ਥਾਂ-ਥਾਂ ਡਾਰਵਿਨ ਦੇ ਹੱਕ ਵਿੱਚ ਭਾਸ਼ਣ ਕੀਤੇ।

ਡਾਰਵਿਨ ਤੇ ਵੈਲੇਸ ਦਾ ਰਿਸ਼ਤਾ ਵੀ ਕਮਾਲ ਸੀ। ਇੱਕ ਪਾਸੇ ਡਾਰਵਿਨ ਨੇ ਵਿਕਾਸ ਸਿਧਾਂਤ ਦਾ ਸਿਹਰਾ ਵੈਲੇਸ ਦੇ ਸਿਰ ਬੰਨ੍ਹਣ ਦੀ ਗੱਲ ਕੀਤੀ। ਦੂਜੇ ਪਾਸੇ ਵੈਲੇਸ ਨੇ ਕਿਹਾ ਕਿ ਵਿਕਾਸ ਸਿਧਾਂਤ ਪੂਰੇ ਦਾ ਪੂਰਾ ਡਾਰਵਿਨ ਦੀ ਦੇਣ ਹੈ। ਡਾਰਵਿਨ ਸੁਭਾਅ ਪੱਖੋਂ ਚੁੱਪ ਤੇ ਸ਼ਰਮੀਲਾ ਸੀ। 'ਓਰਿਜਿਨ ਆਫ ਸਪੀਸ਼ੀਜ਼' ਦੇ ਪ੍ਰਕਾਸ਼ਨ ਲਈ ਜੌਹਨ ਮਰੇ ਨਾਲ ਇਕਰਾਰਨਾਮਾ ਹੋ ਗਿਆ। ਡਾਰਵਿਨ ਨੂੰ ਲੱਗਾ ਕਿ ਇਹ ਕਿਤਾਬ ਪ੍ਰਕਾਸ਼ਨ ਲਈ ਘਾਟੇਵੰਦੀ ਰਹੇਗੀ। ਉਸ ਨੇ ਜੌਹਨ ਨੂੰ ਲਿਖਿਆ: 'ਹੁਣ ਤਕ ਤੁਸੀਂ ਮੇਰੀ ਕਿਤਾਬ ਚੰਗੀ ਤਰ੍ਹਾਂ ਫਰੋਲ ਕੇ ਸਮਝ ਲਈ ਹੋਵੇਗੀ। ਜੇ ਤੁਹਾਨੂੰ ਇਹ ਸੌਦਾ ਘਾਟੇਵੰਦਾ ਲੱਗੇ ਤਾਂ ਤੁਸੀਂ ਇਸ ਇਕਰਾਰਨਾਮੇ ਨੂੰ ਜਦੋਂ ਚਾਹੋ ਰੱਦ ਕਰ ਸਕਦੇ ਹੋ।''

ਲੰਗੂਰ ਤੋਂ ਮਨੁੱਖ ਬਣਨ ਵਾਲੀ ਗੱਲ ਸਿੱਧੇ ਰੂਪ ਵਿੱਚ ਡਾਰਵਿਨ ਨੇ 1859 ਵਾਲੀ ਆਪਣੀ ਪਹਿਲੀ ਕਿਤਾਬ ਵਿੱਚ ਨਹੀਂ ਸੀ ਕਹੀ। ਇਹ ਉਸ ਨੇ ਸਪਸ਼ਟ ਰੂਪ ਵਿੱਚ 1871 ਵਿੱਚ ਪ੍ਰਕਾਸ਼ਿਤ ਆਪਣੀ ਦੂਜੀ ਕਿਤਾਬ 'ਡਿਸੈਂਟ ਆਫ ਮੈਨ' ਵਿੱਚ ਕਹੀ ਸੀ। ਉਂਜ, ਉਸ ਦਾ ਵਿਰੋਧ ਉਸ ਦੀ ਮੌਤ ਪਿੱਛੋਂ ਵੀ ਦੇਰ ਤਕ ਹੁੰਦਾ ਰਿਹਾ। ਚਰਚ ਤੇ ਡਾਰਵਿਨ ਦੇ ਉਮਰ ਭਰ ਦੇ ਵਿਰੋਧ ਦੇ ਬਾਵਜੂਦ 1882 ਵਿੱਚ ਉਸ ਦੀ ਮੌਤ ਉਪਰੰਤ ਚਰਚ ਨੇ ਉਸ ਨੂੰ ਵੈਸਟਮਿਨਸਟਰ ਐਬੇ ਵਿੱਚ ਨਿਊਟਨ ਦੀ ਕਬਰ ਨੇੜੇ ਸ਼ਾਹੀ ਸਨਮਾਨਾਂ ਨਾਲ ਦਫ਼ਨ-ਾਉਣ ਦੀ ਆਗਿਆ ਦਿੱਤੀ। 10 ਪੌਂਡ ਦੇ ਬ੍ਰਿਟਿਸ਼ ਨੋਟ ਉੱਤੇ ਡਾਰਵਿਨ ਦੀ ਫੋਟੋ ਛਾਪ ਕੇ ਇੰਗਲੈਂਡ ਉਸ ਨੂੰ ਆਪਣੀ ਅਕੀਦਤ ਕਾਫ਼ੀ ਦੇਰ ਪਹਿਲਾਂ ਭੇਟ ਕਰ ਚੁੱਕਾ ਹੈ।

ਡਾਰਵਿਨ ਆਪ ਇਸ ਵਿਰੋਧ ਤੇ ਮਾਨ-ਸਨਮਾਨ ਦੌਰਾਨ ਨਿਮਰ ਤੇ ਸਹਿਜ ਰਿਹਾ। ਇੱਕ ਵਾਰ ਇੰਗਲੈਂਡ ਦਾ ਪ੍ਰਧਾਨ ਮੰਤਰੀ ਗਲੈਡਸਟੋਨ ਉਸ ਨੂੰ ਮਿਲਣ ਆਇਆ। ਉਹ ਮਿਲ ਕੇ ਗਿਆ ਤਾਂ ਡਾਰਵਿਨ ਨੇ ਦੋਸਤਾਂ ਨੂੰ ਕਿਹਾ, "ਗਲੈਡਸਟਨ ਨੂੰ ਇਹ ਨਹੀਂ ਸੀ ਪਤਾ ਕਿ ਉਹ ਕਿੱਡਾ ਵੱਡਾ ਬੰਦਾ ਹੈ।

ਮੇਰੇ ਨਾਲ ਇੰਜ ਗੱਲਾਂ ਕਰਦਾ ਰਿਹਾ ਜਿਵੇਂ ਉਹ ਮੇਰੇ ਜਿਹਾ ਸਾਧਾਰਨ ਬੰਦਾ ਹੋਵੇ।'' ਇਹ ਟਿੱਪਣੀ ਜਦੋਂ ਕਿਸੇ ਨੇ ਗਲੈਡਸਟੋਨ ਨੂੰ ਦੱਸੀ ਤਾਂ ਉਸ ਨੇ ਕਿਹਾ, "ਕਮਾਲ ਹੈ, ਮੈਂ ਵੀ ਡਾਰਵਿਨ ਬਾਰੇ ਇਹੀ ਸੋਚ ਰਿਹਾ ਸਾਂ।''

ਡਾਰਵਿਨ ਦਾ ਵਿਰੋਧ ਮਰਨ ਉਪਰੰਤ ਵੀ ਕਰਨ ਵਾਲੇ ਦੇਰ ਤਕ ਸਰਗਰਮ ਰਹੇ। ਅਮਰੀਕਾ ਦੇ ਇੱਕ ਸਕੂਲ ਅਧਿਆਪਕ ਟੌਮਸ ਸਕੋਪਸ ਉੱਤੇ 1925 ਵਿੱਚ ਵਿਕਾਸ ਸਿਧਾਂਤ ਪੜ੍ਹਾਉਣ ਕਾਰਨ ਮੁਕੱਦਮਾ ਠੋਕ ਦਿੱਤਾ ਗਿਆ। ਦੋਸ਼ ਇਹ ਲਾਇਆ ਗਿਆ ਕਿ ਇਹ ਬਾਈਬਲ ਦੇ ਉਲਟ ਹੈ। ਜੱਜਾਂ ਨੇ ਸਕੋਪਸ ਨੂੰ ਇੱਕ ਸੌ ਡਾਲਰ ਜੁਰਮਾਨਾ ਕੀਤਾ। ਅਮਰੀਕੀ ਸੂਬੇ ਟੈਨੇਸੀ ਦਾ ਕਾਨੂੰਨ ਹੀ ਐਸਾ ਸੀ। ਇਹ ਕਾਨੂੰਨ 1967 ਵਿੱਚ ਰੱਦ ਕੀਤਾ ਗਿਆ।

ਮੰਤਰੀ ਸਤਿਆਪਾਲ ਸਿੰਘ ਦੇ ਬਿਆਨ ਦਾ ਦੇਸ਼ ਭਰ ਵਿੱਚ ਵਿਆਪਕ ਪੱਧਰ ਉੱਤੇ ਵਿਰੋਧ ਹੋਇਆ ਹੈ। ਵਿਗਿਆਨਕ ਸੋਚ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇਸ ਨਾਲ ਵਿਗਿਆਨਕ ਸੋਚ ਦੇ ਪਸਾਰ ਦੇ ਯਤਨਾਂ ਨੂੰ ਸੱਟ ਵੱਜੀ ਹੈ। ਵਿਸ਼ਵ ਪੱਧਰ ਉੱਤੇ ਦੇਸ਼ ਦੀ ਛਵੀ ਖਰਾਬ ਹੋਈ ਹੈ। ਦੇਸ਼ ਦੀਆਂ ਵਿਗਿਆਨ ਨਾਲ ਸਬੰਧਿਤ ਤਿੰਨ ਮੁੱਖ ਅਕੈਡਮੀਆਂ ਇਸ ਦੇ ਵਿਰੋਧ ਵਿੱਚ ਅੱਗੇ ਆਈਆਂ ਹਨ। ਇਹ ਹਨ: ਨਵੀਂ ਦਿੱਲੀ ਦੀ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ, ਬੰਗਲੌਰ ਦੀ ਇੰਡੀਅਨ ਅਕੈਡਮੀ ਆਫ ਸਾਇੰਸਿਜ਼ ਅਤੇ ਅਲਾਹਾਬਾਦ ਦੀ ਨੈਸ਼ਨਲ ਅਕੈਡਮੀ ਆਫ ਸਾਇੰਸਿਜ਼। ਅਕੈਡਮੀਆਂ ਤੋਂ ਇਲਾਵਾ ਦੇਸ਼ ਦੇ ਨਾਮਵਰ ਵਿਗਿਆਨੀ ਤੇ ਸਮਾਜਿਕ ਖੇਤਰ ਦੀਆਂ ਸ਼ਖ਼ਸੀਅਤਾਂ ਨੇ ਮੰਤਰੀ ਦੇ ਬੇਤੁਕੇ ਬਿਆਨ ਦਾ ਵਿਰੋਧ ਕੀਤਾ ਹੈ। ਇਹ ਸਾਰੇ ਲੋਕ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਟਵੀਟਾਂ, ਬਿਆਨਾਂ, ਪੱਤਰਾਂ ਆਦਿ ਰਾਹੀਂ ਆਪਣਾ ਵਿਰੋਧ ਦਰਸਾ ਚੁੱਕੇ ਹਨ ਅਤੇ ਦਰਸਾ ਰਹੇ ਹਨ। ਵਿਗਿਆਨਕ ਸੋਚ ਦੇ ਪਸਾਰ ਲਈ ਪ੍ਰਤੀਬੱਧ ਹਰ ਪੰਜਾਬੀ ਨੂੰ ਇਸ ਕਿਸਮ ਦੀ ਗ਼ੈਰ-ਵਿਗਿਆਨਕ ਸੋਚ ਦੇ ਪਸਾਰ ਦੇ ਯਤਨਾਂ ਦਾ ਪੂਰੇ ਜ਼ੋਰ ਨਾਲ ਵਿਰੋਧ ਕਰਨਾ ਚਾਹੀਦਾ ਹੈ।

# ਵਿਦੇਸ਼ੀ ਧਰਤੀ ਮੋਹ ਨਾ ਸਕੀ ਮਾਸਟਰ ਸੁਖਦੇਵ ਸਿੰਘ ਬਿਰਧਨੋ ਨੂੰ



ਮੇਜਰ ਸਿੰਘ ਨਾਭਾ
91-94635-53962

ਅਧਿਆਪਕ ਨੂੰ ਕੌਮ ਦਾ ਨਿਰਮਾਤਾ ਕਿਹਾ ਜਾਂਦਾ ਹੈ ਕਿਉਂਕਿ ਬੱਚੇ ਦੇਸ਼ ਦੇ ਕਲ੍ਹ ਦੇ ਨੇਤਾ ਹੁੰਦੇ ਹਨ। ਇਸ ਲਈ ਬੱਚਿਆਂ ਨੂੰ ਵਿੱਦਿਆ ਦੇ ਕੇ ਸ਼ਿੰਗਾਰਨ ਦਾ ਕੰਮ ਅਧਿਆਪਕ ਦੇ ਜ਼ਿੰਮੇ ਹੈ। ਇਸੇ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਿਭਾਉਂਦੇ ਹੋਏ ਸੁਖਦੇਵ ਸਿੰਘ ਡਰਾਇੰਗ ਮਾਸਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖੋਪੀਰ ਜਿਲ੍ਹਾ ਸੰਗਰੂਰ ਤੋਂ 28 ਫਰਵਰੀ 2018 ਨੂੰ ਰਿਟਾਇਰ ਹੋ ਰਹੇ ਹਨ। ਇਹਨਾਂ ਦਾ ਜਨਮ ਪਿੰਡ ਬਿਰਧਨੋ ਜਿਲ੍ਹਾ ਪਟਿਆਲਾ ਵਿਖੇ ਫਰਵਰੀ 1958 ਨੂੰ ਮਾਤਾ ਸਵ: ਸ੍ਰੀਮਤੀ ਪਰਸਿੰਨ ਕੌਰ ਦੀ ਕੁੱਖ ਤੋਂ ਹੋਇਆ। ਆਪ ਦੇ ਪਿਤਾ ਸ੍ਰੀ ਰਾਮ ਪ੍ਰਤਾਪ ਇੱਕ ਕਿਰਤੀ ਇਨਸਾਨ ਸਨ। ਉਹ ਗੱਡੇ, ਲੱਕੜ ਦੀਆਂ ਪੇਟੀਆਂ ਅਤੇ ਚਰਖੇ ਬਣਾਉਣ ਦੇ ਮਾਹਿਰ ਕਾਰੀਗਰ ਸਨ।ਸੁਖਦੇਵ ਸਿੰਘ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਹੀ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਇਸ ਤੋਂ ਅਗਲੀ ਮੈਟ੍ਰਿਕ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਦੰਦਰਾਲਾ ਢੀਂਡਸਾ (ਪਟਿਆਲਾ) ਤੋਂ ਪ੍ਰਾਪਤ ਕੀਤੀ। ਆਪ ਪੜ੍ਹਾਈ ਵਿੱਚ ਹੁਸ਼ਿਆਰ ਹੋਣ ਦੇ ਨਾਲ ਵਾਲੀਵਾਲ ਦੇ ਵਧੀਆ ਖਿਡਾਰੀ ਵੀ ਰਹੇ ਹਨ। ਆਪ ਨੇ 1976 ਵਿੱਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕਰਕੇ ਲੁਧਿਆਣੇ ਵਿਖੇ ਵਿਸਵਕਰਮਾ ਸੀਨੀ: ਸੈਕੰ: ਸਕੂਲ ਤੋਂ ਹਾਇਰ ਸੈਕੰਡਰੀ ਪਾਸ ਕਰਕੇ ਪਿੰਡ ਵਾਪਸੀ ਕਰ ਲਈ। ਪਰ ਪਿਤਾ ਦੀ ਮੌਤ ਤੋਂ ਬਾਦ ਘਰ ਦੀ ਆਰਥਿਕ ਮਜਬੂਰੀ ਕਾਰਣ ਆਪ ਨੇ ਮਿਸਤਰੀ ਗੁਰਮੇਲ ਸਿੰਘ ਨਾਲ ਕਈ ਸਾਲ ਰਾਜ ਮਿਸਤਰੀ ਦਾ ਕੰਮ ਕੀਤਾ। ਛੋਟੀ ਉਮਰ 'ਚ ਹੀ ਘਰ ਦੇ ਹਾਲਾਤਾਂ ਕਰਕੇ ਜੁਲਾਈ 1979 ਵਿੱਚ ਪਿੰਡ ਕੁਤਬਾ (ਬਰਨਾਲਾ) ਦੇ ਸ੍ਰ: ਸੁੱਚਾ ਸਿੰਘ ਦੀ ਸਪੁੱਤਰੀ ਅਤੇ ਮਾਸਟਰ ਨਛੱਤਰ ਸਿੰਘ ਅਤੇ ਅਮਰੀਕ ਸਿੰਘ ਦੀ ਭੈਣ ਹਰਜਿੰਦਰ ਕੌਰ ਨਾਲ ਆਪ ਦਾ ਵਿਆਹ ਹੋ ਗਿਆ। ਇਸ ਨਾਲ ਸਿਰ ਤੇ ਹੋਰ ਜ਼ਿੰਮੇਵਾਰੀ ਪੈ ਗਈ। ਇਸ ਦੌਰਾਨ ਆਪ ਨੇ ਅਧਿਆਪਕ ਬਣਨ



ਦਾ ਸੁਪਨਾ ਲਿਆ ਅਤੇ 1979 ਵਿੱਚ ਸਰਕਾਰੀ ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਸੰਸ਼ਥਾ ਨਾਭਾ ਵਿਖੇ ਦਾਖਲਾ ਮਿਲਣ ਤੇ ਦੋ ਸਾਲ ਦੀ ਟੀਚਰਜ਼ ਟ੍ਰੇਨਿੰਗ ਲੈ ਲਈ। ਆਪ ਦੇ ਘਰ ਬੇਟੀ ਤੇਜਿੰਦਰਜੀਤ ਕੌਰ ਅਤੇ ਬੇਟੇ ਅਮਨਦੀਪ ਸਿੰਘ ਨੇ ਜਨਮ ਲਿਆ। ਨੌਕਰੀ ਦੀ ਆਸ ਪੂਰੀ ਨਾ ਹੁੰਦੀ ਦੇਖ ਕੇ ਪਰਿਵਾਰ ਦੇ ਚੰਗੇ ਪਾਲਣ ਪੋਸ਼ਣ ਦੀ ਸੋਚ ਨੇ ਵਿਦੇਸ਼ ਜਾਣ ਦਾ ਮਨ ਵਿੱਚ ਫੁਰਨਾ ਜਗਾਇਆ। ਸਤੰਬਰ 1985 ਵਿੱਚ ਆਪ ਨੇ ਅਰਬ ਦੇਸ਼ (ਮਸਕਟ) ਦੀ ਉਡਾਰੀ ਮਾਰ ਕੇ ਉਥੇ ਤਕਰੀਬਨ ਸੱਤ ਸਾਲ ਸਖਤ ਮਿਹਨਤ ਕਰਕੇ ਘਰ ਦੀਆ ਲੋੜਾਂ ਪੂਰੀਆਂ ਕਰਦੇ ਰਹੇ। ਫਿਰ ਪਰਤ ਕੇ ਆਪ ਦੁਬਾਰਾ ਡੁਬਈ ਚਲੇ ਗਏ ਅਤੇ ਪੰਜ ਸਾਲ ਇਥੇ ਕੰਮ ਕੀਤਾ। ਡੁਬਈ ਹੁੰਦੇ ਹੋਏ ਸਿੱਖਿਆ ਮਹਿਕਮੇ ਨੇ ਅਧਿਆਪਕਾਂ ਦੀਆਂ ਪੋਸਟਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ।ਆਪਣੇ ਦੋਸਤ ਮਾਸਟਰ ਮੇਜਰ ਸਿੰਘ ਦੇ ਕਹਿਣ ਤੇ ਆਪ ਨੌਕਰੀ ਵਿਚਾਲੇ ਛੱਡ ਕੇ ਪਿੰਡ ਆ ਗਏ ਇੰਨੇ ਘੱਟ ਸਮੇਂ 'ਚ ਪਹੁੰਚਣਾ ਭਾਵੇਂ ਔਖਾ ਸੀ ਪਰ ਫਿਰ ਵੀ ਕਿਸਮਤ ਨੇ ਪੂਰਾ ਸਾਥ ਦਿੱਤਾ। ਆਖਿਰ ਲੰਬੇ ਸੰਘਰਸ਼ ਬਾਅਦ ਆਪਨੂੰ ਸਰਕਾਰੀ ਅਧਿਆਪਕ ਬਣਨ ਦਾ ਸੁਭਾਗ ਪ੍ਰਾਪਤ ਹੋ ਹੀ ਗਿਆ। ਆਪਨੇ ਨਿਯੁਕਤੀ ਉਪਰੰਤ 24 ਦਸੰਬਰ 2001 ਨੂੰ ਸਰਕਾਰੀ ਮਿਡਲ ਸਕੂਲ ਲੁਟਕੀ ਮਾਜਰਾ ਤਹਿ: ਸਮਾਣਾ (ਪਟਿਆਲਾ) ਵਿਖੇ ਹਾਜ਼ਰੀ ਦੇ ਕੇ ਸੇਵਾ ਆਰੰਭ ਕੀਤੀ।ਘਰ ਤੋਂ ਜਿਆਦਾ ਦੂਰ ਹੋਣ ਕਾਰਣ ਆਪ ਨੂੰ ਆਉਣਾ-ਜਾਣਾ ਮੁਸ਼ਕਲ ਸੀ।ਇਸ ਲਈ ਆਪ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਖੋਪੀਰ (ਸੰਗਰੂਰ) ਵਿਖੇ 3 ਅਕਤੂਬਰ 2002 ਨੂੰ ਬਦਲੀ ਕਰਵਾ ਕੇ ਹਾਜ਼ਰੀ ਦਿੱਤੀ। ਇਥੇ ਆਪ ਨੇ ਤਕਰੀਬਨ 15 ਸਾਲ ਇਮਾਨਦਾਰੀ ਨਾਲ ਬੇਦਾਗ਼ ਸੇਵਾ ਨਿਭਾਈ।ਆਪਨੇ ਅਧਿਆਪਨ ਕਾਰਜ ਦੇ ਨਾਲ ਨਾਲ ਸ਼ੁਰੂ ਤੋਂ ਹੀ ਮਿਡ ਡੇ ਮੀਲ ਦੇ ਇੰਚਾਰਜ਼ ਵਜੋਂ ਵਧੀਆ ਤਰੀਕੇ ਨਾਲ ਸੇਵਾ ਮੁਕਤੀ ਤੱਕ ਡਿਊਟੀ ਨਿਭਾਈ ਹੈ। ਆਪ ਮਿਹਨਤੀ, ਮਿੱਠਬੋਲੜੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਹਨ।ਬੇਟੀ ਤੇਜਿੰਦਰਜੀਤ ਕੌਰ ਆਪਣੇ ਪਤੀ ਕੁਲਵੀਰ ਸਿੰਘ ਅਤੇ ਬੇਟੇ ਵਰਿੰਦਰ ਸਿੰਘ ਨਾਲ ਭਾਦਸੋਂ ਵਿਖੇ ਗ੍ਰਿਹਸਥੀ ਜੀਵਨ ਬਤੀਤ ਕਰ ਰਹੀ ਹੈ। ਮਾਸਟਰ ਸੁਖਦੇਵ ਸਿੰਘ ਆਪਣੀ ਸੁਪਤਨੀ ਹਰਜਿੰਦਰ ਕੌਰ, ਬੇਟਾ ਅਮਨਦੀਪ ਸਿੰਘ ਜੋ ਕਿ ਸ.ਪ੍ਰ.ਸ. ਕੌਲ (ਪਟਿਆਲਾ) ਵਿਖੇ ਈ.ਟੀ.ਟੀ. ਅਧਿਆਪਕ ਅਤੇ ਨੂੰਹ ਪ੍ਰਿਆ ਧੀਮਾਨ ਅੰਗਰੇਜ਼ੀ ਮਿਸਟ੍ਰੈਸ ਸ.ਹ.ਸ.ਫਰਵਾਹੀ (ਸੰਗਰੂਰ) ਵਿਖੇ ਸੇਵਾ ਨਿਭਾ ਰਹੇ ਹਨ, ਨਾਲ ਡਿਫੈਂਸ ਕਲੋਨੀ ਨਾਭਾ ਵਿਖੇ ਰਹਿ ਰਹੇ ਹਨ। ਇਸੇ ਮਹੀਨੇ ਆਪ ਦੇ ਘਰ ਪੋਤੇ ਪ੍ਰਥਮਵੀਰ ਸਿੰਘ ਨੇ ਕਿਲਕਾਰੀ ਮਾਰ ਕੇ ਘਰ ਦੀ ਰੋਣਕ ਵਧਾਈ ਹੈ।ਪ੍ਰਮਾਤਮਾ ਇਸੇ ਤਰ੍ਹਾਂ ਹੀ ਖੁਸ਼ੀਆਂ ਬਖਸ਼ੇ।

## ਪੰਜਾਬੀ ਮਾਂ ਬੋਲੀ ਦਿਵਸ 'ਤੇ ਵਿਸ਼ੇਸ਼

# ਪੰਜਾਬੀ ਮਾਂ-ਬੋਲੀ ਦੀ ਆਪਣੇ ਹੀ ਘਰ ਵਿਚ ਹੋ ਰਹੀ ਦੁਰਦਸ਼ਾ

ਹਰ ਸਾਲ ਵਾਂਗ ਇਸ ਸਲ ਵੀ ਪੰਜਾਬੀ ਮਾਂ ਬੋਲੀ ਦਾ ਦਿਵਸ ਵੀ ਰਸਮੀ ਜਿਹਾ ਮਨਾ ਕੇ ਲੰਘਾ ਦਿੱਤਾ ਜਾਵੇਗਾ। 99 ਫ਼ੀਸਦੀ ਪੰਜਾਬੀਆਂ ਨੂੰ ਤਾਂ ਪਤਾ ਵੀ ਨਹੀਂ ਹੋਣਾ ਕਿ 21 ਫਰਵਰੀ ਨੂੰ ਮਾਂ-ਬੋਲੀ ਦਿਵਸ ਹੁੰਦਾ ਹੈ।ਪਤਾ ਵੀ ਕਿਵੇਂ ਹੋਵੇ, ਨਾ ਉਨ੍ਹਾਂ ਨੂੰ ਮਾਂ-ਬੋਲੀ ਦੇ ਮਹੱਤਵ ਦਾ ਪਤਾ ਹੈ ਤੇ ਨਾ ਹੀ ਇਸ ਨੂੰ ਖ਼ਤਮ ਕਰਨ ਦੇ ਵਾਪਰ ਰਹੇ ਰਾਜਸੀ ਵਰਤਾਰਿਆਂ ਦਾ ਅਨੁਭਵ ਹੀ ਹੋ ਰਿਹਾ ਹੈ। ਜਿਸ ਸੂਬੇ ਦੀ ਸਰਕਾਰ ਆਪਣੇ ਲੋਕਾਂ ਦੀ ਮਾਂ-ਬੋਲੀ ਪ੍ਰਤੀ ਸੰਜੀਦਾ ਹੋਵੇਗੀ ਉਸ ਇਲਾਕੇ ਦੇ ਲੋਕਾਂ ਦੀ ਬੋਲੀ ਦਾ ਹਾਲ ਪੰਜਾਬੀ ਵਰਗਾ ਨਹੀਂ ਹੋਵੇਗਾ ਸਗੋਂ ਉਹ ਮਹਾਰਾਸ਼ਟਰ ਤੇ ਹੋਰਨਾਂ ਦੱਖਣੀ ਸੂਬਿਆਂ ਦੀਆਂ ਬੋਲੀਆਂ ਵਾਂਗ ਤਰੱਕੀਆਂ ਦੇ ਰਾਹ ਪਈ ਹੋਵੇਗੀ। ਅੱਜ ਹੈ ਕਿਸੇ 'ਚ ਹਿੰਮਤ ਕਿ ਮਹਾਰਾਸ਼ਟਰ ਵਿੱਚ ਰਹਿੰਦਿਆਂ ਮਰਾਠੀ ਬੋਲਣ ਵਾਲੇ ਬੱਚਿਆਂ ਨੂੰ ਜੁਰਮਾਨਾ ਕਰ ਸਕੇ ਜਾਂ ਤਾਮਿਲ 'ਚ ਰਹਿੰਦਿਆਂ ਤਾਮਿਲ ਬੋਲੀ ਬੋਲਣ ਵਾਲੇ ਬੱਚਿਆਂ ਨੂੰ ਸਜ਼ਾਵਾਂ ਦੇ ਸਕੇ। ਅਜਿਹਾ ਕਰਨ ਵਾਲੇ ਦਾ ਹਾਲ ਜੋ ਉਹ ਲੋਕ ਕਰਨਗੇ ਇਸਦਾ ਅਸੀਂ ਅੰਦਾਜ਼ਾ ਵੀ ਨਹੀਂ ਲਗਾ ਸਕਦੇ। ਇੱਧਰ ਜੇ ਪੰਜਾਬ ਵਿੱਚ ਕਿਸੇ ਬੋਰਡ 'ਤੇ ਪੰਜਾਬੀ ਦੇ ਨਾਲ ਹਿੰਦੀ ਨਾ ਲਿਖੀ ਹੋਵੇ ਤਾਂ ਤਰਥੱਲੀ ਮੱਚ ਜਾਂਦੀ ਹੈ। ਜਿਸ ਤਰ੍ਹਾਂ ਪੰਜਾਬ ਦੀ ਧਰਤੀ 'ਤੇ ਹਿੰਦੀ ਨੂੰ ਪੰਜਾਬੀ ਦੀ ਸੌਤਣ ਵਜੋਂ ਸਥਾਪਤ ਕੀਤਾ ਜਾ ਰਿਹਾ ਹੈ ਅਜਿਹਾ ਭਾਰਤ ਦੇ ਕਿਸੇ ਹੋਰ ਗੈਰ-ਹਿੰਦੀ ਭਾਸ਼ੀ ਰਾਜ ਵਿੱਚ ਕਦੇ ਦੇਖਣ ਨੂੰ ਨਹੀਂ ਮਿਲਿਆ। ਕਿਉਂਕਿ ਇਹ ਪੰਜਾਬ ਹੈ, ਇਸ ਲਈ ਇੱਥੇ ਪਾਣੀਆਂ ਦੇ ਮਾਮਲੇ ਵਿੱਚ ਵੀ ਧੱਕਾ ਚੱਲੇਗਾ, ਬੋਲੀ ਦੇ ਮਾਮਲੇ ਵਿੱਚ ਵੀ ਧਰਮ ਦੇ ਮਾਮਲੇ ਵਿੱਚ ਵੀ ਤੇ ਇਥੋਂ ਤਕ ਕਿ ਕਾਨੂੰਨੀ ਵਿਵਸਥਾ ਵੀ ਪੰਜਾਬ 'ਚ ਆ ਕੇ ਆਪਣੀ ਇੱਕ ਅੱਖ ਨੰਗੀ ਕਰ ਲੈਂਦੀ ਹੈ।

ਪੰਜਾਬ ਦੇ ਕਿਸੇ ਸਰਕਾਰੀ, ਅਰਧ ਸਰਕਾਰੀ ਜਾ ਨਿੱਜੀ ਦਫ਼ਤਰ ਚਲੇ ਜਾਉ। ਪੰਜਾਬੀ ਬੋਲਣ ਵਾਲਿਆਂ ਨੂੰ ਅਧਿਕਾਰੀ ਇਸ ਤਰ੍ਹਾਂ ਦੇਖਣਗੇ ਤੇ ਪੇਸ਼ ਆਉਣਗੇ ਜਿਵੇਂ ਅਗਲਾ ਕੋਈ ਪੇਸ਼ੇਵਰ ਅਪਰਾਧੀ ਹੋਵੇ। ਉਨ੍ਹਾਂ ਦੇ ਕੰਮਾਂ ਨੂੰ ਲਟਕਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ

ਜਾਂ ਕਈ ਮਾਮਲਿਆਂ ਵਿੱਚ ਉਨ੍ਹਾਂ ਦੇ ਕੰਮ ਕੀਤੇ ਹੀ ਨਹੀਂ ਕੀਤੇ ਜਾਂਦੇ। ਪੰਜਾਬੀ ਬੋਲਣ ਵਾਲਿਆਂ ਪ੍ਰਤੀ ਇਹ ਭਾਰਤੀ ਸਿਸਟਮ ਦੀ ਨਫ਼ਰਤ ਦੀ ਪ੍ਰਤੱਖ ਉਦਾਹਰਨ ਹੈ। ਸਕੂਲਾਂ ਵਿੱਚ ਬੱਚਿਆਂ ਦਾ ਪੰਜਾਬੀ ਬੋਲਣਾ ਜੁਰਮ ਮੰਨਿਆ ਜਾਂਦਾ ਹੈ ਤੇ ਜਦੋਂ ਪੰਜਾਬੀ ਬੋਲਣ ਦੇ ਦੋਸ਼ 'ਚ ਉਨ੍ਹਾਂ ਨੂੰ ਜੁਰਮਾਨੇ (ਜੁਰਮ-ਆਨੇ) ਲਗਾਏ ਜਾਂਦੇ ਹਨ ਤਾਂ ਸਾਨੂੰ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਹੋਈਆਂ ਸ਼ਹਾਦਤਾਂ ਤੇ ਡੁੱਲਿਆ ਲਹੂ ਅਜਾਈਂ ਹੀ ਚਲਾ ਗਿਆ ਲਗਦਾ ਹੈ। ਕੌਮ ਨੇ ਪਹਿਲਾਂ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਸ਼ਹਾਦਤਾਂ ਦਿੱਤੀਆਂ। ਘਰ ਪਰਿਵਾਰ ਬਰਬਾਦ ਕਰਵਾ ਲਏ ਤੇ ਫਿਰ 84 ਤੋਂ ਪਿੱਛੋਂ ਚੱਲੇ ਸੰਘਰਸ਼ ਦੌਰਾਨ ਇੱਕ ਪੀੜ੍ਹੀ ਕੁਰਬਾਨ ਹੋ ਗਈ ਤੇ ਜੋ ਪ੍ਰਾਪਤੀ ਹੋਈ ਉਹ ਅੱਜ ਸਾਡੇ ਸਾਹਮਣੇ ਸਾਡਾ ਮੂੰਹ ਚਿੜਾ ਰਹੀ ਹੈ। ਪੰਜਾਬੀਆਂ 'ਚ ਜੁਰਤ ਖ਼ਤਮ ਹੋ ਗਈ ਹੈ। ਦੱਖਣੀ ਰਾਜਾਂ ਦੇ ਲੋਕਾਂ ਵਾਲੀ ਜੁਰਤ ਅੱਜ ਸਾਡੇ ਵਿੱਚ ਨਹੀਂ ਰਹੀ। ਵਰਨਾ ਸਾਡੀ ਬੋਲੀ, ਸਾਡੀ ਦਸਤਾਰ ਸਾਡੇ ਕਕਾਰਾਂ ਤੇ ਪਾਬੰਦੀਆਂ ਲਗਾਉਣ ਵਾਲੇ ਸਕੂਲ ਤੇ ਹੋਰ ਸੰਸਥਾਵਾਂ ਇੱਕ ਦਿਨ ਲਈ ਵੀ ਪੰਜਾਬ ਵਿੱਚ ਨਾ ਚੱਲ ਸਕਣ। ਅਜਿਹੀਆਂ ਸੰਸਥਾਵਾਂ ਨੂੰ ਦੂਜੇ ਗੈਰ-ਹਿੰਦੀ ਭਾਸ਼ੀ ਸੂਬਿਆਂ ਦੇ ਲੋਕਾਂ ਨੇ ਬੰਦ ਕਰਵਾ ਕੇ ਦਿਖਾਇਆ ਹੈ ਕਿਉਂਕਿ ਉਹ ਅਜੇ ਜਿਉਂਦੇ ਜਾਗਦੇ ਹਨ ਤੇ ਸਾਡੀ ਕਾਰਗੁਜ਼ਾਰੀ ਸਾਡੀਆਂ ਮਰ ਚੁੱਕੀਆਂ ਜ਼ਮੀਰਾਂ ਦੀ ਨਿਸ਼ਾਨੀ ਹੈ। ਆਏ ਦਿਨ ਇਨ੍ਹਾਂ ਸੰਸਥਾਵਾਂ ਵੱਲੋਂ ਪੰਜਾਬ ਦਾ ਅੰਨ ਖਾਣ ਦੇ ਬਾਵਜੂਦ ਵੀ ਪੰਜਾਬੀ ਬੋਲੀ ਤੇ ਸਾਡੇ ਧਰਮ ਦਾ ਅਪਮਾਨ ਕਰਨ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਮਾਮਲੇ ਵੀ ਦਰਜ ਹੁੰਦੇ ਹਨ ਪਰ ਬਣਦਾ ਕੁੱਝ ਵੀ ਨਹੀਂ। ਜਿਸ ਕਾਰਨ ਹੋਰਨਾਂ ਵਿਰੋਧੀਆਂ ਦੇ ਵੀ ਹੌਸਲੇ ਬੁਲੰਦ ਹੁੰਦੇ ਹਨ। ਇੱਕ ਮਾਮਲਾ ਠੰਡਾ ਹੁੰਦਾ ਹੈ ਤਾਂ ਕੋਈ ਦੂਜੀ ਸੰਸਥਾ ਉਸ ਤੋਂ ਵੱਡਾ ਮਾਅਰਕਾ ਮਾਰ ਕੇ ਆਪਣੇ ਪੰਜਾਬ ਵਿਰੋਧੀ 'ਰਾਸ਼ਟਰੀਅਤਾ' ਦਾ ਪ੍ਰਦਰਸ਼ਨ ਕਰ ਦਿੰਦੀ ਹੈ। ਹੋਰ ਵੀ ਸ਼ਰਮ ਦੀ ਗੱਲ ਹੈ ਕਿ ਅਜਿਹੀਆਂ ਘਟਨਾਵਾਂ ਅਕਾਲੀ ਸਰਕਾਰ ਦੇ ਕਾਰਜਕਾਲ ਵਾਲੇ ਪਿਛਲੇ 10 ਸਾਲਾਂ ਦੌਰਾਨ ਸਭ ਤੋਂ ਜ਼ਿਆਦਾ ਵਾਪਰੀਆਂ ਹਨ। ਜਾਗਰੂਕ ਲੋਕਾਂ ਤੇ ਜਥੇਬੰਦੀਆਂ ਵੱਲੋਂ ਤਾਂ ਇਨ੍ਹਾਂ ਘਟਨਾਵਾਂ ਦਾ ਹਮੇਸ਼ਾਂ ਨੋਟਿਸ ਲਿਆ ਜਾਂਦਾ ਰਿਹਾ ਹੈ ਪਰ ਕਦੇ ਵੀ ਸਰਕਾਰ ਚਲਾ ਰਹੇ ਅਕਾਲੀ ਦਲ ਦੇ ਕਿਸੇ ਇੱਕ ਵੀ ਜਥੇਦਾਰ ਜਾਂ ਅਹੁਦੇਦਾਰ ਨੇ ਕਦੇ ਇਨ੍ਹਾਂ ਘਟਨਾਵਾਂ ਵਿਰੁੱਧ ਮੂੰਹ ਨਹੀਂ ਖੋਲ੍ਹਿਆ ਤੇ ਸਾਰੇ ਵਰਤਾਰੇ ਨੂੰ ਚੁੱਪ ਦੀ ਸਹਿਮਤੀ ਦਿੰਦੇ ਰਹੇ। ਦੂਜੇ ਪਾਸੇ ਵਿਰੋਧੀ ਧਿਰ 'ਚ ਬੈਠੇ ਕਾਂਗਰਸੀ ਵੀ ਹਰ ਅਹਿਮ ਮੁੱਦੇ ਦੇ ਮਾਮਲੇ ਵਿੱਚ ਗੁੰਗੇ ਭਲਵਾਨ ਹੀ ਸਿੱਧ ਹੋਏ ਹਨ। ਇਨ੍ਹਾਂ 10 ਸਾਲਾਂ ਵਿੱਚ ਪੰਜਾਬ ਦੀ ਕਾਂਗਰਸ ਭਾਰਤ ਦੇ ਇਤਿਹਾਸ ਦੀ ਸਭ ਤੋਂ ਨਿਕੰਮੀ ਵਿਰੋਧੀ ਧਿਰ ਸਾਬਤ ਹੋਈ ਹੈ। 1967 ਵਿੱਚ

ਪੰਜਾਬ ਸਰਕਾਰ ਨੇ ਪੰਜਾਬੀ ਭਾਸ਼ਾ ਰਾਜ ਐਕਟ ਪਾਸ ਕਰਕੇ ਸਾਰਾ ਕੰਮ ਪੰਜਾਬੀ ਭਾਸ਼ਾ ਵਿੱਚ ਕਰਨ ਦੀਆਂ ਹਿਦਾਇਤਾਂ ਜਾਰੀ ਕੀਤੀਆਂ ਸਨ ਪਰ 50 ਸਾਲ ਬੀਤ ਜਾਣ 'ਤੇ ਵੀ ਇਸ ਐਕਟ ਦੀ ਕੀ ਹਾਲਾਤ ਹੈ, ਇੱਥੇ ਬਿਆਨ ਕਰਨ ਦੀ ਲੋੜ ਨਹੀਂ।

ਉਹ ਅਕਾਲੀ ਜਿਹੜੇ ਕਦੇ ਪੰਥ ਤੇ ਕਦੇ ਪੰਜਾਬ ਤੇ ਪੰਜਾਬੀਅਤ ਦੇ ਪਹਿਰੇਦਾਰ ਹੋਣ ਦੇ ਦਾਅਵੇ ਕਰਦੇ ਨਹੀਂ ਥੱਕਦੇ ਸਨ, ਨੇ ਆਪਣੀ ਸਰਕਾਰ ਦੌਰਾਨ ਕਿੰਨੇ ਪੰਜਾਬੀ ਟੀਵੀ ਚੈਨਲ ਬੰਦ ਕਰਵਾਏ ਸਨ? ਸਭ ਕੁੱਝ ਪਾਠਕਾਂ ਦੇ ਸਾਹਮਣੇ ਹੈ। ਕਾਨੂੰਨ ਮੁਤਾਬਕ ਪੰਜਾਬੀ ਭਾਸ਼ਾ ਨਾ ਪੜ੍ਹਾਉਣਾ ਵਾਲੇ ਸਕੂਲਾਂ ਨੂੰ 25 ਹਜ਼ਾਰ ਤੋਂ ਲੈ ਕੇ 1 ਲੱਖ ਤੱਕ ਦਾ ਜ਼ੁਰਮਾਨਾ ਹੋ ਸਕਦਾ ਹੈ ਜੇ ਅਜਿਹਾ ਸਕੂਲ ਇੱਕ ਸਾਲ ਦੇ ਵਿੱਚ-ਵਿੱਚ ਪੰਜਾਬੀ ਭਾਸ਼ਾ ਸ਼ੁਰੂ ਨਹੀਂ ਕਰਦਾ ਤਾਂ ਸਕੂਲ ਦੀ ਮਾਨਤਾ ਰੱਦ ਕੀਤੀ ਜਾ ਸਕਦੀ ਹੈ ਪਰ ਸਿਰਫ਼ ਕਾਨੂੰਨ ਬਣਾ ਕੇ ਸਰਕਾਰ ਇਸ ਨੂੰ ਲਾਗੂ ਕਰਨ ਤੋਂ ਅਜੇ ਤੱਕ ਪੱਲਾ ਝਾੜ ਕੇ ਬੈਠੀ ਹੈ। ਪੰਜਾਬੀ ਸੂਬੇ ਦੇ ਹੋਂਦ 'ਚ ਆਉਣ ਤੋਂ ਬਾਅਦ ਅੱਜ ਤੋਂ 50 ਸਾਲਾਂ ਵਿੱਚ ਵੀ ਪੰਜਾਬ 'ਚ ਰਹੀਆਂ ਸਰਕਾਰਾਂ ਕੋਈ ਫਖ਼ਰਯੋਗ ਕੰਮ ਨਹੀਂ ਗਿਣਾ ਸਕਦੀਆਂ ਜੋ ਉਨ੍ਹਾਂ ਨੇ ਮਾਂ-ਬੋਲੀ ਦੀ ਬਿਹਤਰੀ ਲਈ ਕੀਤਾ ਹੋਵੇ। ਦਫ਼ਤਰਾਂ ਵਿੱਚ ਅੱਜ ਵੀ ਕੰਮ ਹਿੰਦੀ ਜਾਂ ਅੰਗਰੇਜ਼ੀ ਵਿੱਚ ਹੋ ਰਿਹਾ ਹੈ। ਸਭ ਸੂਬਿਆਂ ਵਿੱਚ ਰੇਲਵੇ ਸਟੇਸ਼ਨਾਂ 'ਤੇ ਉਨ੍ਹਾਂ ਦੀ ਆਪਣੀ ਭਾਸ਼ਾ ਨੂੰ ਵੀ ਬਰਾਬਰ ਤਰਜੀਹ ਦਿੱਤੀ ਜਾਂਦੀ ਹੈ ਪਰ ਇੱਥੇ ਰੇਲਵੇ ਸਟੇਸ਼ਨਾਂ, ਸਰਕਾਰੀ ਬੈਂਕਾਂ ਅਤੇ ਐਲ.ਆਈ.ਸੀ ਵਰਗੀ ਕਾਰਪੋਰੇਸ਼ਨ ਦੇ ਦਫ਼ਤਰਾਂ ਵਿੱਚੋਂ ਵੀ ਪੰਜਾਬੀ ਭਾਸ਼ਾ ਨੂੰ ਬਾਹਰ ਕਰ ਦਿੱਤਾ ਹੋਇਆ ਹੈ। ਪੰਜਾਬ ਦੇ ਕਿਸੇ ਵੀ ਰੇਲਵੇ ਸਟੇਸ਼ਨ 'ਤੇ ਅਨਾਊਂਸਮੈਂਟ ਪੰਜਾਬੀ ਵਿੱਚ ਨਹੀਂ ਹੁੰਦੀ ਜਦਕਿ ਹਿੰਦੀ ਦੇ ਨਾਲ ਪੰਜਾਬੀ ਭਾਸ਼ਾ ਵਿੱਚ ਅਨਾਊਂਸਮੈਂਟ ਦਾ ਕਾਨੂੰਨ ਵਿੱਚ ਪ੍ਰਬੰਧ ਕੀਤਾ ਹੋਇਆ ਹੈ। ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਚੰਗੇ ਭਲੇ ਪੰਜਾਬੀ ਜਾਣਦੇ ਡਾਕਟਰ ਤੇ ਨਰਸਾਂ ਬਜ਼ੁਰਗਾਂ ਨਾਲ ਵੀ ਹਿੰਦੀ ਵਿੱਚ ਗੱਲ ਕਰਦੇ ਹਨ। ਭਾਸ਼ਾ ਵਿਭਾਗ ਦਾ ਹਾਲ ਇਸਦੇ ਦਫ਼ਤਰਾਂ ਦਾ ਚੱਕਰ ਲਗਾਇਆ ਹੀ ਪਤਾ ਚੱਲ ਜਾਵੇਗਾ। ਇਹੀ ਹਾਲ ਪੰਜਾਬੀ ਯੂਨੀਵਰਸਿਟੀ ਦਾ ਹੈ।

ਸੂਚੀ ਪੱਤਰ ਵਿੱਚ ਦਰਜ ਪੰਜਾਬੀ ਕਿਤਾਬਾਂ ਵਿੱਚੋਂ 10 ਫ਼ੀਸਦੀ ਵੀ ਤੁਹਾਨੂੰ ਇਸ ਯੂਨੀਵਰਸਿਟੀ ਵਿੱਚੋਂ ਨਹੀਂ ਮਿਲਣਗੀਆਂ। ਜੇਕਰ ਮਿਲ ਰਹੀਆਂ ਸੂਚਨਾਵਾਂ 'ਤੇ ਵਿਸ਼ਵਾਸ ਕੀਤਾ ਜਾਵੇ ਤਾਂ ਹਾਲਾਤ ਇਹ ਹਨ ਕਿ ਪੰਜਾਬੀ ਯੂਨੀਵਰਸਿਟੀ 'ਚ ਦਰਜ ਪੰਜਾਬੀ ਕਿਤਾਬਾਂ ਤੇ ਹੋਰ ਲਿਟਰੇਚਰ ਸਿਰਫ਼ ਖਾਨਾਪੂਰਤੀ ਲਈ ਹੀ ਹੈ ਅਸਲ ਵਿੱਚ ਇਸਦਾ ਵੱਡਾ ਹਿੱਸਾ ਕਦੇ ਛਾਪਿਆ ਹੀ ਨਹੀਂ ਗਿਆ। ਦੂਜੇ ਗੈਰ ਹਿੰਦੀ ਭਾਸ਼ੀ ਰਾਜਾਂ ਵਿੱਚ ਕਿੱਤਾ ਮੁਖੀ ਸਿੱਖਿਆ ਉਨ੍ਹਾਂ ਦੀ ਆਪਣੀ ਭਾਸ਼ਾ ਵਿੱਚ ਦਿੱਤੀ ਜਾਂਦੀ ਹੈ ਤਾਂ ਪੰਜਾਬ ਸਰਕਾਰ ਨੂੰ ਇਸ ਮਾਮਲੇ ਵਿੱਚ ਕਿਉਂ ਪ੍ਰੇਸ਼ਾਨੀ ਆ ਰਹੀ ਹੈ? ਕਿਉਂ ਪੰਜਾਬ ਦੀ ਹਰ ਸਰਕਾਰ ਨੂੰ ਹਮੇਸ਼ਾਂ ਫ਼ਿਕਰ ਲੱਗਾ ਰਹਿੰਦਾ ਹੈ ਕਿ ਜੇ ਪੰਜਾਬ ਜਾਂ ਪੰਜਾਬੀ ਲਈ ਕੋਈ ਕੰਮ ਕੀਤਾ ਤਾਂ ਕਿਤੇ ਫਲਾਣਾ ਪੰਜਾਬੀ ਵਿਰੋਧੀ ਨਾਰਾਜ਼ ਨਾ ਹੋ ਜਾਵੇ? ਕਿਉਂ ਹਮੇਸ਼ਾਂ ਪੰਜਾਬੀ ਅਖ਼ਬਾਰਾਂ ਨੂੰ ਹਿੰਦੀ ਅਖ਼ਬਾਰਾਂ ਦੇ ਮੁਕਾਬਲੇ ਦੂਜੇ ਨੰਬਰ 'ਤੇ ਰੱਖਿਆ ਜਾਂਦਾ ਹੈ?

ਪੰਜਾਬ ਰਾਜ ਭਾਸ਼ਾ ਸਲਾਹਕਾਰ ਬੋਰਡ ਨੇ 16 ਮਾਰਚ 2010 ਨੂੰ ਚੰਡੀਗੜ੍ਹ 'ਚ ਵੀ ਪੰਜਾਬੀ ਨੂੰ ਪਹਿਲੀ ਭਾਸ਼ਾ ਦਿਵਾਉਣ ਦਾ ਮਤਾ ਪਾਸ ਕੀਤਾ ਸੀ, ਪਰ ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਦੇ ਵੀ ਇਸ ਨੂੰ ਚੰਡੀਗੜ੍ਹ 'ਚ ਲਾਗੂ ਕਰਵਾਉਣ ਲਈ ਯਤਨ ਨਹੀਂ ਕੀਤਾ। ਅੱਜ ਤੱਕ ਕਦੇ ਵੀ ਮਾਂ ਬੋਲੀ ਦਿਵਸ ਨੂੰ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਇੱਕ ਮਿਸ਼ਨ ਵਜੋਂ ਮਨਾਇਆ ਹੀ ਨਹੀਂ ਗਿਆ। ਸਕੂਲਾਂ ਕਾਲਜਾਂ ਨੂੰ ਕਦੇ ਵੀ ਇਹ ਦਿਵਸ ਮਨਾਉਣ ਦੀ ਨਿਰਦੇਸ਼ ਜਾਰੀ ਨਹੀਂ ਹੁੰਦੇ।

ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਦੇ ਕੰਪਿਊਟਰ ਸਾਫਟਵੇਅਰ ਤੇ ਮਿਆਰੀ ਤੇ ਛਪਾਈ ਮਕਸਦ ਲਈ ਬਿਹਤਰ ਫ਼ੌਂਟਾਂ ਲਈ ਕੋਈ ਯਤਨ ਨਹੀਂ ਕੀਤੇ ਗਏ। ਹਾਂ ਪੰਜਾਬੀ ਯੂਨੀਵਰਸਿਟੀ ਵਿੱਚ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਦਾ ਜ਼ਿਕਰਯੋਗ ਕੰਮ ਹੋ ਰਿਹਾ ਹੈ ਪਰ ਇਸਦਾ ਸਿਹਰਾ ਸਰਕਾਰ ਜਾਂ ਯੂਨੀਵਰਸਿਟੀ ਤੋਂ ਜ਼ਿਆਦਾ ਵਰਸਿਟੀ 'ਚ ਕੰਪਿਊਟਰ ਵਿਭਾਗ ਦੇ ਮਾਹਿਰਾਂ ਨੂੰ ਜਾਂਦਾ ਹੈ ਜੋ ਆਪਣੀ ਲਗਨ ਨਾਲ ਇਸ ਕੰਮ ਵਿੱਚ ਲੱਗੇ ਹੋਏ ਹਨ। ਇਨ੍ਹਾਂ ਵੱਲੋਂ ਤਿਆਰ ਕੀਤਾ ਗਿਆ ਅੱਖਰ ਨਾਂ ਦਾ ਪੰਜਾਬੀ ਵਰਡ ਪ੍ਰਾਸੈਸਰ ਪ੍ਰੋਗਰਾਮ ਵੀ ਸਰਕਾਰ ਜਾਂ ਯੂਨੀਵਰਸਿਟੀ ਦੀ ਥਾਂ ਪੰਜਾਬੀ ਭਾਸ਼ਾ ਨੂੰ ਪਿਆਰ ਕਰਨ ਵਾਲੇ ਪਤਵੰਤਿਆਂ ਦੇ ਯਤਨਾਂ ਸਦਕਾ ਹੀ ਆਮ ਲੋਕਾਂ ਲਈ ਮੁਫ਼ਤ ਵਿੱਚ ਉਪਲੱਬਧ ਹੋ ਸਕਿਆ ਹੈ। ਜੇ ਇਸ ਟੀਮ ਨੂੰ ਯੂਨੀਵਰਸਿਟੀ ਅਤੇ ਸਰਕਾਰ ਵੱਲੋਂ ਬਣਦਾ ਸਹਿਯੋਗ ਮਿਲਦਾ ਤਾਂ ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ 'ਤੇ ਹੁਣ ਨਾਲੋਂ 10 ਗੁਣਾ ਵੱਧ ਕੰਮ ਮੁਕੰਮਲ ਹੋ ਚੁੱਕਿਆ ਹੁੰਦਾ। ਜੇਕਰ ਪਿਛਲੇ ਮੌਕਿਆਂ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੀ ਗੱਲ ਹੀ ਕੀਤੀ ਜਾਵੇ ਤਾਂ ਇਹ ਗੱਲ ਬਹੁਤ ਨਿੰਦਣਯੋਗ ਕਹੀ ਜਾ ਸਕਦੀ ਹੈ ਕਿ ਉਸ ਵੇਲੇ ਦੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੋਟਰਾਂ ਤੱਕ ਪਹੁੰਚ ਬਣਾਉਣ ਲਈ ਹਿੰਦੀ ਵਿੱਚ ਪੋਸਟਰ ਛਾਪੇ ਗਏ ਸਨ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਬਿਹਤਰੀ ਲਈ ਕਦੇ ਕੋਈ ਕੰਮ ਨਹੀਂ ਕੀਤਾ ਜਿਸ ਕਾਰਨ ਦਿੱਲੀ ਵਿੱਚ ਰਹਿ ਰਹੀ ਨਵੀਂ ਵੋਟਰ ਬਣੀ ਸਿੱਖ ਪੀੜ੍ਹੀ ਪੰਜਾਬੀ ਭਾਸ਼ਾ ਤੋਂ ਦੂਰ ਜਾ ਚੁੱਕੀ ਹੈ ਤੇ ਇਹ ਪੀੜ੍ਹੀ ਹੁਣ ਪੰਜਾਬੀ ਪੜ੍ਹਨੀ ਨਹੀਂ ਜਾਣਦੀ।




**ਸਤਨਾਮ ਸਿੰਘ ਚਾਹਲ**
**(ਯੂ.ਐਸ.ਏ)**
**(408-221-5732)**


ਕੌਮਾਂ ਦੀ ਮਾਂ-ਬੋਲੀ ਨੂੰ ਖ਼ਤਮ ਕਰਕੇ ਉਨ੍ਹਾਂ ਦੀ ਨਸਲਕੁਸ਼ੀ ਕਰਨ ਦਾ ਇਹ ਵੀ ਇੱਕ ਹਥਿਆਰ ਹੈ ਜੋ ਪੁਰਾਤਨ ਸਮੇਂ ਤੋਂ ਕਾਬਜ਼ ਕੌਮਾਂ ਅਧੀਨ ਕੌਮਾਂ ਖ਼ਿਲਾਫ਼ ਵਰਤਦੀਆਂ ਆ ਰਹੀਆਂ ਹਨ। ਇਹ ਤਾਂ ਹੁਣ ਦਿੱਲੀ ਵਿੱਚ ਗੁਰਦੁਆਰਿਆਂ ;ਤੇ ਕਾਬਜ਼ ਰਹੇ ਲੋਕ ਅਤੇ ਪੰਜਾਬ ਵਿੱਚ ਸ਼੍ਰੋਮਣੀ ਕਮੇਟੀ ਅਤੇ ਸਰਕਾਰ ਵਿੱਚ ਕਾਬਜ਼ ਰਹੇ ਲੋਕ ਹੀ ਦੱਸ ਸਕਦੇ ਹਨ ਕਿ ਪੰਜਾਬੀ ਭਾਸ਼ਾ ਦੇ ਮਾਮਲੇ ਵਿੱਚ ਜੋ ਕਾਰਗੁਜ਼ਾਰੀ ਉਨ੍ਹਾਂ ਦੀ ਰਹੀ ਹੈ ਉਸਦਾ ਮਕਸਦ ਕੀ ਸੀ?

ਪੰਜਾਬੀ ਕੌਮ ਦਾ ਇਹ ਸੰਤਾਪ ਹੈ ਕਿ ਉਨ੍ਹਾਂ ਦਾ ਹੁਣ ਕੋਈ ਸਿਆਸੀ ਪਾਰਟੀਆਂ ਕੋਲ ਹੁਣ ਉਨ੍ਹਾਂ ਲਈ ਨਾ ਕੋਈ ਪ੍ਰੋਗਰਾਮ ਹੈ ਤੇ ਨਾ ਮੁੱਦਾ। ਲੰਘੀਆਂ ਚੋਣਾਂ ਵਿੱਚ ਪਾਰਟੀਆਂ ਵੱਲੋਂ ਜਾਰੀ ਉਨ੍ਹਾਂ ਦੇ ਚੋਣ ਮਨੋਰਥ ਪੱਤਰ ਪੜ੍ਹ ਕੇ ਦੇਖ ਲਵੋ। ਲੋਕਾਂ ਨੂੰ ਮੁਫ਼ਤ ਦੀ ਰੋਟੀ ਦੀ ਭੀਖ ਨਾਲ ਲਲਚਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਪੰਜਾਬ ਦੇ ਬੁਨਿਆਦੀ ਮੁੱਦੇ ਗ਼ਾਇਬ ਸਨ। ਪੰਜਾਬੀ ਭਾਸ਼ਾ ਦਾ ਮੁੱਦਾ ਤਾਂ ਕਿਸੇ ਪਾਰਟੀ ਨੇ ਛੂਹਿਆ ਤੱਕ ਨਹੀਂ ਸੀ। ਮੁੱਦਾ ਆਧਾਰਤ ਰਾਜਨੀਤੀ ਕਰਨ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਵੀ ਪੰਜਾਬੀ ਮਾਂ ਬੋਲੀ ਦੇ ਮਾਮਲੇ ਵਿੱਚ ਚੁੱਪ ਸੀ।

ਪੰਜਾਬ ਦੀ ਵਰਤਮਾਨ ਕਾਂਗਰਸ ਸਰਕਾਰ ਵੀ ਇਸ ਦਿਸ਼ਾ ਵੱਲ ਕੁਝ ਕਰਦੀ ਵਿਖਾਈ ਨਹੀਂ ਦੇ ਰਹੀ ਜਿਸਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਪੰਜਾਬੀ ਭਾਸ਼ਾ ਪੰਜਾਬੀਆਂ ਦੇ ਜਨ ਜੀਵਨ ਵਿਚਲੋਂ ਹੋ ਗਈ ਲਗਦੀ ਹੈ।ਅਜ ਪੰਜਾਬ ਇਕ ਪੰਜਾਬੀ ਸੂਬਾ ਨਾ ਹੋ ਕੇ ਹਿੰਦੀ ਭਸ਼ਾਈ ਸੂਬਾ ਜਿਆਦਾ ਵਿਖਾਈ ਦੇ ਰਿਹਾ ਹੈ।ਪੰਜਾਬੀ ਪ੍ਰੇਮੀ ਚੁਪਚਾਪ ਬੈਠੇ ਹੋਏ ਹਨ।ਹਾਂ ਸਾਲ ਵਿਚ ਇਕ ਅੱਧੀ ਵਾਰੀ ਖਾਨਾਪੂਰਤੀ ਕਰਨ ਲਈ ਜਲਸੇ ਜਲੂਸ ਜਰੂਰ ਕੱਢ ਛਡਦੇ ਹਨ।

ਅਜ ਮਾਂ-ਬੋਲੀ ਦਿਵਸ 'ਤੇ ਸਮੁੱਚੇ ਪੰਜਾਬੀਆਂ ਨੂੰ ਪ੍ਰਣ ਲੈਣ ਦੀ ਲੋੜ ਹੈ ਕਿ ਸਰਕਾਰਾਂ ਨੇ ਪੰਜਾਬ ਤੇ ਪੰਜਾਬੀਅਤ ਲਈ ਕਦੇ ਕੁੱਝ ਨਹੀਂ ਕਰਨਾ ਜੇ ਕਰਨਾ ਹੁੰਦਾ ਤਾਂ ਹੁਣ ਤੱਕ ਬਹੁਤ ਕੁੱਝ ਬਣ ਗਿਆ ਹੁੰਦਾ। ਇਸ ਲਈ ਤਾਂ ਪੰਜਾਬੀ-ਭਾਸ਼ੀਆਂ ਨੂੰ ਆਪ ਹੀ ਮਿਲ ਕੇ ਯਤਨ ਕਰਨੇ ਪੈਣਗੇ।

### ਰਾਹਤ ਭਰੇ ਤੱਥ

? ਪੰਜਾਬੀਆਂ ਨੂੰ ਇਸ ਗੱਲ 'ਤੇ ਮਾਣ ਹੋਣਾ ਚਾਹੀਦਾ ਹੈ ਕਿ ਦੁਨੀਆਂ ਵਿੱਚ 7000 ਦੇ ਲਗਭਗ ਭਾਸ਼ਾਵਾਂ ਹਨ ਜਿਨ੍ਹਾਂ ਵਿੱਚੋਂ ਪੰਜਾਬੀ ਨੂੰ 10 ਵਾਂ ਸਥਾਨ ਪ੍ਰਾਪਤ ਹੈ।

? ਇੰਗਲੈਂਡ ਤੇ ਕੈਨੇਡਾ ਵਿੱਚ ਪੰਜਾਬੀ ਤੀਜੇ ਸਥਾਨ 'ਤੇ ਹੈ।

? ਆਸਟ੍ਰੇਲੀਆ ਵਿੱਚ ਪੰਜਾਬੀ ਬੋਲੀ ਦੂਜੇ ਸਥਾਨ 'ਤੇ ਹੈ।

? ਦੁਨੀਆਂ ਭਰ 'ਚ 15 ਕਰੋੜ ਲੋਕ ਪੰਜਾਬੀ ਬੋਲਣ ਵਾਲੇ ਵਸਦੇ ਹਨ।

# ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਮੋਰਚਾ : ਜੈਤੋ ਦਾ ਮੋਰਚਾ

**(ਸਫਾ 6 ਦੀ ਬਾਕੀ)**

ਜੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲ ਕੇ ਜਦੋਂ ਜੈਤੋਂ ਪਹੁੰਚਦਾ ਤਾਂ ਹਕੂਮਤ ਵੱਲੋਂ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਜੰਗਲਾਂ ਵਿਚ ਲਿਜਾ ਕੇ ਛੱਡ ਦਿੱਤਾ ਜਾਂਦਾ। ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋਂ ਮੰਡੀ ਭੇਜਿਆ ਗਿਆ। ਤਿੰਨਾਂ ਆਗੂਆਂ ਨੂੰ ਜੈਤੋਂ ਪੁੱਜਣ ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਕ ਰਾਤ ਜੈਤੋਂ ਕਿਲੇ ਦੀ ਇਕ ਕੋਠੜੀ ਵਿਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਵਿਚ ਭੇਜ ਦਿੱਤਾ। 29 ਸਤੰਬਰ, 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਕੂਮਤ ਦੀ ਦਖਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ 25 ਸਿੰਘਾਂ ਦੇ ਜੱਥੇ ਭੇਜਣ ਨਾਲ ਕੋਈ ਤਸੱਲੀਬਖ਼ਸ਼ ਸਿੱਟਾ ਨਿਕਲਦਾ ਨਾ ਵੇਖ ਕੇ ਮੋਰਚੇ ਨੂੰ ਹੋਰ ਤੇਜ਼ ਕਰਨ ਲਈ 500-500 ਸਿੰਘਾਂ ਦਾ ਜੱਥੇ ਭੇਜਣ ਦਾ ਫੈਸਲਾ ਕੀਤਾ ਗਿਆ। ਪਹਿਲੇ ਜੱਥੇ ਨੂੰ 21 ਫਰਵਰੀ, 1924 ਨੂੰ ਜੈਤੋਂ ਪੁੱਜ ਕੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਗੰਗਸਰ ਸਾਹਿਬ ਨੂੰ ਕਬਜ਼ੇ ਵਿਚ ਲੈਣ ਅਤੇ ਅਖੰਡ ਪਾਠ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ।

ਇਹ ਵਿਸ਼ਾਲ ਜੱਥਾ 9 ਫਰਵਰੀ,1924 ਨੂੰ ਅਕਾਲ ਤਖ਼ਤ ਤੋਂ ਚੱਲ ਕੇ 20 ਫਰਵਰੀ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਖੇ ਪੁੱਜਿਆ। 21 ਫਰਵਰੀ ਨੂੰ ਸਵੇਰੇ ਕੀਰਤਨ ਕਰਨ ਉਪਰੰਤ ਇਹ ਜੱਥਾ ਜੈਤੋ ਵੱਲ ਕੂਚ ਕਰਨ ਲੱਗਿਆ। ਜੱਥੇ ਦੇ ਨਾਲ ਹਜਾਰਾਂ ਦੀ ਗਿਣਤੀ ਵਿਚ ਹੋਰ ਸੰਗਤ ਵੀ ਸ਼ਰਧਾਵੱਸ ਨਾਲ ਚੱਲ ਰਹੀ ਸੀ ਅਤੇ ਬੀਬੀਆਂ ਸਮੇਤ ਵੱਡੀ ਗਿਣਤੀ ਵਿਚ ਦਰਸ਼ਕ ਵੀ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿੱਧ ਮਿਸਟਰ ਜ਼ਿਮਦ ਕਾਰ ਵਿਚ ਸਵਾਰ ਹੋ ਕੇ ਜੱਥੇ ਦੇ ਨਾਲ-ਨਾਲ ਚੱਲ ਰਹੇ ਸਨ ਪਰ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਹੀਂ ਜਾਣ ਦਿੱਤਾ ਗਿਆ। ਜੱਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਅੰਗਰੇਜ਼ੀ ਹਕੂਮਤ ਵੱਲੋਂ ਜੱਥੇ ਨੂੰ ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਮੀਟਰ ਦੀ ਵਿੱਥ 'ਤੇ ਰੋਕ ਕੇ ਗੋਲੀ ਚਲਾ ਦੇਣ ਦੀ ਧਮਕੀ ਦਿੱਤੀ ਪਰ ਜੱਥਾ ਸ਼ਾਂਤਮਈ ਅੱਗੇ ਵਧਦਾ ਰਿਹਾ ਜਿਸ 'ਤੇ ਵਿਲਸਨ ਜਾਨਸਟਨ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਸੈਂਕੜੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ (ਸ਼੍ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿਚ 300 ਸਿੰਘ ਗੋਲੀ ਦਾ ਸ਼ਿਕਾਰ ਹੋਏ ਜਿਨ੍ਹਾਂ ਵਿਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ)। ਇਸ ਘਟਨਾ ਨੇ ਸਿੱਖਾਂ ਅੰਦਰ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਵਿਚ ਇਸ ਮੋਰਚੇ ਵਿਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜੱਥਿਆਂ ਵਿਚ ਵਧ ਚੜ੍ਹ ਕੇ ਸ਼ਾਮਲ ਹੋਣ ਲੱਗੇ। 28 ਫਰਵਰੀ 1924 ਨੂੰ ਅਗਲਾ ਸਿੰਘਾਂ ਦਾ ਜੱਥਾ ਅਮ੍ਰਿਤਸਰ ਤੋਂ ਜੈਤੋ ਲਈ ਰਵਾਨਾ ਹੋਇਆ ਜਿਸਨੂੰ 14 ਮਾਰਚ 1924 ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਨ੍ਹਾਂ ਜੱਥਿਆਂ ਵਿੱਚ ਕੈਨੇਡਾ,ਹਾਂਗਕਾਂਗ,ਟੰਗਾਈ ਆਦਿ ਦੇਸ਼ਾਂ ਤੋਂ ਵੀ ਸਿੰਘਾਂ ਨੇ ਹਿੱਸਾ ਲਿਆ। ਇਸ ਤਰ੍ਹਾਂ 500-500 ਦੇ ਜੱਥੇ ਭੇਜਣ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ ਅਤੇ ਉਦੋਂ ਤੱਕ ਜਾਰੀ ਰਿਹਾ ਜਦੋਂ ਤੱਕ ਅੰਗਰੇਜ਼ੀ ਹਕੂਮਤ ਨੇ ਹੱਥ ਖੜ੍ਹੇ ਨਾ ਕੀਤੇ। ਅੰਤ ਹਕੂਮਤ ਸਿੱਖ ਸੰਘਰਸ਼ ਅੱਗੇ ਝੁਕ ਗਈ ਅਤੇ ਇਸ ਇਤਿਹਾਸਕ ਮੋਰਚੇ ਨੂੰ ਸਫਲਤਾ ਮਿਲੀ।

ਸਿੱਖ ਸੰਗਤ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਅਖੰਡ ਪਾਠ ਸ਼ੁਰੂ ਕਰਕੇ ਮੋਰਚੇ ਨੂੰ ਤੋੜ ਚੜ੍ਹਾਇਆ। ਜੈਤੋ ਦੇ ਇਤਿਹਾਸਕ ਗੁਰਦੁਆਰਾ ਸ਼ਹੀਦ ਗੰਜ ਟਿੱਬੀ ਸਾਹਿਬ ਵਿਖੇ ਹਰ ਸਾਲ 21 ਫਰਵਰੀ ਨੂੰ ਸ਼ਹੀਦੀ ਜੋੜ ਮੇਲਾ ਲਗਾਇਆ ਜਾਂਦਾ ਹੈ ਜਿੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਦੀਆਂ ਹਨ।

# ਗਲਤ ਅਪਰੇਸ਼ਨ ਨਾਲ ਮਰੀ ਭਾਰਤੀ ਬਜ਼ੁਰਗ ਔਰਤ ਲਈ ਸੁਪਰੀਮ ਕੋਰਟ ਨੇ ਮੁਆਵਜਾ ਦੇਣ ਤੋਂ ਕੀਤੀ ਨਾਂਹ

**(ਸਫਾ 1 ਦੀ ਬਾਕੀ)**


ਕੋਰੀ ਨਾਂਹ ਕਰ ਦਿੱਤੀ ਹੈ। ਗੱਲ ਜਨਵਰੀ 2012 ਦੀ ਹੈ ਜਦੋਂ ਜਬਾੜੇ ਦੇ ਦਰਦ ਕਾਰਨ ਬਿਮਲਾ ਨੂੰ ਉਸ ਦਾ ਪਰਿਵਾਰ ਡੀਅਰਬੋਰਨ ਮਿਸ਼ੀਗਨ ਹਸਪਤਾਲ ਲੈਕੇ ਗਿਆ ਸੀ ਜਿਥੇ ਮਾਮਲਾ ਇੰਝ ਗੰਭਲਦਾਰ ਬਣ ਗਿਆ ਜਦੋਂ ਓਕਵੁੱਡ ਹਸਪਤਾਲ ਅਤੇ ਮੈਡੀਕਲ ਸੈਂਟਰ ਦੇ ਸਟਾਫ ਨੇ ਮਾਮੂਲੀ ਜਿਹਾ ਅਪਰੇਸ਼ਨ ਕਰਨ ਦੀ ਤਿਆਰੀ ਕਰਦਿਆਂ ਬਿਮਲਾ ਦੇ ਐਕਸ ਰੇ ਰਿਕਾਰਡ ਕਿਸੇ ਹੋਰ ਮਰੀਜ਼ ਨਾਲ ਰਲਾ ਦਿੱਤੇ । ਇਸ ਕਾਰਨ ਜਿਥੇ ਬਿਮਲਾ ਦੇ ਜਬਾੜੇ ਦਾ ਅਪਰੇਸ਼ਨ ਹੋਣਾ ਸੀ ਉਥੇ ਡਾਕਟਰਾਂ ਨੇ ਦਿਮਾਗ 'ਚੋਂ ਖੂਨ ਰਿਸਣ ਦਾ ਪਤਾ ਲਗਾਉਣ ਲਈ ਬਿਮਲਾ ਦੀ ਖੋਪੜੀ ਹੀ ਖੋਲ ਦਿੱਤੀ। ਇਸ ਅਪ੍ਰੇਸ਼ਨ ਕਾਰਨ ਬਿਮਲਾ ਦੀ ਦੋ ਮਹੀਨਿਆਂ ਬਾਅਦ ਮੌਤ ਹੋ ਗਈ ਸੀ। ਇਸ ਮਾਮਲੇ ਵਿਚ ਚਲੇ ਕੇਸ ਦੌਰਾਨ 2015 ਵਿਚ ਤਾਂ ਜਿਊਰੀ ਨੇ ਬਿਮਲਾ ਦੇ ਪਰਿਵਾਰ ਨੂੰ 2 ਕਰੋੜ ਡਾਲਰ ਦਾ ਮੁਆਵਜਾ ਦੇਣ ਦਾ ਐਲਾਨ ਕੀਤਾ ਸੀ ਪਰ ਮਿਸ਼ੀਗਨ ਦੀ ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਪਰਿਵਾਰ ਨੂੰ ਇਕ ਪੈਸਾ ਨਹੀਂ ਮਿਲੇਗਾ ਕਿਉਂਕਿ ਕੇਸ ਨੂੰ ਸਹੀ ਤਰੀਕੇ ਨਾਲ ਨਹੀਂ ਪੇਸ਼ ਕੀਤਾ ਗਿਆ। ਪਿਛਲੇ ਹਫਤੇ ਆਪਣੇ ਸਖ਼ਤ ਹੁਕਮ ਵਿਚ ਅਦਾਲਤ ਨੇ ਬਿਮਲਾ ਦੇ ਪਰਿਵਾਰ ਦੀ ਗਲਤੀ ਦਸਦਿਆਂ ਕਿਹਾ ਕਿ ਉਨ੍ਹਾਂ ਨੇ ਬਿਮਲਾ ਦੀ ਮੌਤ ਨੂੰ ਸਧਾਰਨ ਅਣਗਹਿਲੀ ਦਸਿਆ ਜਿਸ ਲਈ ਕੋਈ ਮੁਆਵਜਾ ਨਹੀਂ ਦਿੱਤਾ ਜਾ ਸਕਦਾ। ਜਦ ਕਿ ਉਨ੍ਹਾਂ ਨੂੰ ਚਾਹੀਦਾ ਸੀ ਕਿ ਇਸ ਕੇਸ ਨੂੰ ਡਾਕਟਰੀ ਲਾਪਰਵਾਹੀ ਦਸ ਕੇ ਪੇਸ਼ ਕਰਦੇ ਤਾਂ ਉਸ ਵਿਚ ਉਹ ਮੁਆਵਜੇ ਦੇ ਹੱਕਦਾਰ ਹੋ ਸਕਦੇ ਸੀ। ਚੀਫ ਜਸਟਿਸ ਸਟੀਫਨ ਜੇ ਮਾਰਕਮੈਨ ਨੇ ਕਿਹਾ ਕਿ ਸਹੀ ਢੰਗ ਨਾਲ ਕੇਸ ਪੇਸ਼ ਨਾ ਕਰਨ ਕਰਕੇ ਇਸ ਮਾਮਲੇ ਵਿਚ ਨਿਆਂ ਨਹੀਂ ਹੋ ਸਕਿਆ।

# ਗੁਰਦੇ ਦਾ ਕੈਂਸਰ ਕਾਰਨ ਲੱਛਣ ਇਲਾਜ ਅਤੇ ਪ੍ਰਹੇਜ




ਡਾ ਅਜੀਤਪਾਲ ਸਿੰਘ ਐਮ ਡੀ
ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
91-98156-29301


ਪਿਸ਼ਾਬ ਦੇ ਬਲੈਡਰ ਤੇ ਗੁਰਦੇ ਦੇ ਕੈਂਸਰ ਦੇ ਕਾਰਨ ਅਤੇ ਲੱਛਣ ਇੱਕੋ ਜਿਹੇ ਹੁੰਦੇ ਹਨ। ਦੋਨਾਂ ਦਾ ਆਪਸੀ ਸਬੰਧ ਨੇੜਲਾ ਹੋਣ ਕਰਕੇ ਦੋਨਾਂ ਦਾ ਵੇਰਵਾ ਕੀਤੀ ਇਕੱਠਾ ਹੀ ਦਿੱਤਾ ਜਾ ਸਕਦਾ ਹੈ। ਗਰਭ ਕਾਲ 'ਚ ਕੁੱਖ ਅੰਦਰ ਜਦ ਬੱਚਾ ਵਧਦਾ ਫੁੱਲਦਾ ਤੇ ਵਿਕਾਸ ਕਰਦਾ ਹੈ ਤਾਂ ਉਦੋਂ ਉਸ ਦੇ ਸਰੀਰ ਚ ਗੁਰਦੇ ਹੀ ਵੀ ਬਣਨ ਲੱਗਦੇ ਹਨ। ਪਰ ਕਈ ਵਾਰ ਗੁਰਦਿਆਂ ਨੂੰ ਬਣਾਉਣ ਵਾਲੇ ਤੰਤੂਆਂ ਦਾ ਵਿਕਾਸ ਏਨੀ ਤੇਜ਼ ਰਫਤਾਰ ਨਾਲ ਹੋਣ ਲੱਗਦਾ ਹੈ ਅਤੇ ਉਸੇ ਅਨੁਪਾਤ ਚ ਉਹ ਦਾ ਵਾਧਾ ਇੰਨਾ ਹੁੰਦਾ ਹੈ ਕਿ ਉਹ ਕੈਂਸਰ ਵਰਗੇ ਭਿਅੰਕਰ ਰੋਗ ਦਾ ਰੂਪ ਧਾਰਨ ਕਰ ਲੈਂਦਾ ਹੈ।ਇਸ ਹਾਲਤ ਵਿੱਚ ਜੋ ਕੈਂਸਰ ਹੁੰਦਾ ਹੈ ਉਸ ਨੂੰ ਵੇਲਸ ਟਿਊਮਰ ਕਿਹਾ ਜਾਂਦਾ ਹੈ।ਗੁਰਦੇ ਅੰਦਰ ਛੋਟੀਆਂ ਜਾਂ ਵੱਡੀਆਂ ਨਲਿਕਾਵਾਂ ਦੇ ਰਾਹੀਂ ਇਹ ਪੈਦਾ ਹੋ ਸਕਦਾ ਹੈ। ਫਿਰ ਵੀ ਇਹ ਵੇਖਿਆ ਗਿਆ ਹੈ ਕਿ ਜ਼ਿਆਦਾਤਰ ਛੋਟੀਆਂ ਨਲਿਕਾਵਾਂ ਰਾਹੀਂ ਹੀ ਇਸ ਦੀ ਉਤਪਤੀ ਹੁੰਦੀ ਹੈ। ਰੀਨਲ ਪੈਲਵਿਸ ਚ ਜਦ ਪੱਥਰੀ ਪੈ ਜਾਂਦੀ ਹੈ ਤਾਂ ਉਸ ਅਵਸਥਾ ਚ ਇਹੀ ਉਸ ਦੀ ਉਤਪਤੀ ਦਾ ਕਾਰਨ ਬਣ ਜਾਂਦਾ ਹੈ। ਪੱਥਰੀ ਕਾਰਨ ਰੀਨਲ ਪੈਲੇਸ ਚ ਇਨਫੈਕਸ਼ਨ ਵੀ ਹੋਣ ਲੱਗਦੀ ਹੈ ਅਤੇ ਇਸ ਪਿੱਛੋਂ ਕੈਂਸਰ ਵਿੱਚ ਤਬਦੀਲ ਹੋ ਜਾਂਦਾ ਹੈ। ਔਰਤ ਮਰਦ ਦੋਂਨੇਂ ਦੇ ਹੀ ਸਰੀਰ ਚ ਉਸ ਦੀ ਉਤਪਤੀ ਹੋ ਸਕਦੀ ਹੈ। ਫੇਫੜੇ ਜਾਂ ਕਿਸੇ ਹੋਰ ਥਾਂ ਦੇ ਕੈਂਸਰ ਵਿੱਚ ਜਿੱਥੇ ਔਰਤ ਮਰਦ ਦੀ ਔਸਤ ਚ ਫਰਕ ਹੁੰਦਾ ਹੈ ਗੁਰਦੇ ਦੇ ਕੈਂਸਰ ਚ ਇਹ ਕੋਈ ਔਸਤ ਨਹੀਂ ਹੈ। ਹਾਂ, ਪਿਸ਼ਾਬ ਦੇ ਬਲੇਡ 'ਚ ਕਿਸੇ ਪ੍ਰਕਾਰ ਦੀ ਔਸਤ ਹੋ ਸਕਦੀ ਹੈ। ਇਹ ਕੈਂਸਰ ਔਰਤਾਂ ਚ ਵੱਡੀ ਗਿਣਤੀ ਚ ਤੇ ਮਰਦਾਂ ਚ ਘੱਟ ਪਾਇਆ ਜਾਂਦਾ ਹੈ। ਗੁਰਦੇ ਦਾ ਕੈਂਸਰ ਨਜ਼ਦੀਕੀ ਚ ਬੜੀ ਸ਼ਰਲਤਾ ਨਾਲ ਫੈਲ ਜਾਂਦਾ ਹੈ, ਪਸਰ ਜਾਂਦਾ ਹੈ। ਅਤੇ ਲਸੀਕਾ ਪ੍ਰਣਾਲੀ ਦੀਆਂ ਵਹਿਣੀਆਂ ਰਾਹੀਂ ਪੇਟ ਦੀਆਂ ਲਸੀਕਾ ਗ੍ਰੰਥੀਆਂ ਚ ਵੀ ਫੈਲ ਸਕਦਾ ਹੈ ਅਤੇ ਜਦ ਲਸੀਕਾ ਗ੍ਰੰਥੀਆਂ ਅਸਰ ਅੰਦਾਜ਼ ਹੋ ਜਾਂਦੀਆਂ ਹਨ ਤਾਂ ਉਹ ਪਿਸ਼ਾਬ ਦੇ ਰਸਤਿਆਂ ਤੇ ਦਬਾਅ ਪਾਉਣ ਲੱਗਦੀਆਂ ਹਨ। ਸਿੱਟੇ ਵਜੋਂ ਗੁਰਦਾ ਕੰਮ ਕਰਨਾ ਬੰਦ ਕਰ ਦਿੰਦਾ ਹੈ। ਸਿੱਟੇ ਵਜੋਂ ਪਿਸ਼ਾਬ ਨਹੀਂ ਉਤਰਦਾ ਤੇ ਸੋਜ ਇਨਫੈਕਸ਼ਨ ਹੋਰ ਵੱਧ ਜਾਂਦੀ ਹੈ। ਇਹ ਕੈਂਸਰ ਖ਼ੂਨ ਦੀ ਸਪਲਾਈ ਚ ਪਹੁੰਚ ਜਾਵੇ ਤਾਂ ਜਿਗਰ ਅਤੇ ਫੇਫੜੇ ਵੀ ਉਸ ਦੀ ਮਾਰ ਹੇਠ ਆ ਜਾਂਦੇ ਹਨ। ਗੁਰਦੇ ਦੇ ਕੈਂਸਰ ਚ ਸ਼ੁਰੂਆਤੀ ਲੱਛਣ ਤਾਂ ਇਹੀ ਹਨ ਕਿ ਪਿਸ਼ਾਬ ਕਰਦੇ ਸਮੇਂ ਦਰਦ ਨਾ ਵੀ ਹੋਵੇ ਪਰ ਫਿਰ ਵੀ ਉਸ ਵਿੱਚ ਖ਼ੂਹ ਆਵੇ। ਇਸ ਨਾਲ ਪਿਸ਼ਾਬ ਲਾਲ ਹੋ ਜਾਂਦਾ ਹੈ ਅਤੇ ਹੋਲੀ ਹੋਲੀ ਕੈਂਸਰ ਦੀ ਗੰਢ ਵਧਣ ਲੱਗਦੀ ਹੈ। ਉਸ ਮੁਤਾਬਕ ਉਸ ਦੇ ਲੱਛਣ ਵੀ ਪ੍ਰਗਟ ਹੋਣ ਲੱਗਦੇ ਹਨ। ਇਸ ਨਾਲ ਗੰਢ ਦੇ ਦਬਾਅ ਕਾਰਨ ਅੰਤੜੀਆਂ ਦੀਆਂ ਆਮ ਆਦਤਾਂ ਚ ਤਬਦੀਲੀ ਹੋਣ ਲੱਗਦੀ ਹੈ। ਪੇਟ ਅੰਦਰ ਕਿਸੇ ਗੰਢ ਜਾਂ ਕਿਸੇ ਭਾਰੀ ਚੀਜ਼ ਦਾ ਅਨੁਭਵ ਹੋਣ ਲੱਗਦਾ ਹੈ। ਪੇਟ ਚ ਵੱਖ ਵੱਖ ਤਰ੍ਹਾਂ ਨਾਲ ਅਤੇ ਵੱਖ ਵੱਖ ਮੌਕਿਆਂ ਤੇ ਦਰਦ ਉੱਠਣ ਲੱਗਦਾ ਹੈ। ਅਤੇ ਉੱਥੋਂ ਕੈਂਸਰ ਜਦ ਕਿਸੇ ਹੋਰ ਪਾਸੇ ਪਸਰਨ ਲਗਦਾ ਹੈ ਤਾਂ ਉਸ ਮੁਤਾਬਿਕ ਲੱਛਣ ਪੈਦਾ ਹੋਣ ਲੱਗਦੇ ਹਨ।




ਇਹ ਰੋਗ ਭਾਵ ਕੈਂਸਰ ਦੀ ਪਹਿਚਾਣ ਕਰਨ ਦੇ ਲਈ ਹੋਰਨਾਂ ਜਾਂਚਾਂ ਤੋਂ ਇਲਾਵਾ ਪਿਸ਼ਾਬ ਦੇ ਟੈਸਟ ਐਕਸਰੇ,ਅਲਟਰਾਸਾਊਂਡ ਕੀਤੇ ਜਾਂਦੇ ਹਨ। ਰੰਗੀਨ ਐਕਸਰੇ ਇੰਟਰਾਵੀਨਸ ਪਾਇਲੋ ਗ੍ਰਾਫੀ (ਆਈ ਵੀ ਪੀ) ਵੀ ਕਰਨੀ ਹੁੰਦੀ ਹੈ। ਕਦੀ ਕਦੀ ਸੀਟੀ ਸਕੈਨ ਜਾਂ ਐੱਮਆਰਆਈ ਵੀ ਕਰਨੀ ਪੈਂਦੀ ਹੈ। ਫਿਰ ਵੀ ਜੇ ਬੀਮਾਰੀ ਦੀ ਸ਼ਨਾਖਤ ਨਾ ਹੋਵੇ ਤਾਂ ਬਾਇਪਸੀ ਕੀਤੀ ਜਾਂਦੀ ਹੈ। ਭਾਵ ਗੁਰਦੇ ਦੇ ਅੰਦਰੋਂ ਪੀਸ ਲੈ ਕੇ ਟੈਸਟ ਕੀਤਾ ਜਾਂਦਾ ਹੈ।

**ਗੁਰਦੇ ਦੇ ਕੈਂਸਰ ਦਾ ਇਲਾਜ:-**


ਹੋਰਾਂ ਕੈਂਸਰਾਂ ਵਾਂਗੂੰ ਸ਼ੁਰੂ ਦੇ ਪੜਾਅ ਤੇ ਇਸ ਕੈਂਸਰ ਦਾ ਇਲਾਜ ਆਪ੍ਰੇਸ਼ਨ ਜ਼ਰੀਏ ਆਸਾਨੀ ਨਾਲ ਹੋ ਜਾਂਦਾ ਹੈ। ਕੈਂਸਰ ਦੀ ਗੰਢ ਨੂੰ ਚੰਗੀ ਤਰ੍ਹਾਂ ਪੂਰੇ ਦਾ ਪੂਰਾ ਕੱਢ ਕੇ ਜੜੋਂ ਖਤਮ ਕਰ ਦਿੱਤਾ ਜਾਂਦਾ ਹੈ। ਪਰ ਜੇ ਰੋਗ ਫੈਲ ਕੇ ਲਸੀਕਾ ਗ੍ਰੰਥੀਆਂ ਤੱਕ ਪਹੁੰਚ ਗਿਆ ਹੋਵੇ ਤਾਂ ਵਿਕਿਰਨ ਭਾਵ ਰੇਡੀਓਥੈਰੇਪੀ ਰਾਹੀਂ ਵੀ ਇਲਾਜ ਸੰਭਵ ਹੁੰਦਾ ਹੈ। ਅਪਰੇਸ਼ਨ ਕਈ ਵਾਰ ਸੰਭਵ ਨਹੀਂ ਹੁੰਦਾ। ਇਹ ਕੈਂਸਰ ਲਸੀਕਾ ਜਾਂ ਖ਼ੂਨ ਰਾਹੀਂ ਫੇਫੜਿਆਂ 'ਚ ਪਹੁੰਚ ਜਾਵੇ ਤਾਂ ਕੀਮੋਥੈਰੇਪੀ ਨਾਲ ਇਲਾਜ ਕੀਤਾ ਜਾਂਦਾ ਹੈ। ਅਜਿਹੀ ਹਾਲਤ ਵਿੱਚ ਰੋਗ ਦੇ ਠੀਕ ਹੋਣ ਦੀ ਗਰੰਟੀ ਕੋਈ ਨਹੀਂ ਹੁੰਦੀ। ਪਿਸ਼ਾਬ ਦੇ ਬਲੈਡਰ ਦਾ ਕੈਂਸਰ ਅਕਸਰ ਬਲੈਡਰ ਦੇ ਅੰਦਰ ਹੀ ਰਹਿ ਕੇ ਵਧਦਾ ਫੁੱਲਦਾ ਤੇ ਪਸਰਦਾ ਹੈ। ਪਰ ਫਿਰ ਵੀ ਪਿਸ਼ਾਬ ਰਾਹੀਂ ਕੈਂਸਰ ਸੈੱਲ ਫੈਲ ਜਾਣ ਪਿੱਛੋਂ ਮੂਤਰ ਪ੍ਰਣਾਲੀ ਦੇ ਹੋਰਨਾਂ ਹਿੱਸਿਆਂ ਨੂੰ ਅਸਰਅੰਦਾਜ਼ ਕਰਦੇ ਹਨ ਇਹ ਕਲੈਂਡਰ ਦੀਆਂ ਦੀਵਾਰਾਂ ਵਿੱਚ ਵੀ ਫੈਲ ਜਾਂਦਾ ਹੈ ਬਾਹਰੀ ਦੀਵਾਰ ਤੇ ਆਉਣ ਨਾਲ ਕੈਂਸਰ ਪੇਟ ਦੀ ਦਿੱਲੀ ਤੱਕ ਪਹੁੰਚ ਜਾਂਦਾ ਹੈ। ਔਰਤਾਂ ਚ ਕਦੀ ਕਦੀ ਬੱਚੇਦਾਨੀ ਤੱਕ ਪਹੁੰਚ ਜਾਂਦਾ ਹੈ। ਲਸੀਕਾ ਵਹਿਣੀਆਂ ਰਾਹੀਂ ਵੀ ਲਸੀਕਾ ਗ੍ਰੰਥੀਆਂ ਤੱਕ ਪਹੁੰਚ ਜਾਂਦਾ ਹੈ। ਇਸ ਦਾ ਪਸਾਰਾ ਰਕਤ ਧਾਰਾ ਵਿੱਚ ਵੀ ਹੋ ਸਕਦਾ ਹੈ। ਜਿਸ ਨਾਲ ਫਿਰ ਇਹ ਸਰੀਰ ਦੇ ਹੋਰਨਾਂ ਅੰਗਾਂ ਨੂੰ ਨਜ਼ਰ ਅੰਦਾਜ ਕਰ ਸਕਦਾ ਹੈ।ਪਰ ਇਸ ਤਰ੍ਹਾਂ ਬਹੁਤ ਘੱਟ ਲੋਕਾਂ ਨੂੰ ਹੁੰਦਾ ਹੈ। ਬਾਕੀ ਕੈਂਸਰਾਂ ਵਾਂਗੂੰ ਇਸ ਦਾ ਵੀ ਸ਼ੁਰੂਆਤੀ ਇਲਾਜ ਆਪ੍ਰੇਸ਼ਨ ਹੈ। ਇਸ ਦੇ ਨਾਲ ਹੀ ਰੇਡੀਓ ਥੈਰਪੀ ਦਿੱਤੀ ਜਾ ਸਕਦੀ ਹੈ। ਸਰਜਰੀ ਦੇ ਨਾਲ ਪੂਰੀ ਤਰ੍ਹਾਂ ਪੂਰੀ ਦੀ ਪੂਰੀ ਗੰਢ ਕੱਢ ਦਿੱਤੀ ਜਾਂਦੀ ਹੈ। ਉਸ ਪਿੱਛੋਂ ਬਾਕੀ ਦੇ ਕੈਂਸਰ ਸੈੱਲ ਵਕਿਰਨ ਭਾਵ ਰੇਡੀਓ ਥੈਰਪੀ ਰਾਹੀਂ ਨਸ਼ਟ ਕਰ ਦਿੱਤੇ ਜਾਂਦੇ ਹਨ। ਪੇਸ਼ਾਬ ਦੇ ਬਲੈਡਰ ਦੀਆਂ ਦੀਵਾਰਾਂ ਜਦੋਂ ਪ੍ਰਭਾਵਿਤ ਹੋਣ ਤਾਂ ਫਿਰ ਰੇਡੀਓ ਐਕਟਿਵ ਗੋਲਡ ਦੇ ਬੀਜਾਂ ਨੂੰ ਇਸ ਰੋਗ ਨੂੰ ਖਤਮ ਕਰਨ ਦੇ ਇਰਾਦੇ ਨਾਲ ਬਲੈਡਰ ਦੀਆਂ ਦੀਵਾਰਾਂ ਤੇ ਜੜ੍ਹ ਦਿੱਤਾ ਜਾਂਦਾ ਹੈ ਫਿਰ ਕੀਮੋਥੈਰਪੀ ਕੀਤੀ ਜਾਂਦੀ ਹੈ।

**ਕੈਂਸਰ ਤੋਂ ਬਚਣ ਦੇ ਉਪਾਅ**

ਰੋਗ ਦੀ ਪਹਿਚਾਣ ਤੇ ਮੌਕੇ ਸਿਰ ਇਲਾਜ ਦੀ ਬਜਾਏ,ਚੰਗਾ ਹੈ ਜੇ ਰੋਗ ਪੈਦਾ ਹੀ ਨਾ ਹੋਣ ਦਿੱਤਾ ਜਾਵੇ। ਜੇ ਪੈਦਾ ਹੋ ਜਾਵੇ ਤਾਂ ਉਸ ਨੂੰ ਵਧਣ ਤੋਂ ਰੋਕਿਆ ਜਾਵੇ। ਸਾਵਧਾਨੀ ਰੱਖਣ ਚ ਹੀ ਬਚਾਅ ਹੈ। ਜੇ ਪਿਸ਼ਾਬ ਚ ਖ਼ੂਨ ਆਵੇ ਤਾਂ ਤੁਰੰਤ ਰੰਗੀਨ ਐਕਸਰੇ ਕਰਾਓ। ਰੰਗ ਦੇ ਕਾਰਖਾਨੇ ਤੇ ਕੋਲੇ ਦੀਆਂ ਖਾਨਾਂ ਚ ਕੰਮ ਕਰਦੇ ਮਜ਼ਦੂਰਾਂ ਤੇ ਹੋਰਨਾਂ ਬੰਦਿਆਂ ਨੂੰ ਚਾਹੀਦਾ ਹੈ ਕਿ ਉਹ ਮੂੰਹ ਤੇ ਕੱਪੜਾ ਬੰਨ੍ਹ ਕੇ ਰੱਖਣ ਜਾਂ ਫਿਰ ਕੋਈ ਮਾਸਕ(ਨਕਾਬ) ਲਾ ਲੈਣ। ਜਿਸ ਨਾਲ ਧੂੜ ਦੇ ਕਣ,ਜਿਨ੍ਹਾਂ ਚ ਜ਼ਹਿਰੀਲੇ ਕਣ ਰਲੇ ਹੁੰਦੇ ਹਨ,ਉਹ ਸਰੀਰ ਅੰਦਰ ਦਾਖਲ ਨਾਂ ਹੋਣ। ਨੱਕ ਰਾਹੀਂ ਵੀ ਕਿਸੇ ਕਿਸਮ ਦਾ ਜ਼ਹਿਰੀਲਾ ਧੂੰਆਂ ਸਰੀਰ ਚ ਦਾਖਲ ਨਾ ਹੋਣ ਦਿੱਤਾ ਜਾਵੇ। ਲੋਕ ਜੇ ਪਿਸ਼ਾਬ ਦੀ ਪੱਥਰੀ ਹੋਵੇ ਜਾਂ ਹੋਰ ਕੋਈ ਰੋਗ ਹੋਵੇ ਤਾਂ ਲਾਪਰਵਾਹੀ ਵਰਤਦੇ ਹਨ, ਜਦੋਂ ਤੱਕ ਕਿ ਦਰਦ ਅਸਹਿ ਨਾ ਹੋ ਜਾਵੇ। ਇਲਾਜ ਖੁਣੋਂ ਰੋਗ ਵਧ ਜਾਂਦਾ ਹੈ ਤੇ ਵਿਗੜ ਕੇ ਭਿਅੰਕਰ ਰੂਪ ਧਾਰਨ ਕਰ ਲੈਂਦਾ ਹੈ ਤੇ ਫਿਰ ਕੈਂਸਰ 'ਚ ਤਬਦੀਲ ਹੋ ਜਾਂਦਾ ਹੈ, ਪਿਸ਼ਾਬ ਦਾ ਰੰਗ ਲਾਲ ਹੋਵੇ ਤਾਂ ਕੁਝ ਦਵਾਈ ਲੈ ਲਈ ਜਾਂਦੀ ਹੈ। ਜਿਸ ਨਾਲ ਔੜ ਪੌੜ ਹੋ ਸਕਦਾ ਹੈ ਪਰ ਰੋਗ ਦੀ ਜੜ੍ਹ ਨਹੀਂ ਖਤਮ ਹੁੰਦੀ। ਭਰਮ ਚ ਰਹਿ ਕੇ ਪਿੱਛੋਂ ਪਛਤਾਉਣਾ ਪੈਂਦਾ ਹੈ। ਜੇ ਪਹਿਲਾਂ ਹੀ ਸਾਵਧਾਨੀ ਵਰਤੀ ਜਾਵੇ ਤਾਂ ਪਿਸ਼ਾਬ ਪ੍ਰਣਾਲੀ ਦੇ ਕੈਂਸਰ ਤੋਂ ਬਚਿਆ ਜਾ ਸਕਦਾ ਹੈ।

# ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਭਾਰਤ ਦੌਰੇ ਦੀਆਂ ਕੁਝ ਝਲਕੀਆਂ














# ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕੀਤੇ ਦਰਬਾਰ ਸਾਹਿਬ ਦੇ ਦਰਸ਼ਨ

(ਸਫਾ 1 ਦੀ ਬਾਕੀ)

**ਬਹੁ-ਨਸਲੀ ਸਮਾਜ ਸਾਡੇ ਸਮਿਆਂ ਦੀ ਨਵੀਂ ਹਕੀਕਤ: ਟਰੂਡੋ**

**ਅਹਿਮਦਾਬਾਦ-** ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਬਹੁ-ਨਸਲੀ ਸਮਾਜ ਸਾਡੇ ਸਮਿਆਂ ਦੀ ਹਕੀਕਤ ਹੈ ਪਰ ਸਭ ਤੋਂ ਵੱਡੀ ਚੁਣੌਤੀ ਇਹ ਸਮਝ ਪੈਦਾ ਕਰਨ 'ਚ ਹੈ ਕਿ ਵੱਖੋ ਵੱਖਰੇ ਵਿਚਾਰ ਸ਼ਕਤੀ ਦਾ ਸਰੋਤ ਕਿਵੇਂ ਬਣ ਸਕਦੇ ਹਨ। ਭਾਰਤ ਅਤੇ ਕੈਨੇਡਾ ਨੇ ਇਸ ਸਬੰਧੀ ਕਾਫੀ ਵਧੀਆ ਕੰਮ ਕੀਤਾ ਹੈ ਪਰ ਅਜੇ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਆਪਣੇ ਆਪ ਨੂੰ "ਨਾਰੀਵਾਦੀ" ਦੱਸਦਿਆਂ ਸ੍ਰੀ ਟਰੂਡੋ ਨੇ ਕਿਹਾ ਕਿ ਅਸੀਂ ਇਕ ਸਮਾਜ ਦੇ ਤੌਰ 'ਤੇ ਆਪਣੇ ਸਮੱਰਥਾ ਮੁਤਾਬਕ ਕੰਮ ਨਹੀਂ ਕਰ ਪਾ ਰਹੇ ਕਿਉਂਕਿ ਔਰਤਾਂ ਨੂੰ ਉਨ੍ਹਾਂ ਦੀ ਸਮੱਰਥਾ ਮੁਤਾਬਕ ਕੰਮ ਕਰਨ ਦੀ ਖੁੱਲ੍ਹ ਨਹੀਂ ਮਿਲ ਰਹੀ। ਉਹ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ, ਅਹਿਮਦਾਬਾਦ ਵਿੱਚ ਵਿਦਿਆਰਥੀਆਂ ਦੀ ਇਕ-ਤਰਤਾ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ "21ਵੀਂ ਸਦੀ ਦੀ ਨਵੀਂ ਹਕੀਕਤ ਇਹ ਹੈ ਕਿ ਸਾਡਾ ਸਮਾਜ ਤੇ ਭਾਈਚਾਰਾ ਹੋਰ ਵੀ ਬਹੁਭਾਂਤਾ ਹੁੰਦਾ ਜਾ ਰਿਹਾ ਹੈ ਅਤੇ ਸਾਡੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਸਮਝ ਪੈਦਾ ਕਰਨੀ ਹੈ ਕਿ ਕਿਵੇਂ ਮਤਭੇਦ ਸ਼ਕਤੀ ਦਾ ਸਰੋਤ ਬਣ ਸਕਦੇ ਹਨ। ਸ੍ਰੀ ਟਰੂਡੋ ਤੋਂ ਇਕ ਵਿਦਿਆਰਥੀ ਨੇ ਪੁੱਛਿਆ ਸੀ ਕਿ ਹੁਣ ਜਦੋਂ ਆਲਮੀ ਪੱਧਰ 'ਤੇ ਰਾਸ਼ਟਰਵਾਦ ਦਾ ਉਭਾਰ ਹੋ ਰਿਹਾ ਹੈ ਤਾਂ ਇਕ ਆਲਮੀ ਨੇਤਾ ਦੇ ਤੌਰ 'ਤੇ ਉਹ ਵਿਸ਼ਵੀਕਰਨ ਦੀ ਲਹਿਰ ਨੂੰ ਕਿਵੇਂ ਅੱਗੇ ਵਧਾਉਣਗੇ। ਉਨ੍ਹਾਂ ਕਿਹਾ "ਪਹਿਲੀ ਗੱਲ ਤਾਂ ਇਹ ਹੈ ਕਿ ਸਾਨੂੰ ਸਾਰਿਆਂ ਨੂੰ ਮਤਭੇਦਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਪੈਣਾ ਹੈ। ਜਦੋਂ ਅਸੀਂ ਆਪਣੇ ਨਾਲੋਂ ਜੁਦਾ ਲੋਕਾਂ ਤੋਂ ਉਨ੍ਹਾਂ ਦੀਆਂ ਕਹਾਣੀਆਂ ਸੁਣਦੇ ਹਾਂ ਤਾਂ ਇਕ ਭਾਈਚਾਰੇ ਦੇ ਤੌਰ 'ਤੇ ਵਧੇਰੇ ਸੂਝਵਾਨ ਤੇ ਸਮੱਰਥ ਬਣਦੇ ਹਾਂ। ਪਰ ਇਸ ਦੀ ਇਕ ਚੁਣੌਤੀ ਇਹ ਹੈ ਕਿ ਪਛਾਣਾਂ ਭੁਰਨ ਲੱਗ ਪੈਂਦੀਆਂ ਹਨ। ਜੇ ਤੁਸੀਂ ਫਰਾਂਸ, ਦੱਖਣੀ ਕੋਰੀਆ ਜਾਂ ਦੱਖਣੀ ਅਫ਼ਰੀਕਾ ਦਾ ਕਿਆਸ ਕਰੋ ਤਾਂ ਤੁਹਾਡੇ ਮਨ ਵਿੱਚ ਉਨ੍ਹਾਂ ਦੀ ਪਛਾਣ ਬਾਰੇ ਕੁਝ ਖਾਸ ਖਿਆਲ ਆਉਂਦੇ ਹਨ।

**ਸੋਫੀਆ ਟਰੂਡੋ ਵੱਲੋਂ ਨਾਬਰਾਬਰੀ ਖ਼ਤਮ ਕਰਨ ਦਾ ਸੱਦਾ**

**ਮੁੰਬਈ-** ਭਾਰਤ ਦੇ ਦੌਰੇ ਉੱਤੇ ਆਏ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਤਨੀ ਨੇ ਇੱਥੇ ਭਾਰਤ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਲਿੰਗ ਭੇਦ ਨੂੰ ਦੂਰ ਕਰਨ ਕਿਉਂਕਿ ਮਰਦ ਅਤੇ ਔਰਤ ਵਿਚਕਾਰ ਵਿਤਕਰੇਬਾਜ਼ੀ ਕਾਰਨ ਪਹਿਲਾਂ ਹੀ ਵਿਸ਼ਵ ਆਪਣਾ ਬਹੁਤ ਨੁਕਸਾਨ ਕਰਵਾ ਚੁੱਕਾ ਹੈ। ਸੋਫੀਆ ਗਰੈਗੋਇਰ ਟਰੂਡੋ ਨੇ ਕਿਹਾ ਕਿ ਵਿਸ਼ਵ ਵਿੱਚੋਂ ਮਰਦ ਅਤੇ ਔਰਤ ਵਿਚਕਾਰ ਕੀਤੀ ਜਾਂਦੀ ਵਿਤਕਰੇਬਾਜ਼ੀ ਨੂੰ ਖਤਮ ਕਰਨ ਦੇ ਲਈ ਸਮਾਜ ਦੇ ਸਾਰੇ ਵਰਗਾਂ ਨੂੰ ਇੱਕਜੁੱਟ ਖੜ੍ਹੇ ਹੋਣ ਦੀ ਲੋੜ ਹੈ। ਇਹ ਪ੍ਰਗਟਾਵਾ ਉਨ੍ਹਾਂ ਨੇ ਦੱਖਣੀ ਮੁੰਬਈ ਵਿੱਚ ਸੋਫੀਆ ਕਾਲਜ (ਲੜਕੀਆਂ) ਵਿੱਚ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਆਪਣੇ 17 ਮਿੰਟ ਲੰਬੇ ਭਾਸ਼ਣ ਵਿੱਚ ਕਿਹਾ ਕਿ ਇਹ ਧਾਰਨਾ ਗਲਤ ਹੈ ਕਿ ਲੜਕੀਆਂ ਮੁੰਡਿਆਂ ਨਾਲੋਂ ਕਿਸੇ ਤਰ੍ਹਾਂ ਘੱਟ ਹਨ ਤੇ ਲੜਕੀਆਂ ਪ੍ਰਤੀ ਗਲਤ ਧਾਰਨਾਵਾਂ ਕਾਰਨ ਬਹੁਤ ਜਿਆਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਨਾਬਰਾਬਰੀ ਖ਼ਤਮ ਕਰਨ ਦੀ ਮੁੱਢਲੀ ਕੁੰਜੀ ਹੈ। ਉਨ੍ਹਾਂ ਕਿਹਾ ਕਿ ਲਿੰਗਿਕ ਗੈਰਬਰਾਬਰੀ ਵਿਰੁੱਧ ਲੜਨ ਦਾ ਇਹ ਮਤਲਬ ਹਰਗਿਜ਼ ਨਹੀ ਹੈ ਕਿ ਅਸੀਂ ਇੱਕ ਧਿਰ ਨੂੰ ਦੂਜੀ ਦੇ ਵਿਰੁੱਧ ਵਰਤੀਏ। 42 ਸਾਲਾਂ ਦੀ ਇਸ ਸਾਬਕਾ ਟੀਵੀ ਮੇਜ਼ਬਾਨ ਨੇ ਕਿਹਾ ਕਿ ਮਰਦ ਔਰਤ ਦਾ ਸਹਿਯੋਗੀ ਹੈ। ਔਰਤਾਂ ਦੇ ਹੱਕਾਂ ਦੀ ਝੰਡਾ ਬਰਦਾਰ ਸ੍ਰੀਮਤੀ ਟਰੂਡੋ ਆਪਣੇ ਪਤੀ ਜਸਟਿਨ ਟਰੂਡੋ ਦੇ ਨਾਲ ਭਾਰਤ ਦੇ ਅੱਠ ਰੋਜ਼ਾ ਦੌਰੇ ਉੱਤੇ ਆਈ ਹੋਈ ਹੈ। ਉਨ੍ਹਾਂ ਔਰਤਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਨਾਲ ਹੁੰਦੀ ਨਾਬਰਾਬਰੀ ਵਿਰੁੱਧ ਆਵਾਜ਼ ਉਠਾਉਣ।

# 12 ਸਾਲਾਂ ਦੀ ਬਾਲ ਉਮਰੇ ਵਿਆਹ, 14 ਸਾਲਾ ਉਮਰ ਵਿਚ 2 ਬੱਚਿਆਂ ਦੀ ਮਾਂ ਬਣੀ ਹਰਿਆਣਾ ਗੌਰਵ, ਰੈਸ਼ਲਿੰਗ ਸਟਾਰ



ਹਰਦੀਪ ਸਿੰਘ ਢੁੰਬਰ
91-94636-01616

ਇਕ ਕੋਸ਼ਿਸ ਲਈ ਬਾਜਿਦ ਹਾਂ ਕਿ ਬਹੁਤ ਸਾਰੇ ਲਿਖਾਰੀਆਂ ਦੀ ਤਰਾਂ ਸੱਚ ਅਤੇ ਨਿਰਸਵਾਰਥ ਲਿਖਣ ਲਈ । ਲੇਖਣੀ ਵਿਚ ਸਥਾਨ ਲੈਂਣ ਵਾਲੇ ਕਿਸੇ ਵਿਵਸਥਾ ਦੇ ਸ਼ਿਕਾਰ ਹੋਣ ਤੋਂ ਬਾਅਦ ਵੀ ਆਪਣੇ ਬਲਬੂਤੇ ਉਤੇ ਸਮਾਜ਼ ਵਿਚ ਖਾਸ ਮੁਕਾਮ ਹਾਸਲ ਕਰਨ ਵਾਲਿਆਂ ਦਾ ਹੁੰਦਾ ਹੈ । ਥੱਕੇ ਹਾਰੇ ਲੋਕਾਂ ਨੂੰ ਰਾਹ ਦਿਖਾਉਣ ਦੀ ਕੋਸ਼ਿਸ ਰਹਿੰਦੀ ਹੈ । ਮੇਰੀਆਂ ਰਚਨਾਵਾਂ ਡਿਗਕੇ ਖੱੜੇ ਹੋਣਵਾਲੇ ਮਨੁੱਖਾਂ, ਕੌਮਾਂ, ਕਬੀਲਿਆਂ ਦਾ ਸਥਾਨ ਰਹਿੰਦਾ ਹੈ। ਇਸ ਕਹਾਣੀ/ਜੀਵਨੀ ਇਸ ਅਸਧਾਰਨ ਲੜਕੀ ਦੀ ਹੈ ਜਿਸ ਨੇ ਦਲਦਲ ਦੇ ਵਿਚ ਜਨਮ ਲੈਕੇ ਇਕ ਕਮਲ ਦਾ ਫੁੱਲ ਬਣ ਖੁਸ਼ਬੋਆ ਖਿਲਾਰੀਆਂ ਹਨ ਅਤੇ ਕਰੋੜਾਂ ਇਨਸਾਨਾਂ ਨੂੰ ਰਾਹ ਦਿਖਾਇਆ ਹੈ । ਔਰਤ ਨੂੰ ਕਮਜੋਰ ਅਤੇ ਭੋਗਵਿਲਾਸ ਦੀ ਵਸਤੂ ਸਮਝਣ ਵਾਲਿਆਂ ਨੂੰ ਸ਼ਾਖਸਾਤ ਔਰਤ ਸ਼ਕਤੀ ਦੇ ਦਰਸ਼ਣ ਕਰਵਾਏ ਹਨ । ਉਹਨਾਂ ਮਨੁੱਖਾਂ ਨੂੰ ਪਹਿਲਵਾਨ ਨੀਤੂ ਵਾਰੇ ਜਰੂਰ ਜਾਨਣਾ ਬਣਦਾ ਹੈ।

ਉਹ ਰੋਹਤਕ ਜੋ ਭਾਰਤੀ ਰਾਜ ਹਰਿਆਣਾ ਵਿੱਚ ਛੋਟੂ ਰਾਮ ਸਟੇਡੀਅਮ ਅਤੇ ਕੁਸ਼ਤੀ ਕੇਂਦਰ ਦੇ ਬੂਟ ਕੈਂਪ ਦੇ ਮਾਹੌਲ ਵਿੱਚ ਹੋਰਨਾਂ ਨੌਜਵਾਨ ਐਥਲੀਟ ਔਰਤਾਂ ਨਾਲ ਕੈਲੀਸਟੈਨਿਕਸ, ਭਾਵ "ਤਾਕਤ" ਮਾਨਸਿਕ ਤਾਕਤ, ਹਿੰਮਤ, ਸਰੀਰਕ ਤਾਕਤ ਅਤੇ ਦ੍ਰਿੜਤਾ ਪੈਦਾ ਕਰਨ ਲਈ ਦੌੜਦੀਦੇਖ ਸਕਦੇ ਹਾਂ । ਛੋਟੂ ਰਾਮ ਸਟੇਡੀਅਮ ਕੁਸ਼ਤੀ ਕੇਂਦਰ, ਬੂਟ ਕੈਂਪ ਕੁਸ਼ਤੀ ਪਰੰਪਰਾ ਲਈ ਲਈ ਮਸ਼ਹੂਰ ਹੈ ਪੂਰੇ ਭਾਰਤ ਵਿਚ ਜਾਣਿਆ ਜਾਂਦਾ ਹੈ ।ਪਿੰਡ ਦੇ ਲੋਕ ਹੈਰਾਨ ਸਨ ਕਿ ਉਹ ਕੁਸ਼ਤੀ ਖੇਢ ਵਿਚ ਹਿਸਾ ਲੈਣਾ ਚਾਹੁੰਦੀ ਸੀ । ਉਨ੍ਹਾਂ ਨੇ ਆਪਣੇ ਪਤੀ ਨੂੰ ਕਿਹਾ ਕਿ ਉਹ ਅਜਿਹਾ ਕੁਝ ਕਰਨ ਤੋਂ ਰੋਕੇ । ਉਸ ਦੀ ਸੱਸ ਵੀ ਉਸ ਤੇ ਪੂਰਾ ਭਰੋਸਾ ਕਰ ਰਹੀ ਸੀ । ਪਰ ਨੀਤੂ ਨੇ ਇਸ ਤਰ੍ਹਾਂ ਦੇ ਕਿਸੇ ਵੀ ਢੰਗ ਨਾਲ ਆਪਣੇ ਰਾਹ 'ਤੇ ਨਹੀਂ ਛੱਡਿਆ।

ਨੀਤੂ ਆਪਣੇ ਪਿੰਡ ਬੇੜਵਾ ਤੋਂ ਰੋਹਤਕ ਜਾ ਕੇ ਇਕ ਕੁਸ਼ਤੀ ਕੇਂਦਰ ਵਿਚ ਰੋਜ਼ਾਨਾ 8 ਘੰਟੇ ਦੀ ਸਖਤ ਮਿਹਨਤ ਸਿਖਲਾਈਦਿਨ ਵਿਚ ਸਵੇਰੇ 4 ਘੰਟੇ ਅਤੇ ਦੁਪਹਿਰ ਪਿੱਛੋਂ3 ½ ਤੋਂ 4 ਘੰਟੇ ਪ੍ਰੈਕਟਿਸ ਉਸ ਦੀ ਆਮ ਰੁਟੀਨ ਹੈ । ਪਰ ਇਸ ਨੌਜਵਾਨ ਔਰਤ ਬਾਰੇ ਹਰ ਇਕ ਗਲ ਖਾਸ ਹੈ, ਉਸ ਦਾ ਪੂਰਾ ਨਾਂ ਨੀਤੂ ਸਰਕਾਰ ਹੈ ਪਰ ਉਹ ਆਪਣੇ ਆਪ ਨੂੰਸਿਰਫ "ਨੀਤੂ" ਦੇ ਨਾਂਨਾਲ ਪਹਿਚਾਣੇ ਜਾਣ ਨੂੰ ਪਸੰਦ ਕਰਦੀ ਹੈ । ਇੱਕ ਅਥਲੀਟ ਬਣਨ ਦਾ ਦਰਿੜ ਇਰਾਦਾ, ਉਸਦੀ ਯਾਤਰਾ ਇੱਕ ਸਭ ਤੋਂ ਵੱਧ ਨਿਕੰਮੇ ਸਥਾਨ ਤੋਂ ਸ਼ੁਰੂ ਹੋਈ, ਜਿਥੋ ਸੋਚਣਾ ਵੀ ਮੁਸ਼ਕਿਲ ਹੈ। ਇੱਕ ਬਾਲੜੀ 12 ਸਾਲ ਦੀ ਉਮਰ ਵਿਚ ਵਿਆਹੀ ਗਈ ਸੀ। 14 ਸਾਲ ਦੀ ਉਮਰ ਵਿਚ ਹੀ 2 ਬਚਿਆਂ ਦੀ ਮਾਂ ਬਣ ਗਈ ਸੀ । ਇਸ ਤੋਂ ਬਾਅਦ ਉਸ ਦੇ ਬਾਲ ਮਨ ਵਿਚ ਰੈਸ਼ਲਰ ਬਣਨ ਸਪਨਾਂ ਜੋ ਮਨ ਦੇ ਕਿਸੇ ਕੋਨੇ ਵਿਚ ਵਸ ਚੁੱਕਾ ਸੀ ਪੂਰਾ ਕਰਨ ਲਈ ਮੈਦਾਨ ਵਿਚ ਉਤਰੀ।

ਉਸ ਦਾ ਵਿਆਹ ਜਦੋਂ ਉਹ ਸਿਰਫ 12 ਸਾਲ ਦੀ ਸੀ ਉਸ ਨਾਲੋ 28 ਸਾਲ ਵੱਡੇ ਪ੍ਰੋੜ 40 ਸਾਲ ਦੇ ਇਕ ਬਿਮਾਰ ਵਿਅਕਤੀ ਨਾਲ ਕਰ ਦਿਤਾ ਗਿਆ । ਇਹ ਵਿਆਹ ਬਿਮਾਰ ਪਤੀ ਦੀ ਮੌਤ ਕਾਰਨ ਡੇਢ, ਦੋ ਮਹੀਨੇ ਹੀ ਚਲਿਆ। ਇਸ ਤੋਂ ਤੁਰੰਤ ਬਾਅਦ ਉਸ ਦੀ ਸ਼ਾਦੀ ਇਕ ਮਾਨਸਿਕ ਬਿਮਾਰ ਵਿਅਕਤੀ ਨਾਲ ਹੋਈ । ਇਸ ਵਿਆਹ ਨਾਲ ਉਸ ਨੂੰ ਮਾਨਸਿਕ ਤੌਰ 'ਤੇ ਬਹੁਤ ਚੁਣੌਤੀਆਂ ਦਾ ਸਾਹਮਣਾ ਕਰਨਾਂ ਪਿਆ ।ਸਾਰਾ ਘਰ ਹੀ ਇਕ ਤਰਾਂ ਨਾਲ ਮਾਨਸਿਕ ਰੋਗੀਆਂ ਦਾ ਘਰ ਸੀ। ਉਸ ਨੇ ਘਰ ਵਿਚ ਗੰਦੀ ਸੜੀ ਅਲਮਾਰੀ ਹੋਈ ਨੂੰ ਸਾਫ ਕਰਨ ਤੋਂ ਇਨਕਾਰ ਕਰ ਦਿੱਤਾ ਸੀ ।ਉਸਦੀ ਸੱਸ, ਸੌਹਰੇਦਾ ਬਹੁਤ ਨੀਚ ਪੱਧਰ ਦਾ ਵਰਤਾਉ ਉਸ ਨੂੰ ਧੁਰ ਅੰਦਰ ਤਕ ਝੰਤੋੜ ਦਿੰਦਾ ਸੀ । ਉਸ ਦਾ ਸੌਹਰਾ ਉਸ ਨਾਲ ਜਿਨਸੀ ਸ਼ਿਕਾਰੀ ਵਾਂਗ ਵਿਵਹਾਰ ਕਰਦਾ ਸੀ। ਉਹ ਯਾਦ ਕਰਦੀ ਹੈ, "ਇਕ ਦਿਨ ਜਦੋਂ ਕੋਈ ਵੀ ਘਰ ਨਹੀਂ ਸੀ, ਉਹ ਮੈਨੂੰ ਆਪਣੇ ਬੈਂਡਰੂਮ ਵਿਚ ਲੈ ਗਿਆ ਅਤੇ ਮੇਰਾ ਪਰਦਾ ਉਤਾਰ ਦਿੱਤਾ"। "ਉਸ ਨੇ'ਕਿਸੇ ਨੂੰ ਨਾ ਦੱਸਣ ਚੇਤਾਵਨੀ ਦਿੱਤੀ।"

ਨੀਤੂ ਜਿਸ ਸੰਸਾਰ ਵਿਚ ਰਹਿੰਦੀ ਹੈ, ਜਿਵੇਂ ਉਹ ਕਹਿੰਦੀ ਹੈ, "ਜੇ ਕੋਈ ਆਦਮੀ ਕਿਸੇ ਕੁੱੜੀ ਨਾਲ ਕੁੱਝ ਬੁਰਾ ਕਰਦਾ ਹੈ, ਤਾਂ ਇਹ ਉਸ ਕੁੜੀ ਦੀ ਗ਼ਲਤੀ ਹੈ ਕਿਹਾ ਜਾਂਦਾ ਹੈ।" ਉਸ ਨੇ ਮਨ ਵਿਚ ਸੋਚਿਆ ਕਿ ਕਿਨਾਂ ਸਮਾਂ ਇਸ ਜੁਲਮ ਦਾ ਸ਼ਿਕਾਰ ਹੋਵੇਗੀ, ਸੌਹਰੇ ਦੇ ਹਦਾਇਤ ਕਰਨ ਦੇ ਬਾਅਦ ਵੀ ਉਸ ਨੇ ਆਪਣੇ ਪਿਤਾ ਨੂੰ ਕਭ ਕੁੱਝ ਦੱਸਿਆ, ਜਿਸ ਨੇ ਉਸ ਨੂੰ ਇਸ ਨਰਕ ਭਰੇ ਵਿਆਹ ਤੋਂ ਛੁੱਡਾ ਉਸ ਘਰ ਵਿਚੋਂ ਕੱਢ ਲਿਆ। 13 ਸਾਲ ਦੀ ਉਮਰ ਤਕ, ਨੀਤੂ ਦੇ ਪਿਤਾ ਨੂੰ ਉਸ ਦਾ ਵਿਆਹ ਤਿੰਨ ਵਾਰ ਕਰਨਾ ਪਿਆ ।

ਸਮਾਜ਼ ਵਿਚ ਅਖਾਣ ਪ੍ਰਚੱਲਤ ਹੈ "ਗਰੀਬ ਦੀ ਘਰਵਾਲੀ, ਸਭ ਦੀ ਭਾਬੀ"। ਲੜਕੀ ਪੈਦਾ ਹੋਣ ਤੇ ਗਰੀਬਾਂ ਦੇ ਘਰ ਸ਼ੋਕ ਦਾ ਮਹੌਲ ਇਸ ਲਈ ਵੀ ਬਣ ਜਾਂਦੀ ਹੈ ਕਿ ਧੀ ਦੀ ਇਜ਼ਤ ਨੂੰ ਬਚਾਏ ਰਖਣਾ ਸਭ ਤੋਂ ਚਣੌਤੀ ਦਾ ਕੰਮ ਹੋ ਗਿਆ ਹੈ। 95 ਪ੍ਰਤੀਸਤ ਗਰੀਬ ਪ੍ਰੀਵਾਰਾ ਦੀਆ ਧੀਆਂ, ਭੈਣਾਂ ਨਾਲ ਬਲਾਤਕਾਰ, ਔਰਤਾਂ ਨੂੰ ਨੰਗੇ ਘੁਮਾਉਣਾ ਦੀਆਂ ਖਬਰਾ ਨਾਲ ਹਰ ਰੋਜ ਅਖਬਾਰ ਭਰੇ ਰਹਿੰਦੇ ਹਨ । ਹਜਾਰਾਂ ਵਾਧਇਆਂ, ਦਾਵਿਆਂ, ਨਵੇਂ ਤੋਂ ਨਵੇਂ ਬਣਾਏ ਕਾਨੂੰਨ ਬੇਅਸਰ ਲਗਣ ਲਗਦੇ ਹਨ । ਗੁਰੂਆਂ ਪੀਰਾਂ ਦੀਆਂ ਸਿਖਿਆਵਾਂ ਕਰਮ ਵਿਚ ਨਹੀਂ ਸਿਰਫ ਧਾਰਮਿਕ ਉਪਦੇਸ਼ ਹੀ ਜਾਪਦੇ ਹਨ ਇਸ ਵਿਚ ਧਰਮ ਦਾ ਕੀ ਕਸੂਰ, ਸਾਡਾ ਹੈ । ਇਹ ਵੀ ਕਾਰਨ ਹੈ ਗਰੀਬ ਅਤੇ ਨੀਵੀਂ ਸਮਝੀ ਜਾਣ ਵਾਲੀ ਜਾਤੀ ਵਾਲੇ ਧੀਆਂ ਦਾ ਵਿਆਹ ਜਲਦੀ ਕਰਨ ਵਿਚ ਹੀ ਬਿਹਤਰੀ ਸਮਝਦੇ ਹਨ, ਜੋ ਸ਼ਾਦੀ ਦੀ ਉਮਰ ਹੋਣ ਸਮੇਂ ਤਾਂ ਬਿਲਕੁਲ ਜਾਇਜ਼ ਹੈ ।

ਸੋ ਅਸਿਖਸ਼ਤ ਪ੍ਰੀਵਾਰ ਬਾਰ ਬਾਰ ਗਲਤੀ ਕਰਦਾ ਹੋਇਆ ਅਤੇ ਕਿਸੇ ਵੀ ਸਮਾਜਿਕ ਕਲੰਕ ਤੋਂ ਬਚਣ ਲਈ, ਉਸ ਦੇ ਮਾਪਿਆਂ ਨੇ ਉਸ ਨਾਲ ਫਿਰ ਤੋਂ ਵਿਆਹ ਕਰਵਾ ਦਿਤਾ ।14 ਸਾਲ ਦੀ ਉਮਰ ਵਿਚ ਉਸਨੇ ਦੋ ਬੱਚਿਆਂ ਨੂੰ ਜਨਮ ਦਿੱਤਾ ਜਿਲ੍ਹਾਂ ਦਿ ਨਾਂਉਸ ਨੇਂ ਪ੍ਰਿਸ ਅਤੇ ਆਯੂਸ ਰੱਖੇ। ਆਪਣੇ ਪਰਿਵਾਰ ਦੀ ਸਹਾਇਤਾ ਕਰਨ ਲਈ, ਨੀਤੂ ਨੇ ਕਈ ਤਰਾਂ ਦੇ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ ਉਸਨੇ ਇੱਕ ਔਰਤਾਂ ਦੇ ਸ਼ਿੰਗਾਰ ਦਾ ਕੰਮ, ਇੱਕ ਘਰੇਲੂ ਨੌਕਰਾਣੀ, ਇੱਕ ਦੁਕਾਨ ਤੇ ਕਲਰਕ ਅਤੇ ਕੱਪੜਿਆਂ ਦੀ ਸਿਲਾਈ ਦਾ ਕੰਮ ਕੀਤਾ ।

ਉਹ ਕਹਿੰਦੀ ਹੈ, "ਮੈਂ ਇਕ ਪੁਰਾਣਾ ਸਿਲਿਆ ਸੂਟ ਲਿਆ ਉਸ ਨੂੰ ਉਧੇੜਿਆ, ਫਿਰ ਤੋਂ ਉਸ ਦੀ ਸਿਲਾਈ ਕੀਤਾ ਇਸ ਤਰਾਂ ਨਾਲ ਉਧੇੜੇ ਸੂਟ ਨੂੰ ਜੋੜ ਕੇ ਮੈਂ ਸਿਨਾਈ ਦਾ ਕੰਮ ਸਿੱਖਿਆ ਸੀ । ਅੱਜ ਦੇ ਹਾਲਾਤਾਂ ਵਿਚ ਵੱਡੇ ਤੋਂ ਵੱਡੇ ਕਹਿੰਦੇ ਕਹਾਉਦੇ ਲੋਕ ਵੀ ਢੇਰੀ ਢਾ ਮਾੜੇ ਕੰਮਾਂ ਵੱਲ ਜਾਂ ਜਮੀਨਾਂ ਦੇ ਮਾਲਕ ਖੁਦਕਸੀਆਂ ਵੱਲ ਵਧ ਜਾਂਦੇ ਹਨ, ਜਦੋਂ ਕਿ ਇਕ ਗਰੀਬ, ਬੇਜਮੀਨੇ, ਬੇਰੁਜਗਾਰ ਅਤੇ ਸਮਾਜਿਕ ਤੌਰ ਤੇ ਨੀਵੀਂ ਚਮਾਰ ਜਾਤੀ ਦੀ ਲੜਕੀ ਨੇ ਐਸਾ ਮਾਰਕੇਦਾਰ ਕੰਮ ਕਰ ਵਿਖਾਇਆ ਹੈ ਕਿ ਇਕ ਫਿਲਮੀ ਕਹਾਣੀ ਹੀ ਲਗਦੀ ਹੈ । ਨੀਤੂ ਦੇ ਦਿਮਾਗੀ ਤੌਰ ਤੇ ਬਹੁਤ ਵਧੀਆ, ਕਾਰਗਰ ਅਤੇ ਸਖਸ਼ਮ ਹੋਣ ਦੀ ਵਧੀਆ ਉਧਾਰਨ ਨਹੀਂ ਹੋ ਸਕਦੀ ।

ਫਿਰ ਉਹ ਇੱਕ ਗੁਆਂਢੀਆਂ ਨਾਲ ਹੋ ਰਹੇ ਸੱਸ-ਸਹੁਰੇ ਦੇ ਝੱਗੜੇ ਵਿਚ ਬਚਾਅ ਕਰਨ ਲਈ ਅੱਗੇ ਵਧੀ ਤਾਂ ਕਿਸੇ ਨੇ ਲੋਹੇ ਦੀ ਛੜੀ ਨਾਲ ਸਿਰ ਉੱਤੇ ਇੱਕ ਵਾਰ ਕਰ ਦਿਤਾ । ਸਿਰ ਦੀ ਛੱਟ ਕਾਰਨ ਉਹ ਕਈ ਹਫ਼ਤਿਆਂ ਤੋਂ ਬੇਹੋਸ਼ ਰਹੀ, ਜਦੋਂ ਉਹ ਠੀਕ ਹੋ ਗਈ ਤਾਂ ਵੀ ਉਹ ਪਹਿਲਾਂ ਜਿਹੀ ਨਹੀਂ ਸੀ ਉਹ ਕਹਿੰਦੀ ਹੈ, "ਮੈਨੂੰ ਫਿੱਟ ਪੈਣੇ ਸ਼ੁਰੂ ਹੋ ਗਏ ।" ਉਸਦੇ ਸਿਲਾਈ ਵਾਲੇ ਗ੍ਰਾਹਕ ਆਉਣੇ ਬੰਦ ਹੋ ਗਏ ਸਨ ।

ਗਰੀਬ ਹੋਣ ਦੇ ਕਾਰਨ ਇਸ ਪ੍ਰਤੀਤ ਹੁੰਦਾ ਹੈ ਕਿ ਦਰਿੜ ਨੌਜਵਾਨ ਔਰਤ ਦੇ ਸੁਪਨਿਆਂ 'ਤੇ ਕੋਈ ਅਸਰ ਨਹੀਂ ਪਿਆ । ਨਾ ਹੀ ਇਹ ਤੱਥ ਕਿ ਉਸ ਕੋਲ ਸਿਰਫ 7 ਵੀਂ ਦੀ ਪੜ੍ਹਾਈ ਸੀ । ਬਚਪਨ ਤੋਂ ਹੀ ਉਹ ਖੇਡਾਂ ਦੀ ਆਦਤ ਸੀ ਅਤੇ ਇਸ ਵਿਚ ਬਹੁਤ ਇੱਕ ਹੁਸ਼ਿਆਰ ਸੀ, ਉਸ ਦੀ ਦਾਦੀ ਦੀਆਂ ਝਿੜਕਦੀ ਵੀ ਸੀ, ਉਸ ਉਤੇ ਬੇਸ਼ਕ ਰੁਕਾਵਟ ਵੀ ਸੀ । ਨੀਤੂ ਯਾਦ ਕਰਦੀ ਹੈ ਕਿ ਗੁਆਂਢੀਆਂ ਨੂੰ ਇੱਕ ਛੋਟੀ ਜਿਹੀ ਕੁੜੀ ਨੇ ਉਸਨੂੰ ਖਾਣਾ ਪਕਾਉਣ ਲਈ ਘਰੇਲੂ ਭਾਰੀ ਲੋਹੇ ਦੇ ਭਰੇ ਸਿਲੰਡਰਾਂ ਨੂੰ ਖਿਚਦੀ ਸੀ।



ਨੀਤੂ ਰੋਹਤਕ ਹਰਿਆਣਾ ਵਿਚ ਇਕ ਕੁਸ਼ਤੀ ਕੇਂਦਰ ਵਿਚ

ਕਈ ਸਾਲ ਪਹਿਲਾਂ ਨਵੀਂ ਦਿੱਲੀ ਵਿਚ ਆਯੋਜਿਤ ਕੌਮਾਂਤਰੀ ਖੇਡਾਂ ਦੇ ਟੀਵੀ ਕਵਰੇਜ 'ਤੇ ਨਜ਼ਰ ਰੱਖਣ ਨਾਲ ਨੀਤੂ ਕੁਸ਼ਤੀ ਤੋਂ ਪ੍ਰੇਰਿਤ ਸੀ, ਇਕ ਵਿਅਕਤੀਗਤ ਖੇਡ ਹੈ ਜਿਥੇ ਹਾਰ ਜਿੱਤ ਤੁਹਾਡੀ ਆਪਣੀ ਮਿਹਨਤ ਅਤੇ ਦਮ ਉਤੇ ਹੀ ਨਿਰਭਰ ਹੁੰਦੀ ਹੈ - "ਤੁਸੀਂ ਇਕ ਟੀਮ ਵਿਚ ਹਾਰ ਸਕਦੇ ਹੋ" । ਉਹ ਕਹਿੰਦੀ ਹੈ, "ਮੈਨੂੰ ਮੇਰੀ ਕੁਸ਼ਤੀ ਪਸੰਦ ਹੈ।" "ਕੁਸ਼ਤੀ ਮੇਰੀ ਜ਼ਿੰਦਗੀ ਹੈ । ਮੈਂ ਆਪਣੇ ਬੱਚਿਆਂ ਲਈ ਇਹ ਕਰਨਾ ਹੈ ਤਾਂ ਜੋ ਉਹ ਉਹ ਸਭ ਕੁਝ ਕਰ ਸਕਣ ਜੋ ਮੈਂ ਬਚਪਨ ਵਿਚ ਨਹੀਂ ਕਰ ਸਕੀਂ ਸੀ ।"ਅਤੇ ਹੁਣ ਇਹ ਉਸ ਦਾ ਜਨੂੰਨ ਬਣ ਗਿਆ ਹੈ ।

ਗਰੀਬੀ ਤੋਂ ਬਾਹਰ ਨਿਕਲਣ ਨੀਤੂ ਦੀ ਤਰਾਂ ਹੋਰ ਲੜਕੀਆਂ ਨੂੰ ਅਗੇ ਵਧਣਾ ਚਾਹੀਦਾ ਹੈ, ਕਮਾਈ, ਇਨਾਮੀ ਰਾਸ਼ੀ, ਸਪੌਸ਼ਰਸਿਪ ਨਾਲ ਅਗੇ ਵਧ ਸਕਦੀਆਂ ਹਨ । ਇਸ ਤੋਂ ਬਿਨਾਂ ਰੇਲਵੇ ਜਾਂ ਹੋਰ ਕਈ ਮਹਿਕਮਿਆਂ ਵਿਚ ਨੌਕਰੀਆਂ ਵੀ ਸਹਾਇਕ ਹੁੰਦੀਆਂ ਹਨ।

ਨੀਤੂ ਦੇ ਅਨੁਸ਼ਾਸਨ ਨਾਲ ਕੁਝ ਰੇਲਗੱਡੀ ਰੋਹਤਕ ਨਾਲ ਸਮੇ ਅਨਸਾਰ ਹਨ । ਦੋ ਸਾਲ ਤੋਂ ਵੱਧ ਸਮੇਂ ਤੋਂ ਉਹ ਸਵੇਰੇ 3 ਵਜੇ ਉਠਦੀ ਹੈ । ਲੋਕਾਂ ਦੇ ਬਾਹਰ ਅੰਦਰ ਜਾਣ ਤੋਂ ਪਹਿਲਾਂ ਐਕਸਰਸਾਈਜ ਕਰ ਕੇ, ਪੂਰਾ ਪਸ਼ੀਨਾਂ ਕੱਢ ਘਰ ਵਾਪਸ ਆ ਜਾਂਦੀ ਹੈ । ਫਿਰ ਘਰ ਦੇ ਕੰਮ ਕਾਰ ਕਰ ਬੱਚਿਆਂ ਲਈ ਖਾਣ ਪਾਣ ਦਾ ਪ੍ਰਬੰਧ ਕਰਅਭਿਆਸ ਲਈ ਆਪਣੇ ਪਿੰਡ ਬੇਡਵਾ ਤੋਂ ਸ਼ਹਿਰ ਵਿਚ ਬੱਸ ਵਿਚ ਘੰਟੇ, ਡੇਢ ਘੰਟੇ ਦਾ ਸਫਰ ਸਵੇਰੇ ਦੀ ਕਸਰਤ ਲਈ ਆਉਂਦੀ ਹੈ । ਫਿਰ ਦੁਪਹਿਰ ਵਾਪਿਸ ਜਾ ਹੋਰ ਘਰ ਦੇ ਕੰਮ ਕਰਦੀ ਹੈ । ਫਿਰ ਵਾਪਸ ਪਹੁੰਚ ਸ਼ਾਮ ਤਕ ਖੁੱਭ ਮਿਹਨਤ ਕਰਦੀ ਹੈ । ਸਾਰੇ ਕੰਮ ਉਹ ਪੂਰੇ ਨਿਯਮ ਵਿਚ ਰਹਿ ਕੇ ਕਰਦੀ ਹੈ । ਉਹ ਸਮੇਂ ਦੀ ਪੂਰੀ ਪਾਬੰਦ ਹੈ । ਘਰ ਵਿਚ, ਨੀਤੂ ਹੋਮਵਰਕ ਵਿਚ ਆਪਣੇ ਲੜਕਿਆਂ ਨਾਲ ਮਦਦ ਕਰਕੇ ਆਪਣੇ ਬਿਸਤਰੇ 'ਤੇ ਜਾਂਦੀ ਹੈ । ਉਹ ਹੱਸਦੀ ਹੋਈ ਕਹਿੰਦੀ ਹੈ "ਮੈਂ ਪ੍ਰਭਾਵਿਤ ਕਰਨ ਲਈ ਆਪਣੀ ਇਕ ਮਿੱਤਰ ਨੂੰ ਫੋਨ ਕਰਨ ਲਈ ਬਾਹਰ ਨਿਕਲਦੀ ਹਾਂ ਜੋ ਅੰਗਰੇਜੀ ਜਾਣਦੀ ਹੈ ਅਤੇ ਮੈਂ ਇਹ ਦਸਣ ਲਈ ਵਾਪਸ ਆ ਜਾਦੀ ਹਾਂ ਕਿ ਮੈਂ ਵੀ ਜਾਣਦੀ ਹਾਂ। "

ਕੋਚ, ਸਿੰਘ ਦੀ ਸਖਤ ਹਦਾਇ ਨਾਲਜਿਮ ਵਿਚ ਉਹ ਇਕ ਸੰਜੀਦਾ ਹਸਤੀ ਹੈ, " ਨਾਕਾਰਾਤਮਿਕ ਨਾ ਹੋਵੋ" ਅਤੇ ਨੀਤੂ ਨੇ ਗੁਰੂ ਦੀ ਅੱਛੇ ਚੇਲੇ ਦੀ ਤਰਾਂ ਗਲ ਸੁਣੀ ਅਤੇ ਅਮਲ ਕੀਤਾ। ਉਸ ਦੇ ਖੁਸਕ ਹੋਏ ਹੋਂਠ, ਉਲਝਦੇ ਵਾਲ, ਪਸੀਨੇ ਨਾਲ ਭਰੀਆਂ ਵੱਟ ਪਈਆਂ ਟੀ-ਸ਼ਰਟ ਨਾਲ, ਕਿਸੇ ਵੀ ਚੀਜ਼ ਲਈ ਨੀਤੂ ਲਈ ਕੁੱਝ ਵੀ ਗਲਤ ਨਹੀ। ਉਹ ਖੁਦਦਾਰ ਅਤੇ ਬਹੁਤ ਸਮਝਦਾਰ ਲੜਕੀ ਹੈ। ਉਸ ਨੂੰ ਇੱਕ ਉਚਿਤ ਅਥਲੀਟ ਹੋਣ ਦਾ ਕੋਈ ਅਹਿਸਾਸ ਨਹੀਂ ਹੈ । ਪਰ ਉਸ ਦੇ ਅਭਿਆਸ ਸਹਿਭਾਗੀ ਨੂੰ ਮੈਟ ਵਿਚ ਪਿਨਿੰਗ ਕਰਦੇ ਹੋਏ, ਉਸ ਨੂੰ ਆਪਣੇ ਆਪ ਨੂੰ ਉਸ ਤੋਂ ਦੂਜੀ ਲੜਕੀ ਨਾਲ ਬੜੀ ਸੰਜੀਦਗੀ ਨਾਲ ਮਿਹਨਤ ਕਰਦੇ ਦੇਖਿਆ ਜਾਂਦਾ ਹੈ ।

ਕੋਚ ਸਿੰਘ ਦਾ ਕਹਿਣਾ ਹੈ ਕਿ ਉਹ ਇਕ ਦਿਸ਼ਾ ਵੱਲ ਸੇਧ ਲੈਂਦੀ ਹੈ ।ਸਿੰਘ ਨੇ ਕਿਹਾ ਕਿ ਉਹ, ਉਸ ਦੀ ਇੱਛਾ ਸ਼ਕਤੀ ਕਾਰਨ ਸਭ ਤੋਂਵੱਖਰੀ ਕਿਸਮ ਦੀ ਹੈ। ਉਸ ਦਾ ਵਿਆਹੀ ਹੋਣਾ ਅਤੇ ਛੋਟੇ ਬੱਚਿਆਂ ਦੀ ਮਾਂ ਹੋਣਾਂ, ਗਰੀਬ ਜਿਹਾ ਪਿਛੋਕੜ ਹੋਣ ਉਤੇ ਵੀ, ਇੱਥੇ ਆਉਣ ਲਈ ਉਸ ਦੀ ਇਕ ਬਹੁਤ ਵੱਡੀ ਪ੍ਰਾਪਤੀ ਹੈ। "ਸਿਖਲਾਈ ਦੌਰਾਨ, ਉਹ ਇਕ ਮਿੰਟ ਲਈ ਇਕ ਬ੍ਰੇਕ ਵੀ ਨਹੀਂ ਲੈਂਦੀ । ਉਹ ਕੁਝ ਬਣਨ ਦਾ ਪੱਕਾ ਇਰਾਦਾ ਰਖਦੀ ਹੈ।"

ਨੀਤੂ ਹੁਣ ਜਿਮ ਦੇ ਨੇੜੇ ਇਕ ਛੋਟੇ ਜਿਹੇ ਕਮਰੇ ਵਿਚ ਰਹਿੰਦੀ ਹੈ, ਆਪਣੇ ਪਿੰਡ ਤੋਂ ਲੰਬੇ ਸਫ਼ਰ ਕਰਕੇ ਆਪਣੇ ਆਪਣਾ ਪੂਰਾ ਵਰਕ ਨਹੀਂ ਕਰ ਪਾਉਂਦੀ ।ਇਸ ਸਰਦੀਆਂ ਵਿੱਚ ਉਹ ਆਪਣਿਆਂ ਕੰਮਾਂ ਦੀ ਸੂਚੀ ਵਿਚ ਐਕਟਿੰਗ ਨੂੰ ਸਾਮਲ ਕਰ ਲਿਆ ਸੀ। ਉਸ ਨੇ ਇਕ ਐਕਟ ਵੱਜੋਂ ਭਾਰਤੀ ਪਹਿਲਵਾਨੀ ਨੇ ਆਪਣੀ ਧੀਆਂ ਨੂੰ ਖੇਡ ਸਿਖਾਉਣ ਬਦਲੇ ਕੁੱਝ ਪੈਸਾ ਦਿਤਾ, ਜਿਸ ਨਾਲ ਉਸ ਨੇ ਕਿਰਾਏ ਦਾ ਭੁਗਤਾਨ ਕਰਨ ਲਈ ਪੈਸੇ ਦੀ ਵਰਤੋਂ ਕੀਤੀ । ਇੱਕ ਸ਼ਕਤੀਸ਼ਾਲੀ ਤੌਰ 'ਤੇ ਬਣਾਏ ਗਏ ਔਰਤ ਦੀ ਤਲਾਸ਼ੀ ਲਈ ਫਿਲਮ ਸਕੌਟਸ ਲੁਕਿੰਗ ਵਿਚ ਹਾਲ ਹੀ ਵਿੱਚ ਕੌਮੀ ਚੈਂਪੀਅਨਸ਼ਿਪ' ਤੇ ਉਸ ਨੂੰ ਦੇਖਾਇਆ।

ਉਸ ਦੇ ਨਿਮਾਣੇ ਜਿਹੇ ਕੁਆਰਟਰ ਵਿਚ, ਨੀਤੂ ਹੁਣ ਸਿਹਿਤ ਸੁਧਾਰ ਲਈਦੁੱਧ ਅਤੇ ਅੰਡੇ, ਉਸ ਦੀ ਖ਼ੁਰਾਕ ਵਿਚ ਸਾਮਿਲ ਹਨ ਜੋ ਪ੍ਰੋਟੀਨ ਦੇ ਕੁੱਝ ਸਰੋਤਾਂ ਵਿਚੋਂ ਇਕ ਹੈ ।ਨਵੇਂ ਜੀਵਣ ਪ੍ਰਬੰਧ ਦਾ ਮਤਲਬ ਹੈ ਕਿ ਉਹ ਕੇਵਲ ਆਪਣੇ ਜੁੜਵਾਂ ਪੁੱਤਰਾਂ ਨੂੰ ਹਫਤੇ ਵਿਚ ਇਕ ਵਾਰੀ ਸਿਰਫ ਸ਼ਨੀਵਾਰ ਤੇ ਵੇਖ ਸਕਦੀ ਹੈ। ਉਹ ਦੱਸਦੀ ਹੈ ਕਿ ਉਸਦਾ ਪਿਤਾ, ਉਸਦਾ ਦੂਜਾ ਪਤੀ, ਇੱਕ ਮੁਕਤੀਦਾਤਾ ਹਨ। "ਉਸਨੇ ਮੈਨੂੰ ਇੱਕ ਨਵਾਂ ਜੀਵਨ ਦਿੱਤਾ ਹੈ ਅਤੇ ਉਸਨੇ ਮੈਨੂੰ ਨਰਕ ਤੋਂ ਬਾਹਰ ਕੱਢ ਲਿਆ ਅਤੇ ਮੈਨੂੰ ਸਵਰਗ ਵਿੱਚ ਲੈ ਆਂਦਾ । ਉਹਨਾਂ ਦੇ ਕਾਰਨ ਮੈਂ ਰੈਸ਼ਲਿੰਗ ਕਰ ਸਕਦੀ ਹਾਂ । ਮੈਂ ਦੂਰ ਹਾਂ ਅਤੇ ਸਾਡੇ ਕੋਲ ਇੱਕ ਆਮ ਪਤੀ-ਪਤਨੀ ਦਾ ਰਿਸ਼ਤਾ ਨਹੀਂ ਹੈ । ਮੇਰੇ ਪਤੀ ਦੀ ਵੱਡੀ ਕੁਰਬਾਨੀ ਹੈ, "ਨੀਤੂ ਕਹਿੰਦੀ ਹੈ ।

ਉਹ ਹਮੇਸ਼ਾ ਸਹਿਯੋਗੀ ਨਹੀਂ ਸਨ । ਜਦੋਂ ਉਸਨੇ ਪਹਿਲੀ ਵਾਰ ਆਪਣੇ ਸੁਪਨੇ ਬਾਰੇ ਦਸਿਆ ਅਤੇ ਕੁਸਤੀ ਕਰਨ ਲਈ ਕਿਹਾ, ਪਤੀ ਸੰਜੇ ਕੁਮਾਰ ਨੇ ਇਸ-ਨੂੰ "ਪਾਗਲਪਣ" ਕਿਹਾ। ਨੀਤੂ ਦਾ ਉਸ ਸਮੇ175 ਪੌਂਡ ਭਾਰ ਸੀ ।ਪਰ ਉਸਨੇ 60 ਪੌਂਡ ਘਟਾਇਆ। ਉਸਨੇ ਆਪਣੇ ਪਰਮੇਸ਼ੁਰ ਦੁਆਰਾ ਦਿੱਤੇ ਪ੍ਰਤਿਭਾਵਾਂ ਦਾ ਪਿੱਛਾ ਕਰਨ ਦੇ ਬਾਰੇ ਵਿੱਚ ਕੋਈ ਰੁਕਾਵਟ ਹੋਵੇ ।ਪਤੀ ਸੰਜੇ ਨੇ ਨੈਤਿਕ ਸਮਰਥਨ ਦਿੱਤਾ। ਜਦੋਂ ਦੁੱਧ ਵੇਚਣ ਵਾਲਾ ਉਸਦਾ ਕਾਰੋਬਾਰ ਜਦੋਂ ਫੇਲ ਹੋਇਆ, ਉਸ ਨੇ ਘਰ-ਪਤੀ ਦੇ ਤੌਰ ਤੇ ਇਕ ਨਵੀਂ ਭੂਮਿਕਾ ਨੂੰ ਐਡਜਸਟ ਕੀਤਾ । ਉਹ ਕਹਿੰਦਾ ਹੈ ਕਿ, "ਮੈਂ ਉਸਨੂੰ ਦੇਖ ਕੇ ਘਰ ਦਾ ਕੰਮ ਕਰਨਾ ਸਿੱਖ ਲਿਆ।"

ਉਹ ਕਹਿੰਦਾ ਹੈ, "ਮਿਹਨਤ ਅਤੇ ਕੰਮ ਸਾਰਾ ਨੀਤੂ ਦਾ ਹੈ।" ਮੈਂ ਤਾਂ ਕੇਵਲ ਉਸ ਨੂੰ ਉਤਸ਼ਾਹਿਤ ਕੀਤਾ ਹੈ, ਅਤੇ ਮੈਂ ਉਸ ਨਾਲ ਪੂਰੀ ਤਰ੍ਹਾਂ ਹਾਂ । "ਨੀਤੂ" ਇਸ ਤਰ੍ਹਾਂ ਦੀ ਲੜਕੀ ਨਹੀਂ ਹੈ । ਫਿਰ ਵੀ, ਸੰਜੇ ਨੂੰ ਇਕ ਚਿਤਾਵਨੀ ਸੀ, "ਜੇ ਤੁਸੀਂ ਸ਼ੁਰੂ ਕਰਦੇ ਹੋ ਤਾਂ ਤੁਹਾਨੂੰ ਸਫਲਤਾ ਹਾਸਲ ਕਰਨੀ ਹੀ ਪਵੇਗੀ, ਜਾਂ ਸਾਨੂੰ ਬੁਰਾ ਨਾਂ ਮਿਲੇਗਾ।"ਇੰਡੀਅਨ ਨੈਸ਼ਨਲ ਵਾਲੀਬਾਲ ਟੀਮ ਦੀ ਸਾਬਕਾ ਮੈਂਬਰ ਜਗਮਾਟੀ ਸਾਂਗਵਾਨ ਨੇ ਕਿਹਾ ਕਿ ਖਰਾਬ ਨਾਮ ਪ੍ਰਾਪਤ ਕਰਨ ਦੇ ਡਰ ਨੂੰ ਅਕਸਰ ਸੁਤੰਤਰ ਵਿਚਾਰਾਂ ਵਾਲੇ ਔਰਤਾਂ ਨੂੰ ਡਰਾਉਣ ਲਈ ਵਰਤਿਆ ਜਾਂਦਾ ਹੈ। ਉਹ ਹੁਣ ਆਲ ਇੰਡੀਆ ਡੈਮੋਕ੍ਰੇਟਿਕ ਵਿਮੈਨ ਐਸੋਸੀਏਸ਼ਨ ਦੀ ਅਗਵਾਈ ਕਰਦੀ ਹੈ ਅਤੇ, ਨੀਤੂ ਵਾਂਗ, ਹਰਿਆਣਾ ਤੋਂ ਹੈ। ਸਾਂਗਵਾਨ ਨੇ ਆਪਣੇ ਗ੍ਰਹਿ ਰਾਜ ਨੂੰ "ਮੁੱਖ ਤੌਰ ਤੇ ਜਗੀਰੂ, ਪਿੱਤਰ ਸਤ੍ਹਾਤਮਕ ਸਮਾਜ," ਖਾਸ ਤੌਰ 'ਤੇ ਮਾਧਿਅਮ ਐਥਲੀਟਾਂ ਲਈ ਸਖ਼ਤ ਚੁਣੌਤੀ ਭਰਿਆ ਰਿਹਾ ਹੈ।

ਗਰੀਬੀ ਦਾ ਹਾਲਾਤ ਸਬੰਧੀ ਉਹ ਦੱਸਦੀ ਹੈ ਕਿ ਅਗਰ ਘਰ ਵਿਚ ਕਣਕ ਹੁੰਦੀ ਹੈ ਤਾਂ ਉਸ ਨੂੰ ਪਿਸਵਾਉਣ ਲਈ ਪੈਸੇ ਨਹੀਂ ਹੁੰਦੇ । ਜਦੋਂ ਉਹ ਰ੍ਰੈਕਟਿਸ ਲਈ ਜਾਂਦੀ ਤਾਂ ਉਹ ਦੇਖਦੀ ਕਿ ਲੜਕੀਆਂ ਜੂਸ਼, ਪਨੀਰ ਐਸੈ ਐਸਾ ਖਾਂਦੀਆਂ, ਸ ਸਮੇ ਮੈਨੂੰ ਪਾਣਬ ਪੀਕੇ ਸੰਤੋਸ਼ ਕਰਕੇ ਰਹਿਣ ਪੈਂਦਾ । ਮੈਂ ਸੋਚਦੀ ਯਾਰ ਕੁੱਝ ਨਹੀ ਇਹ ਸਾਰਾ ਦਿਮਾਗੀ ਸੋਚ ਤੇ ਹੀ ਹੈ । ਮੋਡਲ ਜਿਤਣ ਤੋਂ ਬਾਅਦ ਜਦੋ ਉਹ ਟ੍ਰੇਨ ਤੋਂ ਉਤਰੀ, ਹਾਰ ਪਹਿਨਾਏ ਗਏ, ਭੀੜ ਉਸਨੂੰ ਲੈਣ ਆਈ, ਬਹੁਤ ਵਧੀਆ ਸਵਾਗਤ ਕੀਤਾ ਗਿਆ, ਪੈਸੇ ਦਿਤੇ ਮਾਣ ਸਤਿਕਾਰ ਕੀਤਾ ਗਿਆ ।" ਮਾਨਸਿਕਤਾ ਇਹ ਹੈ ਕਿ ਜੇ ਔਰਤਾਂ ਖੇਡਾਂ ਵਿਚ ਹਿੱਸਾ ਲੈਣਗੀਆਂ ਤਾਂ ਉਹ ਵੱਧ ਤੋਂ ਵੱਧ ਭਰ ਜਾਣਗੀਆਂ," ਉਹ ਦੱਸਦੀ ਹੈ ਅਤੇ ਫਿਰ ਮਰਦ ਡਰਦੇ ਹਨ ਕਿ ਉਹ ਇਨ੍ਹਾਂ ਔਰਤਾਂ ਉੱਤੇ ਆਪਣਾ ਕੰਟਰੋਲ ਗੁਆ ਦੇਣਗੇ । ਇਕ ਹੁਣ ਬਾਲ ਨਹੀਂ ਰਹੀ, ਨੀਤੂ ਹੁਣ21 ਸਾਲ ਦੀ ਹੈ। ਇਕ ਖਿਡਾਰੀ ਨੇ ਇਕ ਵਾਰ ਕਥਿਤ ਤੌਰ 'ਤੇ ਕਥਿਤ ਤੌਰ' ਤੇ ਉਸ ਦਾ ਵੱਡਾ ਹੋਣ ਦਾ ਦੋਸ਼ ਵੀ ਲਗਾਇਆ ਪਰ ਉਸ ਦਾ ਪਾਸਪੋਰਟ ਕਹਿੰਦਾ ਹੈ ਕਿ ਉਹ 20 ਸਾਲ ਦੀ ਹੈ ।ਜਨਮ ਦੇ ਰਿਕਾਰਡ ਗੈਰ-ਮੌਜੂਦਗੀ ਅੱਜ ਦੇ ਸਮੇ ਵਿਚ ਅਕਸਰ ਇਸ ਗੱਲ ਦਾ ਉਲਝਣ ਹੁੰਦਾ ਹੈ ਕਿ ਭਾਰਤ ਵਿਚ ਕਿੰਨੇ ਪਛੜੇ ਲੋਕ ਹਨ ।

ਇੱਕ ਐਤਵਾਰ ਨੂੰ, ਆਪਣੇ ਪਿੰਡ ਵਿੱਚ ਵਾਪਸ ਘਰ ਆਉਂਦੀ ਹੈ, ਨੀਤੂ ਆਪਣੇ ਖੇਡਿਆਂ ਵਿੱਚ ਆਪਣੇ ਬੇਟੇ ਨਾਲ ਘੁਲਦੀ, ਇੱਕ ਸਖਤ ਅਤੇ ਪਥਰੀਲੀ ਜਮੀਨ, ਉਸਦੇ ਮਾਹੌਲ ਵਿਚ ਕੁਝ ਵੀ ਨਹੀਂ ਜੋ ਉਸ ਨੂੰ ਐਥਲੈਟਿਕ ਦੀ ਉਚਤਾ ਵੱਲ ਲੈਂ ਜਾਂਦਾ ਹੈ।

ਉਸ ਦੇ ਪਿੰਡ ਦੀਆਂ ਸੜਕਾਂ ਦੇ ਖੁੱਲ੍ਹੇ ਸੀਵਰ ਹਨ । ਪਿੰਡਾਂ ਦੇ ਘਰਾਂ ਤੋਂ ਪਸ਼ੂ ਨਾਲ ਘੋਲ, ਪੌਦਿਆ ਤੋ ਚੜ੍ਹਨਾ, ਬਹੁਤ ਸ਼ਖਤ ਮਹੌਲ ਨੇ ਅਤੇ ਅਸਲੀਅਤ ਉਸ ਦੇ ਸੁਪਨੇ ਨੇ ਉਹਨਾਂ ਨੂੰ ਇੱਕ ਵਿਸ਼ਵ-ਪੱਧਰ ਦਾ ਅਥਲੀਟ ਬਣਾ ਦਿੰਦਾ ਹੈ। ਇਹ ਐਨਾ ਸਧਾਰਨ ਜਾਪਦਾ ਹੈ । ਤੰਗ ਨਜ਼ਰੀ ਕੰਪੀਟੀਸ਼ਨ ਨੂੰ ਪਹਾੜ ਦੀ ਸਿਧੀ ਚੜਾਈ ਬਣਾ ਦਿੰਦਾ ਹੈ ।

ਉੱਥੇ ਨਾਂ-ਵਿਸ਼ਵਿਸ ਸੀ "ਕੀ ਉਹ ਸੱਚਮੁੱਚ ਇੱਕ ਜਿਮ ਵਿੱਚ ਹੈ?" ਗਪ-ਸ਼ਪ ਵਿਚ ਗੁਆਂਢੀਆਂ ਨੇ ਪੁੱਛਿਆ "ਤੁਸੀਂ ਚੂੜੀਆਂ ਨਹੀਂ ਪਹਿਨਦੇ" ਅਤੇ ਨਾਂ ਹੀ ਪਰੰਪਰਾਗਤ ਪਹਿਰਾਵਾ, ਪਿੰਡ ਵਾਲਿਆਂ ਨੇ ਪੁੱਛਿਆ ।ਉਸ ਨੇ ਕਿਹਾ ਉਹ ਟ੍ਰੈਕਸੂਟ ਪਹਿਨਦੀ ਹੈ, ਮੈਂ ਇਸ ਦਾ ਕਦੀ ਮੁੜਕੇ ਜਵਾਬ ਨਹੀਂ ਦਿਤਾ । ਨੀਤੂ ਨੇ ਕਿਹਾ, "ਮੈਂ ਇਸ ਗੱਲ ਦਾ ਜਵਾਬ ਦਿੱਤਾ, ਜੋ ਲੋਕੀ ਕਹਿੰਦੇ ਕਿ ਚਮਾਰਾਂ ਨੇ ਵੀ ਕਦੀ ਪਹਿਲਵਾਨੀ ਕੀਤੀ ਹੈ । "ਅਖੀਰ, ਪਿੰਡ ਮੇਰੇ ਆਲੇ-ਦੁਆਲੇ ਆ ਗਿਆ, ਇੱਕ ਵਾਰ ਜਦੋ ਉਸ ਨੇ ਜਿੱਤਣ ਦੀਆਂ ਘਟਨਾਵਾਂ ਸ਼ੁਰੂ ਕੀਤੀਆਂ । "ਜਿਨ੍ਹਾਂ ਲੋਕਾਂ ਨੇ ਮੈਨੂੰ ਗਲਤ ਅਤੇ ਬੁਰਾ-ਭਲਾ ਕਿਹਾ, ਉਨ੍ਹਾਂ ਨੇ ਕਿਹਾ, ਸਾਡੀ ਲੜਕੀ ਨੂੰ ਕੁਸ਼ਤੀ ਕਰਨਾ ਸਿਖਾਓ ਦਿਓ, ਉਸਨੂੰ ਆਪਣੇ ਵਰਗਾ ਬਣਾਓ ਦਿਓ। "

ਭਾਰਤ ਦੇ 35 ਵੇਂ ਰਾਸ਼ਟਰੀ ਖੇਡਾਂ ਦੇ ਦੌਰਾਨ, ਉਸ ਨੇ ਆਪਣੇ ਪਹਿਲੇ ਕੌਮੀ ਤਗਮੇ ਤੋਂ ਸ਼ੁਰੂ ਕਰਕੇ 53 ਕਿਲੋਗ੍ਰਾਮ (116 ਪਾਉਂਡ) ਵਰਗ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਸੀ। ਆਖਰੀ ਗਰਮੀਆਂ ਵਿੱਚ ਉਹ ਭਾਰਤੀ ਮਹਿਲਾ ਟੀਮ ਵਿੱਚ ਸ਼ਾਮਲ ਹੋ ਗਈ ਜੋ ਬਰਾਜ਼ੀਲ ਵਿੱਚ ਜੂਨੀਅਰ ਵਰਲਡ ਚੈਂਪੀਅਨਸ਼ਿਪ ਲਈ ਮੁਕਾਬਲਾ ਕਰ ਰਹੀ ਸੀ ।ਪਰ ਨੀਤੂ ਨੇ ਪੇਂਡੂ ਪਰੰਪਰਾਵਾਂ ਨੂੰ ਰਿਆਇਤਾਂ ਦਿੱਤੀਆਂ, ਜਿਹੜੀਆਂ ਉਸ ਦੇ ਸਿਰ ਨੂੰ ਨਿਮਰਤਾ ਦੀ ਨਿਸ਼ਾਨੀ ਵਜੋਂ ਜਨਤਕ ਤੌਰ 'ਤੇ ਢਕ ਰਖਦੀ ਹੈ, ਭਾਵ ਇਸਦਾ ਅਰਥ ਹੈ ਕਿ ਉਸ ਦਾ ਜੈਕਟ ਉਸ ਦੇ ਸਿਰ ਉੱਤੇ ਸੁੱਟਣਾ ਹੈ ।ਇਕ 45 ਸਾਲਾ ਪਿੰਡ ਵਾਸੀ ਬਾਲਕੇਸ਼ ਅਹਿਲਾਵਾ ਨੇ ਟਿੱਪਣੀ ਕੀਤੀ, "ਉਹ ਹਰ ਚੀਜ਼ ਬਦਲ ਗਈ ਹੈ! ਹਰ ਕੋਈ ਵਿਸ਼ਵਾਸ ਕਰਦਾ ਹੈ ਕਿ ਇਕ ਕੁੜੀ ਹੁਣ ਕਹਿ ਸਕਦੀ ਹੈ- 'ਮੈਂ ਕੁਝ ਕਰਨਾ ਚਾਹੁੰਦਾ ਹਾਂ।"

1929 ਤੋਂ ਭਾਰਤ ਵਿਚ ਬਾਲ ਵਿਆਹ ਗ਼ੈਰ-ਕਾਨੂੰਨੀ ਹੈ, ਹਾਲਾਂਕਿ ਪਰਿਭਾਸ਼ਾਵਾਂ ਦੀ ਭਿੰਨਤਾ ਹੈ. 1978 ਵਿਚ ਲੜਕੇ ਦੀ ਕਾਨੂੰਨੀ ਉਮਰ 15 ਤੋਂ 18 ਲੜਕਿਆਂ ਅਤੇ ਲੜਕਿਆਂ ਲਈ 18 ਤੋਂ 21 ਤਕ ਵਧਾਈ ਗਈ ਸੀ, ਜਿੱਥੇ ਇਹ ਅੱਜ ਖੜ੍ਹਾ ਹੈ, ਅਤੇ 2006 ਵਿਚ ਪ੍ਰਹਿਬਸ਼ਨ ਆਫ਼ ਚਾਈਲਡ ਮੈਰਿਜ ਐਕਟ ਨੇ ਅਜਿਹੇ ਬਾਲਗ ਪੁਰਸ਼ਾਂ ਲਈ ਦੰਡ ਵਾਧਾ ਦਿੱਤਾ ਹੈ ਜੋ ਨਾਬਾਲਗ ਕੁੜੀਆਂ ਨਾਲ ਵਿਆਹ ਕਰਾਉਂਦੇ ਹਨ ਜਾਂ ਲਾੜੇ ਜਾਂ ਲਾੜੀ ਵਿਚ ਨਾਬਾਲਗ ਹੋਣ ਵਾਲੇ ਵਿਆਹ ਨੂੰ ਗੈਰ ਕਾਨੂੰਨੀ ਕਰਾਰ ਦਿੰਦਾ ਹੈ, ਫਿਰ ਕੋਣਪਰਮਿਟ ਕਰਦਾ ਹੈ ਜਾਂ ਉਸ ਨੂੰ ਪ੍ਰਵਾਨ ਕਰਦਾ ਹੈ।

ਆਪਣੇ ਪਿੰਡ ਵਿੱਚ ਰੂੜੀਵਾਦੀ ਪਰੰਪਰਾ ਨੂੰ ਚੁੱਕਣ ਤੋਂ ਬਾਅਦ, ਨੀਤੂ ਚੁੱਪਚਾਪ ਦੂਜਿਆਂ ਵਿੱਚ ਜਾਗਰੂਕਤਾ ਵਧਾਉਂਦਾ ਹੈ ਕੁੜੀਆਂ ਦੇ ਸਕੂਲ ਵਿਚ, ਜਿੱਥੇ ਵਿਦਿਆਰਥੀ ਰਵਾਇਤੀ ਪਰਵਾਰਾਂ ਵਿਚ ਲੜਕੀਆਂ ਦੇ ਵਿਰੁੱਧ ਵਿਤਕਰੇ ਬਾਰੇ ਗਾਣਿਆਂ ਅਤੇ ਨਾਟਕਾਂ ਦਾ ਸਵਾਗਤ ਕਰਦੇ ਹਨ, ਨੀਤੂ ਹਰ ਨੁਕਸਾਨ ਦੇ ਬਾਵਜੂਦ ਉਨ੍ਹਾਂ ਦਾ ਯਤਨ ਕਰਦੀ ਆਪਣੀ ਕਹਾਣੀ ਸਣਾਈ। ਉਹ ਆਪਣੀ ਜਿੰਦਗੀ ਦੇ ਦਰਦਨਾਕ ਪਲਾਂ ਨੂੰ ਸਾਂਝਾ ਕਰਨ ਤੋਂ ਜਰਾ ਵੀ ਨਹੀ ਹਿਚਕਚਾਉਂਦੀ ਅਤੇ ਉਹ ਰੋ ਪੈਂਦੀ ਹੈ, ਪਰ ਉਸ ਦੀ ਆਪਣੀ ਤਰੱਕੀ ਤੋਂ ਜ਼ਰਾਵੀ ਜਾਪਦਾ ਹੈ । ਇਕ ਲੜਕੀ ਜਿਸ ਨੇ ਆਪਣੇ ਬੱਸ ਕਿਰਾਏ ਦਾ ਭੁਗਤਾਨਕਰਨ ਲਈ ਖੇਤਾਂ ਵਿਚ ਜਾ ਕਪਾਹ ਦੀ ਚੋਣ ਕੀਤੀ "ਮੁਕਾਬਲੇ ਲਈ ਬ੍ਰਾਜ਼ੀਲ ਵਿਚ ਜਾਣ ਲਈ ਪਹਿਲੀ ਵਾਰ ਕਿਸੇ ਜਹਾਜ਼ ਨੂੰ ਸਫਰ ਕਰਨਾਂ ।"ਉਹ ਲੜਕੀਆਂ ਨੂੰ ਸਕੂਲ ਜਾਂਦੇ ਰਹਿਣ ਅਤੇ ਵੱਡੇ ਸੁਪਨੇ ਦੇਖਣ ਲਈ ਕਹਿੰਦੀ ਹੈ।

ਆਪਣੇ ਤੌਰ ਤੇ, ਨੀਤੂ ਟੋਕੀਓ ਅਤੇ 2020 ਦੀਆਂ ਓਲੰਪਿਕ ਖੇਡਾਂ 'ਤੇ ਨਜ਼ਰ ਰੱਖ ਰਹੀ ਹੈ । ਉਹ ਆਪਣੇ ਨਸ਼ਲਾਂ ਉਤੇ ਭਰੋਸਾ ਕਰਦੀ ਜਿਤ ਦੇ ਪੱਕੇ ਇਰਾਦਿਆਂ ਨਾਲ, ਉਹ ਐਲਾਨ ਕਰਦੀ ਹੈ, "ਮੈਂ ਉੱਥੇ ਜਾਵਾਂਗਾ. ਮੈਂ 21 ਸਾਲ ਦਾ ਹਾਂ, ਅਤੇ ਚਾਰ ਸਾਲ ਪਹਿਲਾਂ ਸਿਲਵਰ ਮੈਡਲਿਸਟ 34 ਸਾਲਾਂ ਦੀ ਇਕ ਮਾਂ ਨੇ ਜਿਤਿਆ ਸੀ ।"ਉਹ ਕਹਿੰਦੀ ਹੈ," ਮੈਨੂੰ ਵਿਸ਼ਵਾਸ ਹੈ । ਮੈਂ ਇਹ ਕਰ ਸਕਦੀ ਹਾਂ, ਮੈਂ ਪੱਕਾ ਇਹ ਕਰ ਸਕਦੀ ਹਾਂ।"


ਆਰਥਿਕ ਮੁਸੀਬਤਾਂ ਅਤੇ ਸਮਾਜਿਕ ਕਲੰਕ ਦੇ ਬਾਵਜੂਦ, 21 ਸਾਲਾ ਸਰਕਾਰ ਇੱਕ ਅੰਤਰਰਾਸ਼ਟਰੀ ਪੱਧਰ ਦੇ ਪਹਿਲਵਾਨ ਹੈ ਜੋ ਕਿ ਪਿੰਡ ਬਾੜਵਾ ਜਾਂ ਰੋਹਤਕ, ਹੀ ਨਹੀ ਹਰਿਆਣਾ ਦੀ ਨਇਕਾ ਹੈ । ਉਸਨੇ ਇਸ ਸਾਲ ਭਾਰਤੀ ਰਾਸ਼ਟਰੀ ਖੇਡਾਂ ਵਿਚ ਚਾਂਦੀ ਦਾ ਤਮਗਾ ਜਿੱਤਿਆ ਅਤੇ ਅਗਸਤ ਵਿਚ ਬ੍ਰਾਜ਼ੀਲ ਵਿਚ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿਚ ਭਾਰਤ ਦੀ ਨੁਮਾਇੰਦਗੀ ਕੀਤੀ ।

ਜਿੰਦਗੀ ਵਿਚ ਝੱਖੜਾ, ਤੁਫਾਨਾਂ ਅਤੇ ਔਕੜਾਂ ਦਾ ਸਾਹਮਣਾ ਕਰਦੇ ਕੁੱਝ ਲੋਕੀ ਜੋ ਢਹਿੰਦੀਆਂ ਕਲਾਂ ਵਿਚ ਚਲੇ ਜਾਂਦੇ ਹਨ, ਉਹ ਉਠ ਖੜੇ ਹੋਣ, ਜੋ ਲੋਕ ਆਪਣੀਆਂ ਅਸਫਲਤਾਵਾਂ ਨੂੰ ਆਰਥਿਕ, ਸਮਾਜਿਕ ਅਤੇ ਜਾਤੀਵਾਦੀ ਵਿਵਸਥਾ ਦੇ ਸ਼ਿਕਾਰ ਹੋਣ ਦੇ ਦੋਸ਼ ਨੂੰ ਦਸਦੇ ਹਨ।

ਅੱਜ ਕੱਲ ਹਰ ਵਿਆਕਤੀ ਉਤੇ ਕਿਸੇ ਨਾਂ ਕਿਸੇ ਤਰਾਂ ਦੇ ਤਣਾ ਅਤੇ ਦਬਾਅ ਵਿਚ ਹੈ। ਉਹ ਹਾਰੇ ਹੋਏ ਲੋਕ ਜੋ ਆਪਣੀਆਂ ਕੋਸ਼ਿਸਾਂ ਛੱਡ ਦਿੰਦੇ ਹਨ, ਉਹਨਾਂ ਅੰਦਰ ਉੱਠ ਖੜੇ ਹੋਣ ਦਾ ਜਜ਼ਬਾ ਭਰਨ ਦੀ ਕੋਸ਼ਿਸ਼ ਹੁੰਦੀ ਹੈ। ਇਹ ਕਰ ਸਕਣ ਵਿਚ ਕੁੱਝ ਕੁ ਕਾਮਯਾਬ ਹੋ ਜਾਵਾਂ, ਤਾਂ ਉਹਨਾਂ ਦੁਬਾਰਾ ਕੋਸ਼ਿਸ਼ ਕਰਨ ਵਾਲਿਆਂ ਦਾ ਸ਼ੁਕਰ ਗੁਜਾਰ ਹੋਵਾਂਗਾ ਕਿ ਉਸ ਅੰਦਰ ਕੋਈ ਆਸ ਕਿਰਨ ਜਾਗੀ ਹੈ ਕਿ ਉਹਨਾਂ ਕੋਲ ਹਾਲੇ ਵੀ ਬਹੁਤ ਕੁੱਝ ਹੈ ਅਤੇ ਜਰੂਰ ਹੀ ਕੁੱਝ ਕਰ ਸਕਦੇ ਹਨ। ਇਕ ਵਾਰ ਫੇਰ ਤੋਂ ਇਸ ਮਹਾਨ ਫਾਈਟਰ ਨੂੰ ਸਲਿਊਟ ਹੈ ।

# ਆਜ਼ਾਦ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਆਜ਼ਾਦ

ਮਹਾਨ ਅਜ਼ਾਦੀ ਘੁਲਾਟੀਏ ਅਤੇ ਆਜ਼ਾਦ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਆਜ਼ਾਦ ਦਾ ਜਨਮ 11 ਨਵੰਬਰ 1888 ਨੂੰ ਮੱਕਾ (ਸਾਊਦੀ ਅਰਬ) ਵਿਖੇ ਮਾਤਾ ਸ਼ੇਖਾ ਆਲੀਆ ਦੀ ਕੁੱਖੋਂ ਅਤੇ ਪਿਤਾ ਸੇ ਮੁਹੰਮਦ ਖਾਰ-ਉਦ-ਦੀਨ ਦੇ ਘਰ ਹੋਇਆ। ਉਨ੍ਹਾਂ ਦਾ ਪੂਰਾ ਨਾਂ ਮੌਲਾਨਾ ਸਈ ਅਦਅਬੁਲ ਕਲਾਮ ਮਹੀ-ਉਦ-ਦੀਨ ਅਹਿਮਦ ਸੀ, ਪਰ ਉਹਨਾਂ ਨੂੰ ਸਾਰੇ ਆਜ਼ਾਦ ਨਾਂ ਨਾਲ ਹੀ ਬੁਲਾਉਂਦੇ ਸਨ। ਬਚਪਨ ਵਿੱਚ ਹੀ ਉਹਨਾਂ ਦਾ ਪਰਿਵਾਰ ਕਲਕੱਤੇ ਆਗਿਆ ਸੀ। ਉਹਨਾਂ ਦੀ ਪੜਾਈ ਉਹਨਾਂ ਦੇ ਪਿਤਾ ਜੀ ਨੇ ਘਰ ਵਿੱਚ ਹੀ ਕਰਵਾਈ। ਛੋਟੀ ਉਮਰ ਵਿੱਚ ਹੀ ਉਹ ਉਰਦੂ, ਅਰਬੀ ਅਤੇ ਫਾਰਸੀ ਭਾਸ਼ਾਵਾਂ ਦੇ ਮਾਹਰ ਬਣ ਗਏ। 16 ਕੁ ਸਾਲ ਦੀ ਉਮਰ ਵਿੱਚ ਮੌਲਾਨਾ ਆਜ਼ਾਦ ਇਰਾਕ, ਸੀਰੀਆ, ਅਤੇ ਮਿਸਰ ਆਦਿ ਮੁਸਲਿਮ ਦੇਸਾਂ ਵਿੱਚ ਗਏ। ਜਮਾਲ-ਉਲ-ਦੀਨ ਅਫਗਾਨੀ ਦੇ ਵਿਚਾਰਾ ਤੋ ਮੌਲਾਨਾ ਆਜ਼ਾਦ ਬਹੁਤ ਪ੍ਰਭਾਵਿਤ ਹੋਏ, ਜਿਹਨਾਂ ਨੇ ਦੇਸ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋ ਮੁਕਤ ਕਰਵਾਉਣ ਲਈ ਇਸਲਾਮਿਕ ਲਹਿਰ ਚਲਾਈ ਹੋਈ ਸੀ। ਇਹ ਸਭ ਕੁਝ ਦੇਖ, ਸੁਣ ਕੇ ਮੌਲਾਨਾ ਆਜ਼ਾਦ ਨੇ ਆਜ਼ਾਦੀ ਦੀ ਲਹਿਰ ਚ' ਹਿੱਸਾ ਲੈਣ ਦਾ ਦ੍ਰਿੜ੍ਹ ਸੰਕਲਪ ਕੀਤਾ। ਉਨ੍ਹਾਂ ਲਿਸਾਨ-ਅਸ-ਅਜਾਦ ਸਿਦਕ ਨਾਂ ਦੀ ਪੱਤ੍ਰਿਕਾ ਪ੍ਰਕਾਸ਼ਿਤ ਕੀਤੀ। ਜਿਸ ਦੇ ਵਿਚਾਰਾ ਨੇ ਭਾਰਤ ਦੇ ਵਿਦਵਾਨਾਂ ਨੂੰ ਬਹੁਤ ਪ੍ਰਭਾਵਿਤ ਕੀਤਾ।1912 ਵਿੱਚ ਇਨ੍ਹਾਂ ਨੇ ਇੱਕ ਹਫਤਾ ਵਾਰੀ ਪੱਤ੍ਰਿਕਾ 'ਅਲ-ਹਿਲਾਲ' ਸੁਰੂ ਕੀਤੀ। ਉਨ੍ਹਾਂ ਦੀ ਸੋਚ ਸੀ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹਿੰਦੂਆਂ ਅਤੇ ਮੁਸਲਮਾਨਾ ਨੂੰ ਰਲ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਮੌਲਾਨਾ ਆਜ਼ਾਦ ਇੱਕ ਸੱਚੇ ਦੇਸ ਭਗਤ ਸਨ। ਉਸ ਸਮੇਂ ਅੰਗਰੇਜ਼ ਸਰਕਾਰ ਹਿੰਦੂ ਮੁਸਲਮਾਨ ਏਕਤਾ ਦੇ ਵਿਚਾਰਾ ਤੋ ਬਹੁਤ ਜਿਆਦਾ ਦੁਖੀ ਹੋ ਗਈ। ਸਰਕਾਰ ਨੇ ਮੌਲਾਨਾ ਆਜ਼ਾਦ ਨੂੰ ਬੰਗਾਲ ਛੱਡਣ ਦਾ ਹੁਕਮ ਦਿੱਤਾ ਤੇ ਨਾਲ ਹੀ ਪੰਜਾਬ, ਮਦਰਾਸ, ਅਤੇ ਉਤਰ ਪ੍ਰਦੇਸ, ਪ੍ਰਾਂਤਾਂ ਚ' ਮੌਲਾਨਾ ਆਜ਼ਾਦ ਦੇ ਜਾਣ ਤੇ ਪਾਬੰਦੀ ਲਗਾ ਦਿੱਤੀ। 30 ਮਾਰਚ 1916 ਨੂੰ ਆਜ਼ਾਦ ਕਲਕੱਤੇ ਤੋ ਬਿਹਾਰ ਚਲੇ ਗਏ ਇਥੇ ਉਹ 1920 ਤੱਕ ਨਜ਼ਰ ਬੰਦ ਰਹੇ। ਰਿਹਾਈ ਤੋ ਬਾਅਦ ਮੌਲਾਨਾ ਆਜ਼ਾਦ ਹਿੰਦੂ ਮੁਸਲਿਮ ਏਕਤਾ ਲਈ ਸਰਗਰਮ ਹੋ ਗਏ। 1921 ਵਿੱਚ ਉਹ ਨਾ-ਮਿਲਵਰਤਨ ਲਹਿਰ ਦੇ ਪ੍ਰਚਾਰ ਲਈ ਪੰਜਾਬ ਵਿੱਚ ਆਏ। ਪਰ ਅੰਗਰੇਜ਼ ਸਰਕਾਰ ਵੱਲੋਂ ਉਨ੍ਹਾਂ ਤੇ ਬਗਾਵਤ ਭੜਕਾਉਣ ਦਾ ਦੋਸ਼ ਲਗਾਏ 10 ਦਸੰਬਰ 1921 ਨੂੰ ਗ੍ਰਿਫ਼ਤਾਰ ਕਰ ਕੇ ਇਕ ਸਾਲ ਕੈਦ ਦੀ ਸਜਾ ਦੇ ਦਿੱਤੀ। 1923 ਵਿੱਚ 35 ਸਾਲ ਦੀ ਉਮਰ ਚ' ਮੌਲਾਨਾ ਸਭ ਤੋ ਛੋਟੀ ਉਮਰ ਚ' ਸਰਬ-ਹਿੰਦ ਕਾਂਗਰਸ ਦੇ ਪ੍ਰਧਾਨ ਬਣੇ। ਭਾਰਤ ਦੀ ਆਜ਼ਾਦੀ ਦੀ ਲਹਿਰ ਚ' ਮੁਸਲਮਾਨਾਂ ਨੂੰ ਸ਼ਾਮਲ ਕਰਨ ਲਈ ਉਨ੍ਹਾਂ ਬਹੁਤ ਯਤਨ ਕੀਤੇ। 1929 ਚ' ਮੌਲਾਨਾ ਆਜ਼ਾਦ ਨੇ ਨੈਸਨਲਿਸਟ ਮੁਸਲਿਮ ਪਾਰਟੀ ਬਣਾਈ। ਉਨ੍ਹਾਂ ਸਿਵਲ-ਨਾ-



ਫੁਰਮਾਨੀ ਲਹਿਰ ਦੀ ਸਫਲਤਾ ਲਈ ਬਹੁਤ ਮਿਹਨਤ ਕੀਤੀ ਆਜ਼ਾਦ ਫਿਰ 1940 ਤੋ 1946 ਤੱਕ ਕਾਂਗਰਸ ਪ੍ਰਧਾਨ ਰਹੇ।

ਸੁਤੰਤਰ ਭਾਰਤ ਦੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਾਲੀ ਪਹਿਲੀ ਸਰਕਾਰ ਚ' ਮੌਲਾਨਾ ਆਜ਼ਾਦ ਨੂੰ ਆਜ਼ਾਦ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਬਣਨ ਦਾ ਮਾਨ ਹਾਸਿਲ ਹੋਇਆ। ਉਨ੍ਹਾਂ ਨੇ 15 ਅਗਸਤ 1947 ਤੋ 2 ਫਰਵਰੀ 1958 ਤੱਕ ਬਤੌਰ ਸਿੱਖਿਆ ਮੰਤਰੀ ਦੇਸ ਦੀ ਸੇਵਾ ਕੀਤੀ। ਮੌਲਾਨਾ ਆਜ਼ਾਦ ਨੇ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ 14 ਸਾਲ ਤੱਕ ਬੱਚਿਆ ਲਈ ਪ੍ਰਾਇਮਰੀ ਪੱਧਰ ਤੱਕ ਲਾਜ਼ਮੀ ਅਤੇ ਮੁਫ਼ਤ ਸਿੱਖਿਆ, ਬਾਲਗ-ਸਾਖਰਤਾ ਅਤੇ ਪੇਡੂ ਗਰੀਬ ਬੱਚਿਆ ਅਤੇ ਲੜਕੀਆਂ ਨੂੰ ਪੜਾਉਣ ਲਈ ਉਪਰਾਲੇ ਕੀਤੇ।

ਮੌਲਾਨਾ ਆਜ਼ਾਦ ਨੇ ਸੈਂਟਰਲ ਇੰਸਟੀਚਿਊਟ ਐਜੂਕੇਸ਼ਨ ਦਿੱਲੀ ਨਾਂ ਦੀ ਸੰਸਥਾ ਬਣਾਈ, ਜਿਹੜੀ ਬਾਅਦ ਦਿੱਲੀ ਯੂਨੀਵਰਸਿਟੀ ਦਾ ਇੱਕ ਵਿਭਾਗ ਬਣ ਗਈ।ਮੌਲਾਨਾ ਆਜ਼ਾਦ ਦੀ ਅਗਵਾਈ ਵਿੱਚ 1951 ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਟੈਕਨੌਲੋਜੀ ਅਤੇ 1953 ਵਿੱਚ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੀ ਸਥਾਪਨਾ ਕੀਤੀ ਗਈ।




ਨਵਜੋਤ ਬਜਾਜ ਗੱਗੂ
91-98721-02614

ਅੰਤ 22 ਫਰਵਰੀ 1958 ਨੂੰ ਉੱਘੇ ਵਿਦਵਾਨ ਅਤੇ ਦੂਰ-ਦ੍ਰਿਸ਼ਟੀ ਦੇ ਮਾਲਕ ਮੌਲਾਨਾ ਆਜ਼ਾਦ ਨੇ ਆਪਣਾ ਨਸਵਰ ਸਰੀਰ ਤਿਆਗ ਦਿੱਤਾ। ਭਾਰਤ ਸਰਕਾਰ ਨੇ 1989 ਵਿੱਚ ਮੌਲਾਨਾ ਆਜ਼ਾਦ ਦੇ ਜਨਮ ਦਿਵਸ ਮੌਕੇ ਸਮਾਜ ਦੇ ਪਛੜੇ ਵਰਗ ਦੇ ਲੋਕਾਂ ਨੂੰ ਸਿੱਖਿਆ ਦੇਣ ਲਈ ਮੌਲਾਨਾ ਆਜ਼ਾਦ ਐਜੂਕੇਸ਼ਨ ਦੀ ਸਥਾਪਨਾ ਕੀਤੀ। ਉਹਨਾਂ ਦੇ ਦੇਸ ਪ੍ਰਤੀ ਕੀਤੇ ਸੰਘਰਸ ਤੇ ਸੇਵਾਵਾਂ ਬਦਲੇ ਮਰਨ ਉਪਰੰਤ 1992 ਵਿੱਚ ਭਾਰਤ ਸਰਕਾਰ ਵੱਲੋਂ ਦੇਸ ਦੇ ਅਹਿਮ ਪੁਰਸਕਾਰ 'ਭਾਰਤ-ਰਤਨ' ਨਾਲ ਸਨਮਾਨਿਤ ਕੀਤਾ ਗਿਆ।ਅੱਜ ਦੇਸ ਭਰ ਵਿੱਚ ਉਨ੍ਹਾਂ ਦੇ ਜਨਮ ਦਿਨ ਨੂੰ ਰਾਸਟਰੀ-ਸਿੱਖਿਆ ਦਿਵਸ ਵਜੋਂ ਮਨਾਇਆ ਜਾਂਦਾ ਹੈ। ਅੱਜ ਲੋੜ ਹੈ ਮੌਲਾਨਾ ਆਜ਼ਾਦ ਵਰਗੇ ਇਨਸਾਨਾਂ ਦੀ ਜੋ ਆਪਣੇ ਲਈ ਨਹੀਂ ਹੋਰਾਂ ਲਈ ਜਿਉਦੇ ਹਨ। ਦੇਸ ਤੇ ਸਮਾਜ ਦੇ ਵਿਕਾਸ ਲਈ ਸਿੱਖਿਆ ਦੇਸ ਦੇ ਸਾਰੇ ਨਾਗਰਿਕਾਂ ਦੀ ਪਹੁੰਚ ਵਿੱਚ ਹੋਣੀ ਚਾਹੀਦੀ ਹੈ। ਮੌਲਾਨਾ ਆਜ਼ਾਦ ਦੀਆਂ ਲਿਖੀਆਂ ਲਾਈਨਾਂ 'ਪੜ੍ਹੇਗਾ ਤੋ ਹੀ ਦੇਸ ਆਗੇ ਬੜੇਗਾ' ਸਾਨੂੰ ਅੱਜ ਵੀ ਪ੍ਰੇਰਨਾ ਦਿੰਦੀਆਂ ਹਨ।

## 21 ਫਰਵਰੀ 2018 ਅੰਤਰਰਾਸ਼ਟਰੀ ਮਾਂ ਬੋਲੀ ਭਾਸ਼ਾ ਦਿਵਸ ਸਬੰਧੀ ਵਿਸ਼ੇਸ਼

# ਵਿਸ਼ਵ ਵਿੱਚ ਲੱਗਭੱਗ 7000 ਭਾਸਾਵਾਂ ਹਨ ਜਿਨ੍ਹਾਂ ਵਿੱਚੋਂ ਅੱਧੀਆਂ ਤੇ ਖਤਮ ਹੋਣ ਦਾ ਖਤਰਾ ਮੰਡਰਾ ਰਿਹਾ ਹੈ

ਭਾਸਾ ਹਰ ਵਿਅਕਤੀ ਦੀ ਮੁਢਲੀ ਪਹਿਚਾਣ ਦੀ ਪਹਿਲੀ ਨਿਸ਼ਾਨੀ ਹੁੰਦੀ ਹੈ। ਭਾਸਾ ਇੱਕ ਅਜਿਹੀ ਵਿਰਾਸਤ ਹੁੰਦੀ ਹੈ ਜਿਸਨੂੰ ਕਦੇ ਵੀ ਕੋਈ ਖੋਹ ਜਾਂ ਚੋਰੀ ਨਹੀਂ ਕਰ ਸਕਦਾ ਹੈ। ਮਾਂ ਬੋਲੀ ਭਾਸ਼ਾ ਹਰ ਸਮਾਜ ਦੀ ਉਹ ਬੋਲੀ ਹੁੰਦੀ ਹੈ ਜਿਸ ਵਿੱਚ ਉਸ ਸਮਾਜ ਦੇ ਲੋਕ ਅਪਣੀ ਗੱਲ ਬਾਤ ਇੱਕ ਦੂਜੇ ਨੂੰ ਚੰਗੀ ਤਰਾਂ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਦੱਸ ਅਤੇ ਸਮਝਾ ਸਕਦੇ ਹਨ। ਹਰ ਸਮਾਜ ਦੇ ਵਿਕਾਸ ਵਿੱਚ ਮਾਂ ਭਾਸਾ ਬੋਲੀ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਕਈ ਵਾਰ ਮਨੁਖੀ ਅਧਿਕਾਰਾਂ ਦੀ ਉਲੰਘਣਾਂ ਵਾਂਗ ਹੀ ਮਾਂ ਬੋਲੀ ਭਾਸ਼ਾ ਨੂੰ ਖਤਮ ਕਰਨ ਲਈ ਹੁੰਦੇ ਹਮਲੇ ਵੀ ਚਰਚਾ ਵਿੱਚ ਰਹਿੰਦੇ ਹਨ। ਇਸਤਰਾਂ ਦਾ ਹੀ ਮਾਮਲਾ ਸਾਡੇ ਗੁਆਂਢੀ ਮੁਲਕ ਬੰਗਲਾ ਦੇਸ਼ ਵਿੱਚ ਸਾਹਮਣੇ ਆਇਆ। 1947 ਵਿੱਚ ਭਾਰਤ ਦੀ ਵੰਡ ਹੋਣ ਤੋਂ ਬਾਦ ਪਾਕਿਸਤਾਨ ਨੇ ਪੂਰਬੀ ਪਾਕਿਸਤਾਨ (ਹੁਣ ਬੰਗਲਾ ਦੇਸ਼) ਵਿੱਚ ਵੀ ਬਾਕੀ ਭਾਸਾਵਾਂ ਨੂੰ ਅਣਗੋਲਿਆਂ ਕਰਕੇ ਰਾਸ਼ਟਰੀ ਭਾਸ਼ਾ ਉਰਦੂ ਨੂੰ ਹੀ ਸੱਖਤੀ ਨਾਲ ਲਾਗੂ ਕਰ ਦਿੱਤਾ ਜਦਕਿ ਉਸ ਇਲਾਕੇ ਦੇ ਬਹੁਤੇ ਲੋਕ ਬੰਗਾਲੀ ਭਾਸ਼ਾ ਨੂੰ ਹੀ ਤਰਜੀਹ ਦਿੰਦੇ ਸਨ। 1952 ਵਿੱਚ ਸਰਕਾਰ ਨੇ ਜਦੋਂ ਬਾਕੀ ਭਾਸਾਵਾਂ ਤੇ ਪਾਬੰਦੀ ਹੀ ਲਗਾ ਦਿੱਤੀ ਤਾਂ ਢਾਕਾ ਯੂਨੀਵਰਸਿਟੀ ਦੇਵਿਦਿਆਰਥੀਆਂ ਅਤੇ ਆਮ ਲੋਕਾਂ ਨੇ ਅੰਦੋਲਨ ਸੂਰੂ ਕਰ ਦਿੱਤਾ ਜਿਸਨੂੰ ਰੋਕਣ ਲਈ ਪ੍ਰਲਿਸ ਨੇ ਗੋਲੀ ਚਲਾਈ ਜਿਸ ਵਿੱਚ ਕਈ ਵਿਅਕਤੀ ਮਾਰੇ ਗਏ। ਅਪਣੀ ਮਾਂ ਬੋਲੀ ਭਾਸ਼ਾ ਦੇ ਹੱਕ ਲਈ ਲੜਦੇ ਸ਼ਹੀਦਾਂ ਦੀ ਯਾਦਗਾਰ ਵਿੱਚ ਇਸ ਦਿਨ ਨੂੰ ਵਿਸ਼ੇਸ਼ ਤੋਰ ਤੇ ਯਾਦ ਕੀਤਾ ਜਾਂਦਾ ਹੈ। ਮਾਂ ਭਾਸਾ ਬੋਲੀ ਦੀ ਮਹੱਤਤਾ ਨੂੰ ਸਮਝਦੇ ਹੋਏ ਯੂਨੈਸਕੋ ਮਹਾਂਸਭਾ ਨੇ 1999 ਵਿੱਚ ਇੱਕ ਮਤਾ ਪਾਸ ਕਰਕੇ ਹਰ ਸਾਲ 21 ਫਰਵਰੀ ਦਾ ਦਿਨ ਅੰਤਰਰਾਸ਼ਟਰੀ ਮਾਂ ਬੋਲੀ ਭਾਸ਼ਾ ਦਿਵਸ ਦੇ ਤੋਰ ਤੇ ਮਨਾਉਣ ਦਾ ਫੈਸਲਾ ਕੀਤਾ ਅਤੇ ਹੁਣ ਹਰ ਸਾਲ 21 ਫਰਵਰੀ ਨੂੰ ਅੰਤਰਰਾਸ਼ਟਰੀ ਮਾਂ ਬੋਲੀ ਭਾਸ਼ਾ ਦਿਵਸ ਵਜੋਂ ਮਨਾਇਆ ਜਾਂਦਾ। ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਇਸ ਸਾਲ ਦਾ ਅੰਤਰਰਾਸ਼ਟਰੀ ਮਾਂ ਬੋਲੀ ਭਾਸ਼ਾ ਦਿਵਸ ਦਾ ਮੁੱਖ ਵਿਸ਼ਾ ਸਥਾਈ ਵਿਕਾਸ ਲਈ ਭਾਸਾਈ ਵਿਭਿੰਨਤਾ ਅਤੇ ਬਹੁਭਾਸ਼ਵਾਦ ਦੀ ਗਿਣਤੀ ਹੈ।





ਵਿਸ਼ਵ ਵਿੱਚ ਲੱਗਭੱਗ 7000 ਭਾਸਾਵਾਂ ਹਨ ਜਿਨ੍ਹਾਂ ਵਿੱਚੋਂ ਅੱਧੀਆ ਤੇ ਖਤਮ ਹੋਣ ਦਾ ਖਤਰਾ ਮੰਡਰਾ ਰਿਹਾ ਹੈ। ਇਸਦਾ ਮੁੱਖ ਕਾਰਨ ਹੈ ਕਿ ਜਨਤਕ ਖੇਤਰ ਅਤੇ ਸਿੱਖਿਆ ਪ੍ਰਣਾਲੀ ਦੇ ਖੇਤਰ ਵਿੱਚ ਸਿਰਫ ਕੁੱਝ ਸੋ ਭਾਸ਼ਾਵਾਂ ਨੂੰ ਹੀ ਵਰਤਿਆ ਜਾਂਦਾ ਹੈ ਅਤੇ ਮੋਜੂਦਾ ਡੀਜਟਿਲ ਯੁੱਗ ਵਿੱਚ ਇਨ੍ਹਾਂ ਦੀ ਗਿਣਤੀ ਤਾਂ ਸੋ ਤੋਂ ਵੀ ਘੱਟ ਗਈ ਹੈ। ਪੰਜਾਬੀ ਬੋਲੀ ਭਾਸ਼ਾ ਜੋਕਿ ਸਦੀਆਂ ਪੁਰਾਣੀ ਹੈ ਦੀ ਵਰਤੋਂ ਸਿਰਫ ਪੰਜਾਬ ਅਤੇ ਭਾਰਤ ਵਿੱਚ ਹੀ ਨਹੀਂ ਸਗੋਂ ਦੇਸ਼ ਵਿਦੇਸ ਦੇ ਵੱਖ ਵੱਖ ਹਿੱਸਿਆਂ ਵਿੱਚ ਰਹਿੰਦੇ ਲੋਕਾਂ ਵਲੋਂ ਮਾਣ ਸਤਿਕਾਰ ਨਾਲ ਕੀਤੀ ਜਾਂਦੀ ਹੈ। ਬੋਲੀਆਂ ਸਬੰਧੀ ਵਿਸ਼ਵ ਵਿਗਿਆਨਕੋਸ਼ ਐਥਨੋਲੋਗ 2005 ਅਨੁਸਾਰ ਪੰਜਾਬੀ ਮਾਂ ਬੋਲੀ ਨੂੰ ਲੱਗਭੱਗ 8.8 ਕਰੋੜ ਲੋਕ ਵਰਤਦੇ ਹਨ ਅਤੇ ਪੂਰੇ ਸੰਸਾਰ ਵਿੱਚ ਵਰਤੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਇਹ ਇਹ 10ਵੇਂ ਨੰਬਰ ਤੇ ਹੈ। ਸਾਡੇ ਗੁਆਂਢੀ ਮੁੱਲਕ ਪਾਕਿਸਤਾਨ ਵਿੱਚ ਲੱਗਭੱਗ 60 ਫਿਸਦੀ ਲੋਕ ਅਤੇ ਭਾਰਤ ਵਿੱਚ 2.73 ਲੋਕ ਪੰਜਾਬੀ ਦੀ ਹੀ ਵਰਤੋਂ ਕਰਦੇ ਹਨ। ਇਸਤੋਂ ਇਲਾਵਾ ਇੰਗਲੈਂਡ, ਅਮਰੀਕਾ, ਅਸਟ੍ਰੇਲੀਆ ਆਦਿ ਵਿੱਚ ਵੀ ਬਹੁਤੇ ਲੋਕਾਂ ਵਲੋਂ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬ ਸੂਬਾ ਜਿਸਦੀ ਸਥਾਪਨਾ ਹੀ ਪੰਜਾਬੀ ਭਾਸ਼ਾ ਦੇ ਨਾਮ ਤੇ ਹੋਈ ਹੈ ਵਿੱਚ ਇਹ ਭਾਸ਼ਾ ਅਜੇ ਵੀ ਬਣਦਾ ਮਾਣ ਸਤਿਕਾਰ ਪ੍ਰਾਪਤ ਨਾਂ ਕਰ ਸਕੀ।

ਪੰਜਾਬ ਵਿੱਚ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਪੰਜਾਬੀ ਭਾਸ਼ਾ ਦਾ ਦਫਤਰੀ ਆਰੰਭ ਰਿਆਸਤ ਪਟਿਆਲਾ ਵਿੱਚ 01 ਜਨਵਰੀ 1948 ਨੂੰ ਹੋਇਆ ਜਦੋਂ ਸਿਖਿੱਆ ਵਿਭਾਗ ਵਿੱਚ ਪੰਜਾਬੀ ਭਾਸ਼ਾ ਦਾ ਸੈਕਸ਼ਨ ਬਣਾਇਆ ਗਿਆ ਜੋਕਿ ਮਗਰੋਂ ਪੰਜਾਬੀ ਵਿਭਾਗ ਹੀ ਬਣ ਗਿਆ। ਇਹ ਵੀ ਵਰਣਨਯੋਗ ਹੈ ਕਿ ਪੈਪਸੂ ਸਰਕਾਰ ਦਾ ਪਹਿਲਾ ਬਜ਼ਟ ਜੋਕਿ 13 ਅਪ੍ਰੈਲ 1949 ਨੂੰ ਤਿਆਰ ਹੋਇਆ ਸੀ ਪੰਜਾਬੀ ਵਿੱਚ ਹੀ ਤਿਆਰ ਕੀਤਾ ਗਿਆ। ਪੰਜਾਬ ਰਾਜ ਪੁਨਰਗਠਨ ਤੋਂ ਬਾਦ ਪੰਜਾਬ ਰਾਜ ਭਾਸ਼ਾ ਐਕਟ 1967 ਵਿੱਚ ਬਣਾਇਆ ਗਿਆ। ਇਸ ਐਕਟ ਅਨੁਸਾਰ ਸਰਕਾਰ ਦੇ ਸਾਰੇ ਦਫ਼ਤਰਾ ਵਿੱਚ ਪੰਜਾਬੀ ਵਿੱਚ ਕੰਮ ਹੋਵੇਗਾ। ਫਿਰ 5 ਨਵੰਬਰ 2008 ਨੂੰ ਇਸ ਐਕਟ ਵਿੱਚ ਸੋਧ ਕੀਤੀ ਗਈ ਜਿਸ ਅਨੁਸਾਰ ਸਾਰੇ ਦਫ਼ਤਰਾਂ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ, ਬਾਡੀਜ਼ ਅਤੇ ਰਾਜ ਦੇ ਸਕੂਲਾਂ, ਕਾਲਜ਼ਾਂ ਅਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਸਾਰਾ ਕੰਮਕਾਜ ਪੰਜਾਬੀ ਵਿੱਚ ਕੀਤਾ ਜਾਵੇਗਾ।

ਇਸ ਐਕਟ ਅਨੁਸਾਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਾਂ ਉਸਦੇ ਅਧੀਨ ਇਸ ਮੰਤਵ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫ਼ਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3 ਅਤੇ 3-ਬੀ ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਨਿਰਿਖਣ ਕਰਨ ਦਾ ਅਧਿਕਾਰ ਹੋਵੇਗਾ। ਇਸ ਐਕਟ ਦੀਆਂ ਧਾਰਾਵਾਂ ਦੀ ਸਮੀਖਿਆ ਅਤੇ ਅਮਲ ਨੂੰ ਯਕੀਨੀ ਬਣਾਉਣ ਲਈ ਇੱਕ ਰਾਜ ਪੱਧਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਿੱਖਿਆ ਮੰਤਰੀ ਪੰਜਾਬ ਨੂੰ ਚੇਅਰਪਰਸਨ, ਡਾਇਰੈਕਟਰ ਭਾਸ਼ਾ ਵਿਭਾਗ ਨੂੰ ਕਨਵੀਨਰ ਬਣਾਇਆ ਗਿਆ ਹੈ ਅਤੇ ਇਸ ਤੋਂ ਇਲਾਵਾ ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ ਮੰਤਰੀ ਵੱਲੋਂ ਨਾਮਜ਼ਦ ਨੁਮਾਇੰਦਾ, ਐਡਵੋਕੇਟ ਜਨਰਲ ਪੰਜਾਬ ਜਾਂ ਉਨ੍ਹਾਂ ਦਾ ਨੁਮਾਇੰਦਾ, ਸਕੱਤਰ ਸਕੂਲ ਸਿੱਖਿਆ, ਸਕੱਤਰ ਉਚੇਰੀ ਸਿੱਖਿਆ, ਕਾਨੂੰਨੀ ਮਸ਼ੀਰ ਅਤੇ ਸਕੱਤਰ ਪੰਜਾਬ ਸਰਕਾਰ, ਰਾਜ ਸਰਕਾਰ ਵੱਲੋਂ ਨਾਮਜ਼ਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਚਾਰ ਜਨਤਕ ਨੁਮਾਇੰਦੇ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿੱਚ ਘੱਟੋ ਘੱਟ ਇੱਕ ਮੀਟਿੰਗ ਕਰੇਗੀ।

ਇਸ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਜ਼ਿਲ੍ਹਾਂ ਪੱਧਰੀ ਅਧਿਕਾਰਤ ਕਮੇਟੀ ਨੂੰ ਦਿਸ਼ਾ ਨਿਰਦੇਸ਼ ਦੇਣ ਦਾ ਅਧਿਕਾਰ ਪ੍ਰਾਪਤ ਹੋਵੇਗਾ। ਇਸ ਐਕਟ ਅਨੁਸਾਰ ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਵੀ ਬਣਾਈ ਜਾਵੇਗੀ ਜਿਸ ਵਿੱਚ ਮੁੱਖ ਮੰਤਰੀ ਵੱਲੋਂ ਨਾਮਜ਼ਦ ਸਬੰਧਤ ਜ਼ਿਲ੍ਹੇ ਦੇ ਮੰਤਰੀ ਜਾਂ ਵਿਧਾਇਕ ਨੂੰ ਚੇਅਰਪਰਸਨ, ਡਿਪਟੀ ਕਮਿਸ਼ਨਰ ਨੂੰ ਵਾਇਸ ਚੇਅਰਮੈਨ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਨੂੰ ਕਨਵੀਨਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਸਿੱਖਿਆ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਜ਼ਿਲ੍ਹੇ ਵਿੱਚੋਂ ਪੰਜਾਬੀ ਸਾਹਿਤਕਾਰਾਂ ਦੇ ਦੋ ਪ੍ਰਤੀਨਿਧ, ਰਾਜ ਸਰਕਾਰ ਵੱਲੋਂ ਨਾਮਜ਼ਦ ਪੰਜਾਬੀ ਪ੍ਰੈਸ ਦੇ ਤਿੰਨ ਨੁਮਾਇੰਦੇ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਰਾਜ ਸਰਕਾਰ ਵੱਲੋਂ ਨਾਮਜ਼ਦ ਦੋ ਜਨਤਕ ਨੁਮਾਇੰਦੇ, ਜ਼ਿਲ੍ਹਾ ਅਟਾਰਨੀ ਆਦਿ ਨੂੰ ਮੈਂਬਰ ਬਣਾਇਆ ਗਿਆ ਹੈ। ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜ਼ਾਂ ਤੇ ਯੂਨੀਵਰਸਿਟੀਆਂ ਦੇ ਦਫ਼ਤਰਾਂ ਵਿੱਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆਂ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ। ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿੱਚ ਇੱਕ ਮੀਟਿੰਗ ਕਰੇਗੀ।





ਜੇਕਰ ਕੋਈ ਅਧਿਕਾਰੀ ਜਾਂ ਕਰਮਚਾਰੀ ਇਸ ਐਕਟ ਦੀਆਂ ਧਾਰਾਵਾਂ ਜਾਂ ਇਹਨਾਂ ਤਹਿਤ ਕੀਤੇ ਨੋਟੀਫਿਕੇਸ਼ਨਾਂ ਦੀ ਵਾਰ-ਵਾਰ ਉਲੰਘਣਾ ਕਰਦਾ ਪਾਇਆ ਗਿਆ ਤਾਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮ,1970 ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਪਰ ਹੁਣ ਸੋਚਣ ਵਾਲੀ ਗੱਲ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ ਪਾਸ ਕਰਨ ਤੋਂ ਬਾਅਦ ਵੀ ਪੰਜਾਬੀ ਭਾਸ਼ਾ ਨੂੰ ਰਾਜ ਪੱਧਰ ਤੇ ਲਾਗੂ ਕਿਉਂ ਨਹੀਂ ਕੀਤਾ ਜਾ ਸਕਿਆ ਹੈ। ਪੰਜਾਬ ਰਾਜ ਭਾਸ਼ਾ ਐਕਟ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਵੀ ਹੋ ਸਕਦੀ ਹੈ ਪਰ ਅੱਜ ਤੱਕ ਇਸ ਐਕਟ ਤਹਿਤ ਸਜ਼ਾ ਕਿਉਂ ਨਹੀਂ ਹੋਈ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਰਾਜ ਭਾਸ਼ਾ ਐਕਟ ਕੇਵਲ ਕਾਗਜ਼ੀ ਹੀ ਹੈ। ਆਪਣੇ ਆਪ ਨੂੰ ਪੰਜਾਬ ਅਤੇ ਪੰਜਾਬੀਆਂ ਦੀ ਅਗੁਆਈ ਕਰਨ ਵਾਲੀਆਂ ਬਹੁਤੀਆਂ ਰਾਜਸੀ ਪਾਰਟੀਆਂ ਨੇ ਆਪਣੇ ਚੋਣ ਮੈਨੀਫੈਸਟੋ ਤੱਕ ਵੀ ਪੰਜਾਬੀ ਵਿੱਚ ਨਹੀਂ ਬਣਾਏ ਹਨ ਤਾਂ ਫਿਰ ਪੰਜਾਬੀ ਭਾਸ਼ਾ ਨੂੰ ਉਹ ਰਾਜ ਪੱਧਰ ਤੇ ਕਿਸ ਤਰ੍ਹਾਂ ਲਾਗੂ ਕਰਨਗੇ। ਬਹੁਤੇ ਪੰਜਾਬੀ ਮੰਤਰੀ ਤਾਂ ਵਿਧਾਨ ਸਭਾ, ਲੋਕ ਸਭਾ, ਰਾਜ ਸਭਾ ਵਿੱਚ ਅਪਣੀ ਸਹੁੰ ਵੀ ਪੰਜਾਬੀ ਵਿੱਚ ਨਹੀਂ ਚੁੱਕਦੇ ਹਨ। ਮੰਤਰੀਆਂ, ਵਿਧਾਇਕਾਂ, ਸਰਕਾਰੀ ਅਫਸਰਾਂ ਦੇ ਬੱਚੇ ਮਹਿੰਗੇ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਹਨ ਜਿੱਥੇ ਕਿ ਪੰਜਾਬੀ ਭਾਸ਼ਾ ਦਾ ਨਾਮੋ ਨਿਸ਼ਾਨ ਤੱਕ ਨਹੀਂ ਹੁੰਦਾ ਤਾਂ ਫਿਰ ਅਜਿਹੇ ਰਾਜਸੀ ਨੇਤਾ ਅਤੇ ਅਫ਼ਸਰ ਪੰਜਾਬੀ ਭਾਸ਼ਾ ਨੂੰ ਕਿਵੇਂ ਰਾਜ ਪੱਧਰ ਤੇ ਲਾਗੂ ਕਰਨ ਵਿੱਚ ਦਿਲਚਸਪੀ ਲੈ ਸਕਦੇ ਹਨ।



ਕੁਲਦੀਪ ਚੰਦ
91-94175-63054

ਹਾਲਾਤ ਇੱਥੋ ਤੱਕ ਮਾੜੇ ਹਨ ਕਿ ਪੰਜਾਬ ਵਿੱਚ ਲੱਗੇ ਹੋਏ ਬਹੁਤੇ ਸਰਕਾਰੀ ਬੋਰਡ ਵੀ ਪੰਜਾਬੀ ਵਿੱਚ ਨਹੀਂ ਹਨ ਅਤੇ ਜਦੋਂ ਪੰਜਾਬੀ ਭਾਸਾ ਦੀ ਵਰਤੋਂ ਲਈ ਕੁੱਝ ਵਿਅਕਤੀਆਂ ਅਤੇ ਸੰਸਥਾਵਾਂ ਨੇ ਅੱਕ ਕੇ ਅਪਣੇ ਪੱਧਰ ਤੇ ਕਾਰਵਾਈ ਸ਼ੁਰੂ ਕੀਤੀ ਤਾਂ ਸਰਕਾਰ ਨੇ ਉਲੱਟ ਅਜਿਹੇ ਵਿਅਕਤੀਆਂ ਖਿਲਾਫ ਹੀ ਕਨੂੰਨੀ ਕਾਰਵਾਈ ਕਰ ਦਿੱਤੀ।

ਸਰਕਾਰਾਂ ਦੀ ਲਾਪਰਵਾਹੀ ਕਾਰਨ ਹੀ ਪੰਜਾਬ ਵਿੱਚ ਸਦੀਆਂ ਪੁਰਾਣੀ ਭਾਸਾ ਜਿਸਦੀ ਵਰਤੋਂ ਸਾਡੇ ਧਾਰਮਿਕ ਗ੍ਰੰਥਾ ਵਿੱਚ ਵੀ ਕੀਤੀ ਗਈ ਹੈ ਹੁਣ ਖਤਮ ਹੋਣ ਕਿਨਾਰੇ ਪਹੁੰਚ ਗਈ ਹੈ। ਅੱਜ ਲੋੜ ਹੈ ਅਪਣੀ ਮਾਂ ਬੋਲੀ ਭਾਸ਼ਾ ਪੰਜਾਬੀ ਨੂੰ ਬਚਾਉਣ ਦੀ ਅਤੇ ਇਸ ਲਈ ਹਰ ਵਰਗ ਦੇ ਲੋਕਾਂ ਸਮਾਜਿਕ, ਰਾਜਨੀਤਿਕ, ਧਾਰਮਿਕ ਆਗੂਆਂ ਨੂੰ ਅੱਗੇ ਆਣਾ ਪਵੇਗਾ ਨਹੀਂ ਤਾਂ ਇਹ ਭਾਸ਼ਾ ਜਿਸਨੂੰ ਸੰਸਾਰ ਦੇ ਕਈ ਭਾਗਾਂ ਅਤੇ ਦੇਸ ਦੇ ਹੋਰ ਸੂਬਿਆਂ ਵਿੱਚ ਮਾਣ ਸਤਿਕਾਰ ਮਿਲਿਆ ਹੈ ਪੰਜਾਬ ਅਤੇ ਭਾਰਤ ਵਿੱਚ ਹੀ ਰੁਲ਼ ਜਾਵੇਗੀ ਅਤੇ ਇਸ ਦਿਨ ਦੀ ਸਾਡੇ ਲਈ ਕੋਈ ਮਹੱਤਤਾ ਨਹੀਂ ਰਹੇਗੀ।

## ਸਾਹਿਤਕ ਪੈੜਾਂ- ਕੁਝ ਰਚਨਾਵਾਂ

### ਤੁਰ ਦੇ ਜਾਂਦੇ ਪੁੱਤ ਪੰਜਾਬ ਦੇ



ਤੁਰ ਦੇ ਜਾਂਦੇ ਗੱਭਰੂ ਪੁੱਤ ਪੰਜਾਬ ਦੇ ।
ਰੁੜਦੇ ਜਾਂਦੇ ਨਸ਼ਿਆਂ ਵਿਚ ਚਨਾਬ ਦੇ ।

ਦਿਨ-ਰਾਤ ਮਿਹਨਤ ਕਰਕੇ ਧੀਆਂ-ਪੁੱਤ ਸੀ ਪਾਲੇ ।
ਧੀ ਨੂੰ ਛੱਡ, ਪੁੱਤ ਨੂੰ ਦਿਤੇ ਅੰਡੇ, ਵਿਚੋਂ ਕੱਢ ਆਲੇ ।
ਪੁੱਤਰਾਂ ਨੇ ਤਾਂ ਹਲ ਵਾਉਣਾਂ, ਧੀ ਨੇ ਉਣਨੇ ਨਾਲੇ ।
ਪੜ੍ਹਦੇ-ਲਿਖਦੇ ਰਾਹ ਭੁਲ ਗਏ, ਚਲੇ ਨਸ਼ਿਆਂ ਦੇ ਪਰਨਾਲੇ ।
ਨੌਕਰੀਆਂ ਕਰਨਗੇ, ਮਾਂ-ਪਿਉ ਦੇ ਰਹ ਗਏ ਵਹਿਮ ਸੀ ਪਾਲੇ ।
ਚਿੱਟੇ ਦੇ ਕੇਸ ਪੈ ਗਏ, ਜਿਨ੍ਹਾ ਦੇ ਮਾਪੇ ਬੈਠੇ ਸੀ ਵਿਚ ਖੁਆਬ਼ ਦੇ ।
ਤੁਰ ਦੇ ਜਾਂਦੇ ਗੱਭਰੂ ਪੁੱਤ ਪੰਜਾਬ ਦੇ ।
ਰੁੜਦੇ ਜਾਂਦੇ ਨਸ਼ਿਆਂ ਵਿਚ ਚਨਾਬ ਦੇ ।

ਖੁਦਗਰਜੀਆਂ ਭਾਰੂ, ਕਨੂੰਨ-ਕੈਦੇ ਸ਼ਿੱਕੇ ਟੰਗ ਤੇ ।
ਜਿਹਦਾ ਸੂਤ ਆਇਆ, ਉਹਨਾਂ ਕੌਲੇ-ਕੋਠੇ ਰੰਗ ਤੇ ।
ਫੋਕੇ ਟੌਰ ਵਿਚ, ਕੋਠੀ ਉਤੇ ਹਵਾਈ ਜਹਾਜ਼ ਟੰਗ ਤੇ ।
ਵੇਖੋ-ਵੇਖੀ ਭੇਡ ਚਾਲੇ ਪੈ ਗਏ, ਰਹਿੰਦੇ-ਖੂੰਦੇ ਨਸ਼ਿਆਂ ਨੇ ਡੰਗ ਤੇ ।
ਚਿੱਟਾ, ਗੋਲੀ, ਕੈਪਸੂਲ ਖਾਣ, ਜਿਹੜੇ ਖਾਂਦੇ ਸੀ ਕਿਲੋ-ਕਿਲੋ ਗੁੜ ਬੈਠ ਗੰਡ ਤੇ ।
ਚਾਰੇ ਪਾਸੇ ਕੇਸ, ਕਰਜ਼ੇ, ਨਸ਼ਿਆਂ ਦੀ ਦਲਦਲ, ਕੋਈ ਵੀ ਨਹੀਂ ਜਵਾਬ ਦੇ ।
ਤੁਰ ਦੇ ਜਾਂਦੇ ਗੱਭਰੂ ਪੁੱਤ ਪੰਜਾਬ ਦੇ ।
ਰੁੜਦੇ ਜਾਂਦੇ ਨਸ਼ਿਆਂ ਵਿਚ ਚਨਾਬ ਦੇ ।

ਪੁਲਿਸ ਤੇ ਗੈਂਗ ਆਹਮੋਂ-ਸਾਹਮਣੇ, ਕਹਿੰਦੇ ਬਦਲਾ ਲੈਣਾ ।
ਚਾਰੇ ਪਾਸਿਓਂ ਨੌਜ਼ਵਾਂਨ ਘਿਰ ਗਿਆ, ਕਹਿੰਦਾ ਮੈਂ ਨਹੀਂ ਏਥੇ ਰਹਿਣਾ ।
ਜੇ ਬਾਹਰ ਦੀ ਕੁੜੀ ਮਿਲਜੇ, ਕਰਜਾ ਚੁੱਕ ਪਾ ਦਿਆਂਗੇ ਗਹਿਣਾ ।
ਜੇ ਰਿਸਤੇ ਵਿਚ ਧੋਖਾ ਹੋ ਗਿਆ, ਫੇਸਬੁਕ ਤੇ ਕਹਿਣਾ ।
ਜੇ ਮੈਨੂੰ ਇਨਸਾਫ ਨਾ ਮਿਲਿਆ, ਮੈਂ ਹੈ ਫਾਹਾ ਲੈਣਾ ।
ਫਿਰ ਵੀ ਕਹਿੰਦੇ ਭਾਂਵੇਂ ਐਡਮੀਸ਼ਨ ਜਾਂ ਵੈਡੀਂਗ, ਅਸੀਂ ਹੁਟੇ ਲੈਣੇ ਨੇ ਜਹਾਜ਼ ਦੇ
ਤੁਰ ਦੇ ਜਾਂਦੇ ਗੱਭਰੂ ਪੁੱਤ ਪੰਜਾਬ ਦੇ ।
ਰੁੜਦੇ ਜਾਂਦੇ ਨਸ਼ਿਆਂ ਵਿਚ ਚਨਾਬ ਦੇ ।

ਖੇਤੀ ਖਰਚੇ ਬਹੁਤੇ, ਭਾਅ ਨੇ ਥੋੜੇ, ਤਾਂਇਓਂ ਕਿਸਾਂਨ ਖੁਦਕੁਸ਼ੀ ਦੇ ਰਾਹ ਤੇ।
ਪੜ੍ਹਾਈ ਹੈ ਜਾਂ ਦੁਕਾਂਨਦਾਰੀ, ਬੇਰੋਜ਼ਗਾਰ ਬੈਠਾ ਹੈ ਧਰਨੇ ਦੀ ਜਗਾ ਤੇ ।
ਨਸ਼ਾ, ਰਿਸ਼ਵੱਤ, ਹੇਰਾਫੇਰੀ ਚਲੀ ਹੀ ਜਾਂਦੀ, ਪਹਿਰੇਦਾਰਾਂ ਦੀ ਪਨਾਹ ਤੇ ।
ਬੁੱਧੀਜੀਵੀ ਵੀ ਚੁੱਪ ਬੈਠਾ, ਕੋਈ ਨਹੀਂ ਗੌਰ ਕਰਦਾ ਉਹਨਾਂ ਦੀ ਸਲਾਹ ਤੇ ।
ਖੋਜ਼ੀ ਪੱਤਰਕਾਰ ਵੀ ਸਿਆਣੇ ਹੋ ਗਏ, ਕੋਈ ਨਹੀਂ ਲਾਂਉਦਾ ਜਿੰਦਗੀ ਦਾ ਤੇ ।
ਜੇ ਪੁੱਤ ਬਚਾਉਣੇ ਨੇ ਸਾਰੇ ਹਿਸਾ ਪਾਉ, ਕੱਲੇ ਵੱਸ ਨਹੀ ਜਨਾਬ਼ ਦੇ ।
ਤੁਰ ਦੇ ਜਾਂਦੇ ਗੱਭਰੂ ਪੁੱਤ ਪੰਜਾਬ ਦੇ ।
ਰੁੜਦੇ ਜਾਂਦੇ ਨਸ਼ਿਆਂ ਵਿਚ ਚਨਾਬ ਦੇ ।

**– ਡਾ. ਚਰਨਜੀਤ ਸਿੰਘ ਪੰਨੂੰ 408-646- 3597**

### ਬੁੱਤ 'ਤੇ ਗਜ਼ਲ



ਜਦ ਵੀ ਕਿਸੇ ਦਾ ਬੁੱਤ ਬਣਾਉਂਦੇ ਨੇ।
ਬੜੀਆਂ ਰੀਝਾਂ ਨਾਲ ਬੁੱਤ ਬਣਾਉਂਦੇ ਨੇ।

ਹਰਿਕ ਬੁੱਤ 'ਤੇ ਲੱਖਾਂ 'ਚ ਰਕਮ ਲਗਦੀ,
ਬੁੱਤਘਾੜੇ ਵੀ ਖਾਸਾ ਵਕਤ ਲਗਾਉਂਦੇ ਨੇ।

ਬੁੱਤ ਕਿਸੇ ਦੀ ਅਣਖ/ ਚੰਗੇ ਕੰਮਾਂ ਦੀ ਨਿਸ਼ਾਨੀ,
ਨਾਲੇ ਇਹ ਅਸੂਲਾਂ ਦੀ ਬਾਤ ਪਾਉਂਦੇ ਨੇ।

ਹਰੇਕ ਬੁੱਤ ਪਿੱਛੇ ਕੁਰਬਾਨੀ ਵੀ ਹੁੰਦੀ,
ਬੁੱਤ ਲੋਕਾਂ ਦੇ ਜਜ਼ਬਾਤ ਜਗਾਉਂਦੇ ਨੇ।

ਫਿਰ ਇਕ ਦਿਨ ਲੋਕਾਂ ਨੂੰ ਸੱਦ ਕੇ ਲੀਡਰ,
ਤਾੜੀਆਂ ਦੀ ਗੂੰਜ 'ਚ, ਬੁੱਤ ਤੋਂ ਪਰਦਾ ਉਠਾਉਂਦੇ ਨੇ।

ਦੋ-ਚਾਰ ਦਿਨ ਮੀਡੀਏ 'ਚ ਰਹਿਣ ਮਗਰੋਂ,
ਸਾਰੇ ਹੀ ਇਕ-ਦੂਜੇ ਤੋਂ ਰੁਖਸਤ ਹੋ ਜਾਂਦੇ ਨੇ।

ਸੋਚੀਏ ਤਾਂ ਬੁੱਤਾਂ ਨੂੰ, ਕੀ ਫਰਕ ਪੈਂਦਾ ਲੋਕੋ,
ਇਹਨਾਂ ਦੇ ਤਾਂ ਦਿਲ, ਪਹਿਲਾਂ ਹੀ ਸਖਤ ਹੁੰਦੇ ਨੇ।

ਇਕ ਵਾਰ ਫਿਰ ਵੋਟਾਂ ਦੇ ਨੇੜੇ ਜਾ ਕੇ ਲੀਡਰ,
ਬੁੱਤ ਚਮਕਾ ਕੇ ਤੇ ਨਵੇਂ ਫੁੱਲ ਲਗਵਾਉਂਦੇ ਨੇ।

ਉਂਝ ਵੀ ਬੁੱਤ ਬੁੱਤ ਦੀ ਵੱਖਰੀ ਕਦਰ 'ਕਮਲ'
ਕਿਸੇ ਦੇ ਪੱਥਰ, ਕਿਸੇ ਦੇ ਅਕੀਦਤ ਦੇ ਹਾਰ ਪੈਂਦੇ ਨੇ।

**–ਕਮਲ ਬੰਗਾ ਸੈਕਰਾਮੈਂਟੋ**
**916-897-8570**

### ਸੁੱਚਾ ਸੂਰਮਾ



ਘਰ ਕਾਹਦਾ ਸੀ ਮੈਂ ਆਉਣਾ ਨਾਂ ਮੈਂ ਫੌਜ 'ਚੋਂ ਕਟਾਉਣਾ
ਯਾਰ ਪਾਲਣਾ ਤੇ ਜੀਹਨੇ ਪਿੱਛੋਂ ਖਸਮ ਹੰਢਾਉਣਾ
ਉਹਨੇ ਜਾਨ ਸਾਡੀ ਦੁੱਖਾਂ ਵਿਚ ਪਾਈ ਭਾਬੀਏ
ਬੱਸ ਕੀਹਦਾ ਕੀਹਦਾ ਦਾਣਾ ਪਾਣੀ ਮੁੱਕਿਆ
ਹੁਣ ਆਪ ਤੂੰ ਅੰਦਾਜ਼ਾ ਬੱਸ ਲਾਈ ਭਾਬੀਏ।

ਲਿਖੇ ਚਿੱਠੀ ਵਿਚ ਦੁੱਖ ਵੀਰਾ ਤੇਰਾ ਕਾਹਦਾ ਸੁੱਖ
ਲੋਕ ਮਾਰਦੇ ਨੇ ਤਾਅਨੇ ਯਾਰ ਮੋੜ ਗਏ ਮੁਖ
ਸਾਰੀ ਵੀਰ ਨੇ ਸੀ ਗੱਲ ਸਮਝਾਈ ਭਾਬੀਏ
ਬੱਸ ਕੀਹਦੀ ਕੀਹਦਾ ਦਾਣਾ .......

ਮੈਂ ਵੀ ਕੀਤੀ ਕੁਰਬਾਨੀ ਮੇਰਾ ਬਣ ਗਿਆ ਸਾਨੀ
ਬੱਚੇ ਅੱਗ ਵਿਚੋਂ ਕੱਢੇ ਧਾਹਾਂ ਮਾਰਦੀ ਜਨਾਨੀ
ਜਾਨ ਸੂਰਮੇ ਨੇ ਤਲੀ ਤੇ ਟਿਕਾਈ ਭਾਬੀਏ
ਬੱਸ ਕੀਹਦੀ ਕੀਹਦਾ ਦਾਣਾ .......

ਦੱਸੀ ਸਾਹਿਬ ਨੂੰ ਕਹਾਣੀ ਉਹ ਤਾਂ ਹੋਇਆ ਪਾਣੀ ਪਾਣੀ
ਕਹਿੰਦਾ ਦੇਰ ਨਾ ਤੂੰ ਲਾ ਆ ਫੜ ਬੰਦੇ ਖਾਣੀ
ਥੈਲੀ ਰੌਂਦਾਂ ਵਾਲੀ ਹੱਕ ਵੀ ਫੜਾਈ ਭਾਬੀਏ
ਬੱਸ ਕੀਹਦੀ ਕੀਹਦਾ ਦਾਣਾ .......
ਸਾਹਿਬ ਕੀਤਾ ਪ੍ਰਬੰਧ ਨਾ ਕੋਈ ਕਰੂ ਤੈਨੂੰ ਤੰਗ
ਮੈਨੂੰ ਰੇਲ 'ਚ ਬਿਠਾਇਆ ਜਾ ਕੇ ਚਾੜ੍ਹ ਦੇਵੀਂ ਚੰਦ
ਬਾਕੀ ਟਿਕਟ ਵੀ ਉਹਨੇ ਹੀ ਕਟਾਈ ਭਾਬੀਏ
ਬੱਸ ਕੀਹਦੀ ਕੀਹਦਾ ਦਾਣਾ .......

ਨਾ ਕੋਈ ਸਕਦਾ ਸਹਾਰ ਹੁੰਦੀ ਮਰਦਾਂ ਨੂੰ ਮਾਰ
ਪਿੰਡ 'ਘੋਲੀਏ' ਦਾ 'ਦੇਵ' ਸਾਡਾ ਯਾਰਾਂ ਦਾ ਹੈ ਯਾਰ
ਚਿੱਠੀ ਵੀਰ ਨੇ ਸੀ ਉਸ ਤੋਂ ਲਿਖਾਈ ਭਾਬੀਏ
ਤੇਰਾ ਦੁਨੀਆਂ ਤੋਂ ਅੰਨ-ਜਲ ਮੁੱਕ ਗਿਆ
ਹੱਥ ਜੋੜਦੀ ਕਿਉਂ ਕਰੇ ਚਤੁਰਾਈ ਭਾਬੀਏ।
ਉਹ ਜੱਟ ਸੂਰਮੇ ਨਾ ਫਾਂਸੀਆਂ ਤੋਂ ਡਰਦੇ
ਪਾਈ ਜੀਹਦੇ ਘਰ ਤੀਵੀਂ ਨੇ ਲੜਾਈ ਭਾਬੀਏ।

**– ਦੇਵ ਘੋਲੀਆ ਖੁਰਦ (ਫਰਿਜ਼ਨੋ)**
**559-232-77644**

### ਯਾਰ ਸਦਾ ਨਾਲ ਰਹਿੰਦੇ

ਆਪਣਿਆ ਵੀ ਛੱਡ ਜਾਣਾ
ਨਿੱਕੀ ਨਿੱਕੀ ਗੱਲ ਉਤੇ ਦਿਲ ਨੀ ਡਲਾਈ ਦਾ
ਮੱਨ ਨਾ ਟੀਕੇ ਤਾਂ ਇਹਨੂੰ ਭਗਤੀ ਚੋ ਲਾਈਦਾ
ਤੇਰੇ ਰਹਾਂ ਵਿੱਚ ਚਨਿੱਤ ਕੱਡੇ ਜੋ ਖਿਲਾਰਦਾ
ਆਪ ਉਹਨੂੰ ਚੁਬੂ ਦੇਖੀ ਧਾਹਾ ਕਿੱਜ ਮਾਰਦਾ
ਰੱਖ ਰੱਬ ਤੇ ਭਰੋਸਾ ਸਦਾ ਹੁੱਦਾ ਉਹ ਸਹਾਈਆ
ਨਿੱਕੀਂ ਨੱਕੀ ਗੱਲ ਉਤੇ ਦਿਲ ਨੀ ਡਲਾਈ ਦਾ
ਮੱਨ ਨਾ ਟੀਕੇ ਤਾਂ ਇਹਨੂੰ ਭਗਤੀ ਚੋ ਲਾਈਦਾ

ਹੋਇਆ ਕੀ ਜੇ ਨੀਕਾ ਮੋਟਾ ਦੁਖ ਕਿਤੇ ਆਗਿਆ
ਸੁਖ ਵੀ ਬਥੇਰੇ ਦੇਖੇ ਕਿਉਂ ਉਹਨਾਂ ਨੂੰ ਭੁਲਾਗਿਆ
ਦੁਖ ਸੁਖ ਦੋਨਾਂ ਵਿੱਚ ਬੰਦੇ ਰੱਬ ਨੂੰ ਧਆਈ ਦਾ
ਨਿੱਕੀਂ ਨੱਕੀ ਗੱਲ ਉਤੇ ਦਿਲ ਨੀ ਡਲਾਈ ਦਾ
ਮੱਨ ਨਾ ਟੀਕੇ ਤਾਂ ਇਹਨੂੰ ਭਗਤੀ ਚੋ ਲਾਈਦਾ
ਕੱਲਿਆ ਤੂੰ ਆਇਆਂ ਸੀ ਕੱਲਿਆ ਤੁਰ ਜਾਣਾ

**– ਗੈਰੀ ਢੇਸੀ ਕਰਮਨ**
gjke313@yahoo[com

## ਸਰਬ ਨੌਜਵਾਨ ਸਭਾ ਨੇ 'ਆਓ ਪੁੰਨ ਕਮਾਈਏ' ਮੁਹਿੰਮ ਤਹਿਤ ਦਵਾਈਆਂ ਦੇ ਲੰਗਰ ਦੀ ਕੀਤੀ ਅਰੰਭਤਾ

### ਬਰਤਾਨਵੀ ਮੈਂਬਰ ਪਾਰਲੀਮੈਂਟ ਵਰਿੰਦਰ ਸ਼ਰਮਾ ਨੇ ਦਿੱਤਾ ਅੰਤਰ ਰਾਸ਼ਟਰੀ ਪੱਧਰ ਤੇ ਮੱਦਦ ਦਾ ਭਰੋਸਾ

**ਫਗਵਾੜਾ (ਬੀ.ਕੇ. ਰੱਤੂ)–** ਸਰਬ ਨੌਜਵਾਨ ਸਭਾ ਰਜਿ ਫਗਵਾੜਾ ਵਲੋਂ ਆਓ ਪੁੰਨ ਕਮਾਈਏ ਮੁਹਿਮ ਤਹਿਤ ਜਰੂਰਤਮੰਦ ਮਰੀਜ਼ਾਂ ਨੂੰ ਦਵਾਈਆ ਦੇਣ ਦਾ ਕੰਮ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ




ਅਰੰਭਿਆ ਗਿਆ। ਜਿਸ ਦੀ ਸ਼ੁਰੂਆਤ ਬਲੱਡ ਬੈਂਕ ਫਗਵਾੜਾ ਵਿਖੇ ਵੱਡੀ ਗਿਣਤੀ ਵਿੱਚ ਸ਼ਾਮਿਲ ਪਤਵੰਤੇ ਸੱਜਣਾ ਦੀ ਹਾਜਰੀ ਦੌਰਾਨ ਵਰਿੰਦਰ ਸ਼ਰਮਾ ਮੈਂਬਰ ਪਾਰਲੀਮੈਂਟ ਬਰਤਾਨੀਆ ਨੇ ਕੀਤੀ। ਇਸ ਮੌਕੇ ਆਪਣੇ ਸੰਬੋਧਨ ਵਿਚ ਵਰਿੰਦਰ ਸ਼ਰਮਾ ਨੇ ਕਿਹਾ ਕਿ ਧਾਰਮਿਕ ਕਾਰਜਾਂ ਨਾਲੋਂ ਵੀ ਵੱਡਾ ਕਾਰਜ਼ ਲੋਕ ਸੇਵਾ ਦਾ ਹੈ ਅਤੇ ਅੱਜ ਲੋੜ ਹੈ ਸਮਾਜ ਵਿੱਚ ਜ਼ਰੂਰਤਮੰਦ ਲੋਕਾਂ ਨੂੰ ਸਿੱਖਿਆ, ਸਿਹਤ ਸਹੂਲਤਾਂ ਅਤੇ ਸਿਰ 'ਤੇ ਛੱਤ ਮੁਹੱਈਆ ਕਰਨ ਦੀ ਹੈ।

ਉਨ੍ਹਾਂ ਸਰਬ ਨੌਜਵਾਨ ਸਭਾ ਦੀ ਇਸ ਗਲੋਂ ਸ਼ਲਾਘਾ ਕੀਤੀ ਕਿ ਇਹ ਜੱਥੇਬੰਦੀ 21ਵੀਂ ਸਦੀ ਵਿੱਚ ਲੋਕਾਂ ਦੀਆਂ ਜਰੂਰੀ ਲੋੜਾਂ ਪੂਰੀਆਂ ਕਰਨ ਲਈ ਅੱਗੇ ਆਈ ਹੈ। ਇਸ ਮੌਕੇ ਐਸ.ਪੀ. ਫਗਵਾੜਾ ਪਰਮਿੰਦਰ ਸਿੰਘ ਭੰਡਾਲ, ਸਮਾਜ ਸੇਵਕ ਕੇ. ਕੇ ਸਰਦਾਨਾ ਪ੍ਰਧਾਨ ਬਲੱਡ ਡੋਨਰਜ਼ ਕੌਂਸਲ, ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਪਵਨ ਕੁਮਾਰ ਬੀਸਲਾ ਐਡੀਸ਼ਨਲ ਐਸ.ਈ ਪਾਵਰਕਾਮ, ਸਾਹਿਤਕਾਰ ਗੁਰਮੀਤ ਪਲਾਹੀ, ਸਾਈਂ ਪੱਪਲ ਸ਼ਾਹ, ਭਾਜਪਾ ਆਗੂ ਅਵਤਾਰ ਸਿੰਘ ਮੰਡ, ਸਰਬਜੀਤ ਕੌਰ ਕੌਂਸਲਰ, ਡਾ. ਕਮਲ ਕਿਸ਼ੋਰ ਕਾਰਜਕਾਰੀ ਐਸ ਐਮ ਓ, ਸਨਤਕਾਰ ਅਸ਼ੋਕ ਸੇਠੀ ਆਦਿ ਨੇ ਵੀ 'ਆਓ ਪੁੰਨ ਕਮਾਈਏ' ਪ੍ਰੋਜੈਕਟ ਲਈ ਆਪਣੇ ਸੰਬੋਧਨ ਵਿਚ ਸਰਬ ਨੌਜਵਾਨ ਸਭਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਹਰਜਿੰਦਰ ਗੋਗਨਾ ਨੇ ਬਾਖੂਬੀ ਨਿਭਾਈ। ਅਖੀਰ ਵਿਚ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਪਹੁੰਚਣ ਲਈ ਧੰਨਵਾਦ ਕੀਤਾ। ਉਹਨਾਂ ਸਮੂਹ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਵਰਤੋਂ ਵਿਚ ਲਿਆਂਦੀਆਂ ਜਾ ਚੁੱਕੀਆਂ ਦਵਾਈਆਂ ਜਿਹਨਾਂ ਦੀ ਐਕਪਾਇਰੀ ਡੇਟ ਨਹੀਂ ਲੰਘੀ ਹੈ ਵੀ ਸੰਸਥਾ ਨੂੰ ਦਾਨ ਕਰਨ ਤਾਂ ਜੋ ਡਾਕਟਰਾਂ ਦੀ ਸਲਾਹ ਨਾਲ ਇਹ ਦਵਾਈਆਂ ਅਜਿਹੇ ਲੋੜਵੰਦਾਂ ਤੱਕ ਪਹੁੰਚਾਈਆਂ ਜਾ ਸਕਣ ਜੋ ਦਵਾਈਆਂ ਬਾਜ਼ਾਰ ਤੋਂ ਮਹਿੰਗੀਆਂ ਖਰੀਦਣ ਵਿਚ ਅਸਮਰਥ ਹਨ।

ਇਸ ਮੌਕੇ ਕੌਂਸਲਰ ਹੁਸਨ ਲਾਲ, ਬਲਜਿੰਦਰ ਸਿੰਘ ਸਰਪੰਚ, ਵਿਜੇ ਕੁਮਾਰ ਸਰਪੰਚ, ਆਰ.ਐਸ.ਐਸ. ਆਗੂ ਰੋਹਿਤ ਪ੍ਰਭਾਕਰ, ਸ਼ਿਵ ਹਾਂਡਾ, ਬਿਕਰਮਜੀਤ ਵਾਲੀਆ, ਰਜਿੰਦਰ ਘੇੜਾ, ਰਾਜ ਕੁਮਾਰ ਕਨੌਜੀਆ, ਓਂਕਾਰ ਜਗਦੇਵ, ਡਾ. ਵਿਜੇ ਕੁਮਾਰ, ਪੰਜਾਬੀ ਗਾਇਕ ਮਨਮੀਤ ਮੇਵੀ, ਬੀ.ਕੇ. ਰੱਤੂ, ਤੇਜਵਿੰਦਰ ਦੁਸਾਂਝ, ਪਰਸ ਰਾਮ ਸ਼ਿਵ ਪੁਰੀ, ਕੁਲਬੀਰ ਸਿੰਘ ਬੜਿੰਗ (ਕਨੇਡਾ), ਪਰਵਿੰਦਰ ਜੀਤ ਸਿੰਘ, ਪ੍ਰਿਤਪਾਲ ਕੌਰ ਤੁਲੀ, ਨਿਰੰਜਣ ਸਿੰਘ ਬਿਲਖੂ, ਸੰਦੀਪ ਦੀਪਾ, ਅੰਮ੍ਰਿਤਪਾਲ ਸਿੰਘ ਚੀਮਾ ਸਰਪੰਚ, ਰੇਸ਼ਮ ਗੋਬਿੰਦਪੁਰਾ,ਬਿੰਦਰ ਪਾਲ ਤੇਜ਼ੀ, ਹਰੀਸ਼ ਕੁਮਾਰ ਵਿਰਦੀ ਸਰਪੰਚ, ਇੰਦਰ ਮੋਹਨ ਸੋਨਾ, ਹਰਵਿੰਦਰ ਸੈਣੀ, ਡਾ. ਨਰੇਸ਼ ਕੁਮਾਰ, ਆਰ ਪੀ ਸ਼ਰਮਾ, ਅਸ਼ੋਕ ਸ਼ਰਮਾ, ਅਨੂਪ ਦੁੱਗਲ,ਜਸਵਿੰਦਰ ਭਗਤਪੁਰਾ ਆਦਿ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜ਼ਰ ਸਨ।

### ਢੋਲ ਪੋਲ ਖੋਲ੍ਹ!

ਆ ਗਿਆ ਬਟੇਰਾ ਸੀ ਪੈਰ ਥੱਲੇ
ਦਸ ਸਾਲ ਚਲਾ ਲਈਆਂ ਚੰਮ ਦੀਆਂ।

ਬਿਨਾਂ ਲੁੱਟਣੇ ਪੁੱਟਣੇ ਕੁੱਟਣੇ ਤੋਂ
ਗੱਲਾਂ ਕੀਤੀਆਂ ਕੋਈ ਨਾ ਕੰਮ ਦੀਆਂ।

ਰੇਤੇ ਬਜਰੀਆਂ ਵੇਚ ਕੇ ਨਸ਼ੇ-ਪੱਤੇ
ਬੱਸ ਬੋਰੀਆਂ ਭਰੀਆਂ ਸੀ 'ਦੰਮ' ਦੀਆਂ।

ਨਾਲੇ ਵਰਤੀਆਂ ਗੋਲ੍ਹਕਾਂ ਸਿਆਸਤਾਂ ਲਈ
ਰੀਤਾਂ ਸੁੱਚੀਆਂ ਰੋਲ਼ੀਆਂ ਧਰਮ ਦੀਆਂ।

ਤੀਜੇ ਥਾਂਹ 'ਤੇ ਵੋਟਰਾਂ ਸੁੱਟ 'ਤੇ ਸੀ
ਨੇੜੇ ਹੋਣ ਲਈ ਹਉਕੇ ਹੁਣ ਭਰਨ ਲੱਗੇ।

ਭਰਿਆ ਆਪਣਾ 'ਢੋਲ' ਹੈ ਨਾਲ ਗੱਪਾਂ
'ਪੋਲ ਖੋਲ੍ਹ' ਉਹ ਰੈਲੀਆਂ ਕਰਨ ਲੱਗੇ!



**– ਤਰਲੋਚਨ ਸਿੰਘ 'ਦੁਪਾਲਪੁਰ'**
**001-408-915-1268**

### ਡਰ ਨਾਲ ਨਹੀਂ ਨਿਡਰ ਹੋ ਕੇ ਕਰੋ ਤਿਆਰੀ

'ਪ੍ਰੀਖਿਆ ਤੇ ਚਰਚਾ : ਪ੍ਰਧਾਨਮੰਤਰੀ ਮੋਦੀ ਦੇ ਨਾਲ ' ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦਸਵੀਂ ਤੇ ਬਾਰ੍ਹਵੀ ਡਰ ਵਿਦਿਆਰਥੀਆਂ ਨੂੰ ਆਤਮ-ਵਿਸ਼ਵਾਸ ਤੇ ਇਕਗਰਤਾ ਨਾਲ ਪ੍ਰੀਖਿਆ ਦੇਣ ਦੀ ਗੱਲ ਕੀਤੀ। ਇਹ ਬਹੁਤ ਵੱਡੀ ਗੱਲ ਹੈ ਕੀ ਇਕ ਦੇਸ਼ ਦਾ ਪ੍ਰਧਾਨਮੰਤਰੀ ਦੇਸ਼ ਦੇ ਬੱਚਿਆਂ ਲਈ ਕਿੰਨਾ ਵਧਿਆ ਸੋਚ ਰਹੇ ਅਤੇ ਪ੍ਰੀ-ਖਿਆ ਨੂੰ ਬੋਝ ਨਾ ਸਮਝ ਕੇ ਓਹਨਾਂ ਨੂੰ ਸਹੀ ਤਰੀਕੇ ਨਾਲ ਤੈਆਰੀ ਕਰਨ ਲਈ ਛੋਟੇ -ਛੋਟੇ ਵਿਸ਼ਾ ਉੱਪਰ ਵੱਡੇ-ਵੱਡੇ ਟਿਪਸ ਦੇ ਰਹੇ ਹਨ। ਨਾਲ ਹੀ ਬੱਚਿਆਂ ਦੇ ਮਾਂ-ਬਾਪ ਨੂੰ ਵੀ ਸੰਦੇਸ਼ ਦਿੱਤਾ ਕੀ ਉਹ ਆਪਣੇ ਅਧੂਰੇ ਸਪਨੇ ਨੂੰ ਬੱਚਿਆਂ ਉਪਰ ਨਾ ਥੋਪਣ। ਕਿਉਂਕਿ ਮਾਂ- ਬਾਪ ਆਪਣੇ ਬੱਚਿਆਂ ਨੂੰ ਚੰਗੇ ਨੰਬਰ ਲਿਆਉਣ ਲਈ ਤੇ ਦੂਜੇ ਬੱਚਿਆਂ ਨਾਲ ਓਹਨਾ ਦੀ ਤੁਲਨਾ ਕਰਦੇ ਹੈ। ਜਿਸ ਦੇ ਨਾਲ ਬੱਚੇ ਦਬਾਓ ਚ ਆ ਕੇ ਪ੍ਰੀਖਿਆ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕਰ ਪਾਂਦੇ। ਜਿਸ ਦੇ ਨਾਲ ਬੱਚੇ ਡਿਪਰੈਸ਼ਨ ਵਿੱਚ ਚਲੇ ਜਾਂਦੇ ਹਨ। ਇਸ ਲਈ ਮਾਂ- ਬਾਪ ਨੂੰ ਚਾਹਿਦਾ ਕੀ ਪ੍ਰੀਖਿਆ ਦੀ ਤਿਆਰੀ ਦੇ ਨਾਲ -ਨਾਲ ਓਹਨਾ ਨਾਲ ਵੱਧ ਤੋਂ ਵੱਧ ਸਮੇਂ ਬਿਤਾਉਣ। ਬੱਚਿਆਂ ਨੂੰ ਵੀ ਚਾਹਿਦਾ ਕੀ ਪ੍ਰੀਖਿਆ ਦੀ ਤਿਆਰੀ ਦੇ ਦੌਰਾਨ ਮੈਡੀਟੇਸ਼ਨ ਜਾਂ ਕੁਝ ਛੋਟੇ-ਮੋਟੇ ਕਸਰਤ ਕਰਨੀ ਚਾਹੀਦੀ। ਜਿਸ ਦੇ ਨਾਲ ਉਹਨਾਂ ਦਾ ਸਰੀਰ ਵੀ ਤੰਦਰੁਸਤ ਵੀ ਰਹੇ। ਜੇਕਰ ਵਿਦਿਆਰਥੀ ਪ੍ਰੀਖਿਆ 'ਚ ਚੰਗਾ ਪ੍ਰਦਰਸ਼ਨ ਨਹੀਂ ਕਰ ਪਾਂਦੇ ਤਾਂ ਉਹਨਾਂ ਨੂੰ ਨਿਰਾਸ਼ ਹੋਣ ਦੀ ਥਾਂ ਆਪਣੀ ਗ਼ਲਤੀਆਂ ਨੂੰ ਸੁਧਾਰ ਕੇ ਪੂਰੇ ਵਿਸ਼ਵਾਸ ਨਾਲ ਪ੍ਰੀਖਿਆ ਦੇਣੇ ਚਾਹੀਦੇ।



**– ਭਾਵਨਾ**
ਕੇਅਮਵੀ ਕਾਲਜ, ਜਲੰਧਰ



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)






ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਗੁਰੂ ਪਿਆਰੀ ਸਾਧ ਸੰਗਤ ਜੀ

ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ 31 ਜਨਵਰੀ ਨੂੰ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਸੀ ਪਰ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਆਪ ਸਭ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 641ਵਾਂ ਗੁਰਪੁਰਬ ਦਿਹਾੜਾ 4 ਮਾਰਚ 2018 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾ ਰਹੀ ਹੈ।

## ਪ੍ਰੋਗਰਾਮਾਂ ਦਾ ਵੇਰਵਾ

* 2 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ
* 3 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ
  ਇਸ ਉਪਰੰਤ ਸ਼ਾਮ 6 ਵਜੇ ਤੋਂ ਲੈ ਕੇ 8 ਵਜੇ ਤੱਕ ਕੀਰਤਨ ਦੀਵਾਨ ਸਜਣਗੇ।
* 4 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ
* ਉਸ ਉਪਰੰਤ ਬਾਅਦ ਦੁਪਹਿਰ ਕੀਰਤਨ ਦੀਵਾਨ ਸਜਣਗੇ, ਜਿਸ ਦੌਰਾਨ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ ਆਪਣੇ ਵਿਚਾਰ ਰੱਖਣਗੇ।
* ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜਰੀਆਂ ਲਗਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**
**ਗੁਰੂ ਘਰ**
**559-486-3091**




## ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ)

## 5025 S. CHERY AVE., FRESNO (CALIFORNIA) 93706

# ਧਰਮਸ਼ਾਲਾ ਨਾ ਦਿੱਤੀ ਤਾਂ ਲੋਕਾਂ ਨੇ ਟੈਂਟ ਲਗਾ ਕੇ ਮਨਾਈ ਰਵਿਦਾਸ ਜਯੰਤੀ

**ਲੁਧਿਆਣਾ–** ਸਤਿਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ’ਤੇ ਪਿੰਡ ਕੜਿਆਲਾ ਦੀ ਰਵਿਦਾਸ ਧਰਮਸ਼ਾਲਾ ਵਿਚ ਸਮਾਗਮ ਦੀ ਮਨਾਹੀ ਕਰਨ ’ਤੇ ਪਿੰਡ ਦੇ ਲੋਕਾਂ ਨੇ ਮਿਲ ਕੇ ਸੜਕ ’ਤੇ ਟੈਂਟ ਲਗਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਧਾਰਮਿਕ ਸਮਾਗਮ ਆਯੋਜਿਤ ਕੀਤਾ। ਗੁਰੂ ਰਦਿਾਸ ਜੀ ਦੀ ਬਾਣੀ ਦੇ ਕੀਰਤਨ ਕਰ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਗੁਰੂ ਕਾ ਲੰਗਰ ਲਗਾਇਆ ਗਿਆ। ਸਮਾਗਮ ਆਯੋਜਿਤ ਕਰਨ ਵਾਲੇ ਪਿੰਡ ਦੇ ਗਰੀਬਦਾਸ ਮਾਹੀ, ਯੁਵਰਾਜ ਸਿੰਘ, ਬਲਵਿੰਦਰ ਸਿੰਘ, ਤਲਵਿੰਦਰ ਸਿੰਘ ਅਤੇ ਜਸਵੀਰ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਪਿੰਡ ਵਿਚ 1972 ਤੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਧਰਮਸ਼ਾਲਾ ਪਿੰਡ ਵੱਲੋਂ ਬਣਾਈ ਗਈ ਹੈ। ਇਸ ਵਿਚ ਅਕਸਰ ਧਾਰਮਿਕ ਸਮਾਗਮ ਕੀਤੇ ਜਾਂਦੇ ਹਨ। ਉਹਨਾਂ ਨੇ ਦੋਸ਼ ਲਗਾਇਆ ਕਿ ਸਰਪੰਚ ਅਤੇ ਉਹਨਾਂ ਦੇ ਕੁਝ ਸਾਥੀਆਂ ਨੇ ਉਹਨਾਂ ਦੇ ਪਿੰਡ ਦੀ ਧਰਮਸ਼ਾਲਾ ਨੂੰ ਜਿੰਦਰੇ ਜੜ੍ਹ ਦਿੱਤੇ ਹਨ। ਪਿੰਡ ਦੇ ਲੋਕਾਂ ਨੇ ਦੱਸਿਆ ਕਿ ਪਿੰਡ ਕੜਿਆਣਾ ਵਿਚ ਕਰੀਬ 220 ਪਰਿਵਾਰ ਰਹਿੰਦੇ ਹਨ। 2010 ਵਿਚ ਪਿੰਡ ਦੇ ਇੱਕਾ–ਦੁੱਕਾ ਪਰਿਵਾਰਾਂ ਨੇ ਮਿਲ ਕੇ ਉਹਨਾਂ ਦੀ ਧਰਮਸ਼ਾਲਾ ਵਿਚ ਰਵਿਦਾਸ ਜੀ ਦੀ ਬਾਣੀ ਦਾ ਗੁਟਕਾ ਸਾਹਿਬ ਰੱਖ ਕੇ ਉਹਨਾਂ ਦਾ ਨਿਸ਼ਾਨ ਸਾਹਿਬ ਚੜ੍ਹਾਇਆ ਸੀ। ਉਥੇ ਰਵਿਦਾਸ ਜੀ ਦਾ ਨਿੱਤਨੇਮ ਕਰਨ ਲੱਗੇ ਅਤੇ ਉਹ ਚਾਹੁੰਦੇ ਸਨ ਕਿ ਪੂਰਾ ਪਿੰਡ ਵੀ ਇਸ ਤਰ੍ਹਾਂ ਰਵਿਦਾਸ ਜੀ ਦੀ ਬਾਣੀ ਨੂੰ ਹੀ ਮੰਨੇ। ਪਿੰਡ ਦੇ ਜ਼ਿਆਦਾਤਰ ਪਰਿਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਮੰਨਦੇ ਹਨ। ਇਸ ਕਾਰਨ ਪਿੰਡ ਦੇ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਧਰਮਸ਼ਾਲਾ ਵਿਚ ਨਹੀਂ ਕਰਨ ਦਿੱਤਾ ਗਿਆ। ਪਿੰਡ ਦੇ ਗਰੀਬਦਾਸ ਮਾਹੀ, ਅਸ਼ੋਕ ਕੁਮਾਰ, ਕੁਲਦੀਪ ਸਿੰਘ, ਰਾਮ ਕਿਸ਼ਨ ਆਦਿ ਨੇ ਦੱਸਿਆ ਕਿ ਉਹ ਲੁਧਿਆਣਾ ਦੇ ਡੀ. ਸੀ. ਪ੍ਰਦੀਪ ਅਗਰਵਾਲ ਅਤੇ ਪੁਲਿਸ ਕਮਿਸ਼ਨਰ ਆਰ. ਐਨ. ਢੋਕੇ ਨੂੰ ਇਸ ਸਬੰਧੀ ਸ਼ਿਕਾਇਤ ਦੇਣਗੇ।



**ਲੋਕਾਂ ਨਾਲ ਮਿਲ ਕੇ ਧਾਰਮਿਕ ਸਮਾਗਮ ਕਰਾਵਾਂਗਾ– ਸਰਪੰਚ**

ਪਿੰਡ ਦੀ ਧਰਮਸ਼ਾਲਾ ਵਿਚ ਰਵਿਦਾਸ ਜੀ ਦਾ ਨਿਸ਼ਾਨ ਸਾਹਿਬ ਲਗਾਇਆ ਗਿਆ ਹੈ। ਇਯ ਥਾਂ ’ਤੇ ਰਵਿਦਾਸ ਜੀ ਦੀ ਬਾਣੀ ਦਾ ਨਿਤਨੇਮ ਹੁੰਦਾ ਹੈ। ਮੈਂ ਚਾਹੁੰਦਾ ਹਾਂ ਕਿ ਲੋਕਾਂ ਨਾਲ ਮਿਲ ਕੇ ਧਾਰਮਿਕ ਸਮਾਗਮ ਕਰਵਾਇਆ ਜਾਵੇ। ਮੈਂ ਇਸ ਦੇ ਲਈ ਪਿੰਡ ਦੇ ਲੋਕਾਂ ਨੂੰ ਕਿਹਾ ਹੈ ਕਿ ਉਹ ਮਿਲ ਕੇ ਸਮਾਗਮ ਮਨਾਉਣ। – ਸੁੱਚਾ ਸਿੰਘ, ਸਰਪੰਚ ਪਿੰਡ ਕੜਿਆਣਾ

**– ਨਿਰਮਲ ’ਪ੍ਰੇਮੀ’ ਰਾਮਗੜ੍ਹ 91–94631–61691**

# ਬੜੀ ਆਸ ਨਾਲ ਲਿਸਟ ਵਿਚ ਨਾਂ ਠੀਕ ਕਰਵਾਉਣ ਪਹੁੰਚਿਆ ਅਪਾਹਜ

## ਡੀ.ਸੀ.ਦਫਤਰ ਤੇ ਮੁਲਾਜ਼ਮਾਂ ਨੇ ਖਾਲੀ ਮੋੜਿਆ

**ਲੁਧਿਆਣਾ–** ਸ਼ਹੀਦ ਭਗਤ ਸਿੰਘ ਨਗਰ ਦਾ ਰਹਿਣ ਵਾਲਾ ਅਪਾਹਜ ਸ਼ਾਮਜੀਤ ਦੇ ਕੋਲ ਵੋਟਰ ਕਾਰਡ ਤਾਂ ਹੈ ਪਰ ਵੋਟਰ ਲਿਸਟ ਵਿਚ ਉਸ ਦਾ ਨਾਂ ਕੱਟ ਦਿੱਤਾ



ਗਿਆ। ਇਸੇ ਸਿਲਸਿਲੇ ਵਿਚ ਉਹ ਬੜੀ ਔਖਿਆਈ ਦੇ ਨਾਲ ਡੀ. ਸੀ. ਦਫਤਰ ਵਿਖੇ ਵੋਟਰ ਲਿਸਟ ਵਿਚ ਆਪਣਾ ਨਾਂ ਠੀਕ ਕਰਵਾਉਣ ਲਈ ਪਹੁੰਚਿਆ। ਪਰ ਦਫਤਰ ਵਾਲਿਆਂ ਨੇ ਉਸ ਨੂੰ ਇਹ ਕਹਿ ਕੇ ਮੋੜ ਦਿੱਤਾ ਕਿ ਪਹਿਲਾਂ ਪ੍ਰਧਾਨ ਤੋਂ ਲਿਖਵਾ ਕੇ ਲਿਆ।

**– ਨਿਰਮਲ ’ਪ੍ਰੇਮੀ’ ਰਾਮਗੜ੍ਹ 91–94631–61691**

# ਟਿਕਟ ਨਾ ਮਿਲਣ ਤੋਂ ਨਿਰਾਸ਼ ਅਜਾਦ ਚੋਣ ਲੜ ਰਹੇ ਹਰਦੀਪ ਸਿੰਘ ਮੁੰਡੀਆਂ ਨੇ ਦੇਹਾਤੀ ਦੇ ਮੀਤ ਪ੍ਰਧਾਨ ਦੇ ਅਹੁਦੇ ਤੋਂ ਦਿੱਤਾ ਅਸਤੀਫਾ

**ਲੁਧਿਆਣਾਂ/ ਸਾਹਨੇਵਾਲ (ਭਾਟੀਆ)–** ਕਾਂਗਰਸ ਪਾਰਟੀ ਦੇ ਦੇਹਾਤੀ ਦੇ ਮੀਤ ਪ੍ਰਧਾਨ ਅਤੇ ਹੁਣ ਟਿਕਟ ਨਾ ਮਿਲਣ ਤੇ ਵਾਰਡ ਨੰ: 26 ਤੋਂ ਅਜਾਦ ਉਮੀਦਵਾਰ ਦੇ ਤੌਰ ਤੇ ਚੋਣ ਲੜ ਰਹੇ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਆਪਣੇ ਆਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਅਸਤੀਫਾ ਦੇਣ ਦਾ ਕਾਰਨ ਉਨਾਂ ਐਨ ਮੌਕੇ ਤੇ ਆ ਕੇ ਟਿਕਟ ਕੱਟੇ ਜਾਣਾ ਕਿਹਾ ਪਰ ਉਨਾਂ ਨਾ ਤਾਂ ਪਾਰਟੀ ਹਾਈ ਕਮਾਂਡ ਅਤੇ ਨਾ ਹੀ ਹਲਕਾ ਸਾਹਨੇਵਾਲ ਦੀ ਨੁੰਮਾਇੰਦਗੀ ਕਰ ਰਹੀ ਬੀਬੀ ਸਤਵਿੰਦਰ ਕੌਰ ਬਿੱਟੀ ਨੂੰ ਇਸ ਲਈ ਜਿੰਮੇਵਾਰ ਠਹਿਰਾਇਆ, ਬਲਕਿ ਹਲਕਾ ਜਗਰਾਓ ਤੋਂ ਲੰਘੀਆਂ ਵਿਧਾਨ ਸਭਾ ਚੋਣਾਂ ਲੜ ਚੁੱਕੇ ਸਾਬਕਾ ਮੰਤਰੀ ਅਤੇ ਵਾਰਡ ਨੰ: 26 ਦੇ ਉਮੀਦਵਾਰ ਨੂੰ ਇਸ ਲਈ ਜਿੰਮੇਵਾਰ ਠਹਿਰਾਇਆ। ਉਨਾਂ ਕਿਹਾ ਕਿ ਬੀਬੀ ਬਿੱਟੀ ਦੇ ਆਸ਼ੀਰਵਾਦ ਨਾਲ ਉਹ ਪਿਛਲੇ ਕਈ ਮਹੀਨਿਆਂ ਤੋਂ ਪੁਰਾਣੇ ਵਾਰਡ ਨੰ: 12 ਤੋਂ ਨਵੇਂ ਬਣੇ ਵਾਰਡ ਨੰ: 26 ਅਤੇ 27 ਵਿੱਚ ਵਿਚਰ ਰਿਹਾ ਸੀ।



ਉਥੇ ਬੀਬੀ ਬਿੱਟੀ ਦੇ ਉੱਦਮਾਂ ਸਦਕਾ ਸਰਕਾਰ ਦੇ ਖਾਤੇ ਚੋਂ ਬਹੁਤ ਸਾਰੇ ਰੁਕੇ ਕੰਮ ਕਰਵਾਏ ਅਤੇ ਲੱਖਾਂ ਦੀ ਲਾਗਤ ਦੇ ਕੰਮ ਆਪਣੀ ਨਿੱਜੀ ਵਿੱਚੋਂ ਵੀ ਖਰਚ ਕਰਕੇ ਕਰਵਾਏ। ਦੋਵਾਂ ਵਾਰਡਾਂ ਵਿੱਚ ਵਿਕਾਸ ਦੀ ਡੌਂਡੀ ਪਿੱਟਣ ਵਾਲਾ ਅਕਾਲੀ ਦਲ ਖੁੱਡੇ ਲਾਈਨ ਲਗਾ ਦਿੱਤਾ ਗਿਆ ਸੀ ਅਤੇ ਕਾਂਗਰਸ ਦੀ ਤੂਤੀ ਬੋਲਣ ਲੱਗੀ ਸੀ। ਅਕਾਲੀ ਕੌਂਸਲਰ ਨਾਲ ਅੰਦਰੂਨੀ ਗੰਢਤੁਪ ਰੱਖਣ ਵਾਲੇ ਮੌਜੂਦਾ ਉਮੀਦਵਾਰ ਨੂੰ ਏਹ ਹਜਮ ਨਹੀ ਸੀ ਹੋ ਰਿਹਾ ਅਤੇ ਉਸਨੇ ਗੰਦੀ ਸਿਆਸਤ ਖੇਡਦਿਆਂ ਮੇਰੀ ਟਿਕਟ ਕਟਵਾ ਦਿੱਤੀ। ਮੇਰੀ ਟਿਕਟ ਕੱਟੇ ਜਾਣ ਤੇ ਅਕਾਲੀਆਂ ਦੀਆਂ ਉਨਾਂ ਸੰਘੀਆਂ ਵਿੱਚ ਦੁਬਾਰਾ ਅਵਾਜ ਆ ਗਈ ਜਿਨਾਂ ਦੇ ਸਾਹ ਸੁੱਕੇ ਪਏ ਸਨ। ਉਨਾਂ ਕਿਹਾ ਕਿ ਮੇਰੀ ਟਿਕਟ ਕੱਟੇ ਜਾਣ ਦੀ ਖਬਰ ਦੀ ਖੁਸ਼ੀ ਵਿੱਚ ਅਕਾਲੀ ਖੇਮੇ ਵਿੱਚ ਲੱਡੂ ਵੰਡੇ ਜਾਣਾ ਮੌਜੂਦਾ ਕਾਂਗਰਸੀ ਉਮੀਦਵਾਰ ਦੀ ਕੰਮਜੋਰੀ ਨੂੰ ਸਾਬਿਤ ਕਰਦਾ ਹੈ। ਉਹਨਾਂ ਕਿਹਾ ਕਿ ਕਾਂਗਰਸ ਦਾ ਉਮੀਦਵਾਰ ਅਤੇ ਉਸਦੇ ਸਮੱਰਥਕ ਇਸ ਸਵਾਲ ਦਾ ਜਵਾਬ ਜਰੂਰ ਦੇਣ ਕੇ ਅੱਜ ਅਕਾਲੀ ਉਮੀਦਵਾਰ ਅਤੇ ਉਸਦੇ ਸਮੱਰਥਕ ਭੰਗੜੇ ਕਿਉਂ ਪਾ ਰਹੇ ਹਨ। ਵਾਰਡ ਦੇ ਵੋਟਰ ਹਰ ਗੱਲ ਨੂੰ ਸਮਝਦੇ ਹਨ ਅਤੇ ਅੱਜ ਵੀ ਮੇਰੇ ਨਾਲ ਚੱਟਾਨ ਵਾਂਗ ਖੜੇ ਹਨ। ਮੈਨੂੰ ਲੋਕਾਂ ਵੱਲੋਂ ਦਿੱਤੇ ਪਿਆਰ ਤੇ ਪੂਰਨ ਭਰੋਸਾ ਹੈ ਕਿ ਮੈਂ ਏਹ ਸੀਟ ਵੱਡੀ ਲੀਡ ਨਾਲ ਜਿੱਤ ਕੇ ਕਾਂਗਰਸ ਅਤੇ ਬੀਬੀ ਬਿੱਟੀ ਦੇ ਝੋਲੀ ਪਾਵਾਂਗਾ ਅਤੇ ਮੁੜ ਸਨਮਾਨ ਜਨਕ ਅਹੁਦਾ ਲਵਾਂਗਾ। ਉਨਾਂ ਕਿਹਾ ਕਿ ਅਕਾਲੀ ਕੌਂਸਲਰ ਭੰਗੜੇ ਨਾ ਪਾਵੇ ਕਿਉਂਕਿ ਸੰਗਤ ਦੇ ਆਸ਼ੀਰਵਾਦ ਨਾਲ ਅਜੇ ਮੈਂ ਚੋਣ ਮੈਦਾਨ ’ਚ ਹਾਂ ਤੇ ਮੇਰੀ ਜਿੱਤ ਯਕੀਨੀ ਹੈ। ਇਸ ਮੌਕੇ ਬਲਦੇਵ ਸਿੰਘ ਮੰਡੇਰ, ਜੋਗਿੰਦਰ ਸਿੰਘ, ਸੁਰਜੀਤ ਸਿੰਘ ਗਰਚਾ, ਇਕਬਾਲ ਸਿੰਘ, ਬਿੱਟੂ ਮੁੰਡੀਆਂ, ਕੁਲਵੰਤ ਸਿੰਘ, ਕੁਲਵਿੰਦਰ ਸਾਰਦੇ, ਗਗਨਦੀਪ ਸੈਣੀ ਅਤੇ ਵੱਡੀ ਗਿਣਤੀ ਵਿੱਚ ਹੋਰ ਸਮੱਰਥਕ ਹਾਜਰ ਸਨ।

## ਚੋਰੀ ਯਾਰੀ ਰਿਸ਼ਵਤਖੋਰੀ



ਸਬ ਦੀ ਚਲਦੀ ਠੱਗਾ ਠੋਰੀ
ਸੱਚ ਦਾ ਬਸ ਢੰਡੋਰਾ ਕੁੱਟਦੇ
ਅੰਦਰ ਵੜ ਕੇ ਸਾਰੇ ਲੁੱਟਦੇ
ਤੂੰ ਵੀ ਝੱਲਿਆ ਅੰਦਰ ਵੜ ਕੇ
ਦੁੱਧ ਮਲਾਈਆਂ ਖਾ ਲੈ
ਜਿੱਥੇ ਚਲਦੈ ਤੀਰ ਚਲਾਲੈ
ਜਿੱਥੇ ਲਗਦਾ ਤੁੱਕਾ ਲਾ ਲੈ

ਸਾਧ ਬੂਬਨੇ ਵੀ ਤਾਂ ਲੁੱਟਦੇ
ਗਿੱਟਿਆਂ ਤੀਕਰ ਪਾ ਕੇ ਚੋਲ਼ੇ
ਭੇਡਾਂ ਵਾਂਗੂੰ ਉੰਨ ਲਹਾਉਂਦੇ
ਦੇਸ਼ ਮੇਰੇ ਦੇ ਲੋਕੀ ਭੋਲ਼ੇ
ਤੂੰ ਫਿਰ ਪਿੱਛੇ ਕਾਹਤੋਂ ਰਹਿੰਨੈ
ਤੂੰ ਵੀ ਚੋਲ਼ਾ ਪਾ ਲੈ

ਥੱਲਿਉਂ ਲੈ ਕੇ ਉੱਪਰ ਤੀਕਰ
ਡਾਹਢੀ ਲੁੱਟ ਮਚਾਈ ਜਾਂਦੇ
ਵੇਖਣ ਨੂੰ ਨੇ ਮੋਮੋਠੱਗਣੇ
ਜੀ ਜੀ ਕਰ ਕੇ ਖਾਈ ਜਾਂਦੇ
ਤੂੰ ਕਿਉਂ ਘਾਟੇ ਦੇ ਵਿੱਚ ਫਿਰਦੈਂ
ਤੂੰ ਵੀ ਨਫ਼ਾ ਕਮਾ ਲੈ

ਇੱਕ ਗੱਲ ਮੇਰੀ ਪੱਲੇ ਬੰਨ੍ਹ ਲਈਂ
ਚੰਗੇ ਕੰਮ ਕਰੇ ਸੋ ਬੰਦਾ
ਜੋ ਕੁਝ ਤੈਨੂੰ ਨਜ਼ਰੀਂ ਆਵੇ
ਇਹ ਹੈ ਸਾਰਾ ਝੂਠ ਪਲੰਦਾ
ਦੁਨੀਆਂ ਵੱਸ ਨਹੀਂ ਆਉਣੀ
ਖੁਦ ਨੂੰ "ਵੀਰਪਾਲ" ਸਮਝਾ ਲੈ
ਵੇ ਤੂੰ ਚੰਗੇ ਕਰਮ ਕਮਾ ਲੈ
ਵੇ ਤੂੰ ਰੱਬ ਦਾ ਨਾਮ ਧਿਆ ਲੈ

**ਵੀਰਪਾਲ ਕੌਰ "ਭੱਠਲ"**
**ਮੋਬ: 85679–92445**

## ਅੰਬਰਾਂ ਦੇ ਬਾਦਸ਼ਾਹ

ਦੇਖ ਕੇ ਸੱਤਾ ਦੀ
ਚਕਾ ਚੌਂਦ
ਕੋਈ ਚਿੱਟ ਕੱਪੜਿਆਂ
ਸ਼ਿੰਗਾਰਦਾ ਉੱਜਲੇ ਭਵਿੱਖ
ਵੱਲ ਤੁਰਦੇ ਕਦਮਾਂ ਨੂੰ
ਚਲੋ ਲੱਭੀਏ
ਰੌਸ਼ਨੀ ਦਾ ਸਿਰਨਾਵਾਂ
ਕਿਸੇ ਮਾਂ ਦੀਆਂ ਅੱਖਾਂ ਦੇ
ਤਾਰੇ ਬਣ ਜਾਂਦੇ
ਬਲਦੇ ਅੰਗਿਆਰਾਂ ਵਰਗੇ
ਹਥਿਆਰਾਂ ਦੇ ਸ਼ੋਰ ਵਿੱਚ
ਗੁੰਮ ਜਾਂਦੇ ਨੇ
ਸ਼ੰਗਨਾਂ ਦੇ ਗੀਤ
ਮਾਂ ਦੇ ਲਾਡਲੇ ’ਹਰਜਿੰਦਰ’
ਬਣ ਜਾਂਦੇ ’ਵਿੱਕੀ ਗੌਂਡਰ’
ਬੈਠ ਸੁਨਹਿਰੀ ਕੁਰਸੀ
ਚਿੱਟ ਕੱਪੜਿਆਂ ਸੋਚਦਾ
ਰਾਹ ਜਾਣ ਗਏ ਨੇ
ਚਾਨਣ ਦਾ
ਇਸ ਤੋਂ ਪਹਿਲਾਂ
ਸੂਰਜ ਬਣ ਚਮਕਣ
ਇਹਨਾਂ ਦਾ ਛਿੱਪਣਾ ਜਰੂਰੀ ਹੈ
ਗ੍ਰਹਿਣ ਲਾਉਂਦਾ
ਇਲਜ਼ਾਮਾਂ ਦਾ
ਲਾ ਕੇ ਜਾਲ ਸਾਜਿਸ਼ਾਂ ਦਾ
ਫਸਾ ਲੈਂਦਾ ਚੀਨੇ
ਕਬੂਤਰਾਂ ਵਰਗੇ
ਅੰਬਰਾਂ ਦੇ ਬਾਦਸ਼ਾਹਾਂ ਨੂੰ
ਤੇ ਹਜ਼ਾਰਾਂ ਸੁਪਨਿਆਂ
ਭਰੀ ਛਾਤੀ
ਛੱਲਣੀ ਹੁੰਦੀ ਗੋਲੀਆਂ ਨਾਲ
ਸਿਹਰਿਆਂ ਨਾਲ ਵੈਣ ਗੂੰਜਦੇ
ਨਿਮਾਣੇ ਅੰਮੜੀ ਦੇ ਵਿਹੜੇ
ਮਾਵਾਂ ਦੇ ਜਾਇਓ
ਪਹਿਚਾਣ ਲਵੋ
ਆਪਣੇ ਸਿਰ ’ਤੇ ਧਰੇ
ਮੌਤ ਦੇ ਸਾਏ ਵਰਗੇ
ਹੱਥਾਂ ਨੂੰ
ਗਾਨੇ ਸਜਾਉਣ ਵਾਲੇ
ਹੱਥਾਂ ਵਿਚੋਂ ਸੁੱਟ ਕੇ
ਹਥਿਆਰਾਂ ਨੂੰ
ਪੂੰਝੋ ਮਾਂ ਦੀਆਂ
ਰਾਹ ਤੱਕਦੀ ਦੀਆਂ
ਅੰਨੀਆਂ ਅੱਖਾਂ ਵਿੱਚੋਂ ਅੱਥਰੂ
ਮੁੜ ਆਵੋ
ਰੱਖੜੀ ਵਾਲੇ ਗੁੱਟੋ
ਇੱਕ ਵਿੱਕੀ ਗੌਂਡਰ ਨੂੰ
ਮਾਰ ਕੇ ਪਤਾ ਨਹੀਂ
ਕਿੰਨੇ ਹੀ
ਗੌਂਡਰਾਂ ਦੇ ਜਨਮ ਦਾਤੇ
ਬਣ ਚੁੱਕੇ ਨੇ
ਇਹ ਦਹਿਸ਼ਤਾਂ ਦੇ ਵਾਰਸ
ਲਾਡਾਂ ਚਾਵਾਂ ਨਾਲ
ਪਾਲੇ ਓਹਦੇ ਸੂਰਜ ਵਰਗੇ
ਹਾੜੇ ਨਾ ਬਣਿਓ
ਕਿਸੇ ਹੱਥਾਂ ਦੀ ਕੱਠਪੁੱਤਲੀ
ਮਾਵਾਂ ਦੇ ਹੌਕੇ ਤੇ ਹੰਝੂ
ਮੁੱਕ ਜਾਣੇ
ਪਰ ਸ਼ਿਕਾਰੀਆਂ ਦੇ
ਨਿਸ਼ਾਨੇ ਤੇ ਗੋਲੀਆਂ
ਨਹੀਂ ਮੁੱਕਣੇ
ਮੁੜ ਆਵੋ
ਪਿੰਡ ਦੇ ਰਾਹ ਉਡੀਕਦੇ ਨੇ।



**– ਸੁਖਵਿੰਦਰ ਕੌਰ ’ਹਰਿਆਓ’**
**91–8427405492**

## ਬਾਲ ਕਵਿਤਾ/ ਪੱਕੇ ਪੇਪਰ



ਬੱਚਿਓ! ਮਨ ਲਗਾਕੇ ਕਰੋ ਪੜ੍ਹਾਈ,
ਪੱਕੇ ਪੇਪਰਾਂ ਦੀ ਹੁਣ ਵਾਰੀ ਆਈ।
ਸਮਾਂ ਸਾਰਣੀ ਬਣਾਉਣੀ ਹੈ ਜਰੂਰੀ,
ਤਾਂਹਿਓ ਵਿਸ਼ਿਆਂ ਦੀ ਹੋਣੀ ਦੁਹਰਾਈ।
ਬੱਚਿਓ! ਮਨ ਲਗਾਕੇ
ਟੀ ਖੇਡਣਾ ਹੁਣ ਬੰਦ ਕਰ ਦਿਓ,
ਕਿਤਾਬਾਂ ਨਾਲ ਹੀ ਬਸ ਯਾਰੀ ਲਾਈ।
ਬੱਚਿਓ! ਮਨ ਲਗਾਕੇ
ਪਿਛਲੇ ਘੱਟ ਅੰਕਾਂ ਨੂੰ ਭੁੱਲ ਜਾਓ,
ਐਂਤਕੀ ਵੱਧ ਦੀ ਕਰੋ ਟਰਾਈ।
ਬੱਚਿਓ! ਮਨ ਲਗਾਕੇ
ਲਿਖ–ਲਿਖ ਕੇ ਅਭਿਆਸ ਵੀ ਕਰਨਾ,
ਨੰਬਰ ਕੱਟਣਗੇ, ਜੇ ਗੰਦੀ ਹੋਈ ਲਿਖਾਈ।
ਬੱਚਿਓ! ਮਨ ਲਗਾਕੇ
ਸਿਹਤ ਆਪਣੀ ਦਾ ਰੱਖਣਾ ਧਿਆਨ,
ਲੈਣੀ ਨਾ ਪੈ ਜਾਏ ਪੇਪਰਾਂ ਵਿੱਚ ਦਵਾਈ।
ਬੱਚਿਓ! ਮਨ ਲਗਾਕੇ
ਸਵੇਰੇ ਜਲਦੀ ਉੱਠ ਕੇ ਪੜ੍ਹਦੇ ਵੇਲੇ,
ਦੂਰ ਕਰ ਦਿਓ ਤੁਸੀਂ ਹੁਣ ਰਜ਼ਾਈ।
ਬੱਚਿਓ! ਮਨ ਲਗਾਕੇ
ਰੌਣਕ , ਰੋਮਾਂਚਕ ਨੂੰ ਪਿੱਛੇ ਛੱਡਣ ਦੀ,
ਸਭ ਸਾਥੀਆਂ ਨੇ ਮਿਲ ਕਸਮ ਖਾਈ।
ਬੱਚਿਓ! ਮਨ ਲਗਾਕੇ
ਚੰਗੇ ਅੰਕ ਪ੍ਰਾਪਤ ਕਰ ਲਓ ਸਾਰੇ,
ਸਮਾਜ ਵਿੱਚ ਤੁਹਾਡੀ ਹੋਣੀ ਵਡਿਆਈ।
"ਚਮਨ" ਕਹੇ ਸਮਾਂ ਰੁਕਦਾ ਨਹੀਂ,
ਵਿਅਰਥ ਵਿੱਚ ਨਾ ਜਾਇਓ ਲੰਘਾਈ।
ਬੱਚਿਓ! ਮਨ ਲਗਾਕੇ ਕਰੋ ਪੜ੍ਹਾਈ,
ਪੱਕੇ ਪੇਪਰਾਂ ਦੀ ਹੁਣ ਵਾਰੀ ਆਈ।

**– ਚਮਨਦੀਪ ਸ਼ਰਮਾ**
**91–95010 33005**

## ਮਾਂ ਤਾਂ ਕੇਵਲ ਪੁੱਤ ਜੰਮਦੀ ਏ



**ਪਰਸ਼ੋਤਮ ਲਾਲ ਸਰੋਏ**
**92175–44348**

ਵੈਰੀ ਹੋਇਆ ਪਿਆ ਜ਼ਮਾਨਾ, ਮਾਂ ਤੋਂ ਹੁੰਦਾ ਪੁੱਤ ਬੇਗ਼ਾਨਾ,
ਗੋਦੀ ਆਪ ਖਿਡਾਉਂਦੀ ਪਹਿਲਾਂ, ਫਿਰ ਬੰਨਦੀ ਸ਼ਗ਼ਨਾਂ ਦਾ ਗ਼ਾਨਾ,
ਹੋ ਗਿਆ ਜਦ ਉਹ ਜਗ ਦਾ ਵੈਰੀ, ਤਾਂ ਵਿਲਕਦੇ ਮਾਂ..
ਮਾਂ ਤਾਂ ਕੇਵਲ ਪੁੱਤ ਜੰਮਦੀ ਏ, ਦੁਸ਼ਮਣ ਨਾ ਜੰਮਦੀ ਮਾਂ।

ਚਾਵਾਂ ਨਾਲ ਸੀ ਜਿਸਨੂੰ ਮਾਂ ਨੇ, ਗੋਦੀ ਵਿੱਚ ਖਿਡਾਇਆ,
ਚੰਦਰੇ ਜਗ ਦੀਆਂ ਰੀਤਾਂ ਉਸਨੂੰ, ਵੈਰੀ ਆਪ ਬਣਾਇਆ,
ਬੁਰੇ ਹਾਲਾਤਾਂ ਮੋਹ–ਤੰਦਾਂ ਦੀ, ਖੋਹ ਲਈ ਗੂੜੀ ਛਾਂ..
ਮਾਂ ਤਾਂ ਕੇਵਲ ਪੁੱਤ ਜੰਮਦੀ ਏ, ਦੁਸ਼ਮਣ ਨਾ ਜੰਮਦੀ ਮਾਂ।

ਮਾਂ ਚਾਹੁੰਦੀ ਏ ਪੁੱਤ ਉਹਦੇ ਨੂੰ, ਤੱਤੀ ਵਾ ਨ ਲੱਗੇ,
ਪਰ ਇਹ ਚੰਦਰੀ ਦੁਨੀਆਂ ਮਾਂ ਦੇ, ਮੋਹ–ਪਿਆਰ ਨੂੰ ਠੱਗੇ,
ਰੀਤ ਜ਼ਮਾਨੇ ਦੀ ਭੈੜੀ ਨੇ, ਗੈਂਗਸਟਰ ਦਿੱਤੇ ਬਣਾ..
ਮਾਂ ਤਾਂ ਕੇਵਲ ਪੁੱਤ ਜੰਮਦੀ ਏ, ਦੁਸ਼ਮਣ ਨਾ ਜੰਮਦੀ ਮਾਂ।

ਕਾਲ ਕੋਠੜੀ ਦੁਨੀਆਂ ਵਾਲੀ, ਹਨੇਰਾ ਜਦ ਕੋਈ ਸਹਿੰਦਾ,
ਰੂਹ ਨੂੰ ਜ਼ਖ਼ਮੀ ਕਰੇ ਆਪਣਾ, ਡੰਗ ਮਾਰਦਾ ਰਹਿੰਦਾ,
ਇਹੋ ਗੱਲ ਦਿਲ ਵਿੱਚ ਭਰ ਦਿੰਦੀ, ਬਸ ਨਫ਼ਰਤ ਦੀ ਥਾਂ..।
ਮਾਂ ਤਾਂ ਕੇਵਲ ਪੁੱਤ ਜੰਮਦੀ ਏ, ਦੁਸ਼ਮਣ ਨਾ ਜੰਮਦੀ ਮਾਂ।

ਡੌਨ ਦੇ ਗੋਲੀ ਲੱਗੇ ਭਾਵੇਂ, ਪੁਲਿਸ ਦਾ ਬੰਦਾ ਹੋਵੇ,
ਉਸ ਵੇਲੇ ਤਾਂ ਕੇਵਲ ਸੀਨਾ ਮਾਂ ਦਾ ਛਲਣੀ ਹੋਵੇ,
ਪਰਸ਼ੋਤਮ ਪੁੱਛੇ ਦੱਸੋ ਇਸ ਵਿੱਚ, ਮਾਂ ਕੀ ਗ਼ੁਨਾਂਹ..।
ਮਾਂ ਤਾਂ ਕੇਵਲ ਪੁੱਤ ਜੰਮਦੀ ਏ, ਦੁਸ਼ਮਣ ਨਾ ਜੰਮਦੀ ਮਾਂ।

ਜਿਸਦੇ ਲਾਲ ਦੇ ਸੀਨੇ ਨੂੰ ਆ, ਗੋਲੀ ਜਦ ਕੋਈ ਛੋਹਦੀ,
ਉਸ ਤੋਂ ਪਹਿਲਾਂ ਉਹ ਮਰ ਜਾਂਦੀ, ਖ਼ੂਨ ਦੇ ਅੱਥਰੂ ਰੋਂਦੀ,
ਸਰੋਏ ਕਹੇ ਪੁੱਤ ਮਰਨ ਤੋਂ ਪਹਿਲਾਂ, ਮੁੱਕ ਜਾਂਦੀ ਏ ਮਾਂ..
ਮਾਂ ਤਾਂ ਕੇਵਲ ਪੁੱਤ ਜੰਮਦੀ ਏ, ਦੁਸ਼ਮਣ ਨਾ ਜੰਮਦੀ ਮਾਂ।

# ਪਿੰਡ ਵਾਹਦ ਵਿਖੇ ਹਲਟਾਂ ਦੀਆਂ ਰਵਾਇਤੀ ਦੌੜਾਂ ਅਤੇ ਕੱਬਡੀ ਟੂਰਨਾਮੈਂਟ ਅਮਿਟ ਯਾਦਾਂ ਛੱਡਦਾ ਹੋਇਆ ਸਮਾਪਤ

**ਫਗਵਾੜਾ (ਰੱਤੂ)–** ਨਗਰ ਨਿਵਾਸੀ ਪਿੰਡ ਵਾਹਦ ਦੀ ਪ੍ਰਬੰਧਕ ਕਮੇਟੀ ਵਲੋਂ ਐਨ.ਆਰ.ਆਈ. ਵੀਰਾਂ, ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪੰਜਵੀਂ ਹਲਟਾਂ ਦੀ ਦੌੜ ਅਤੇ ਕਬੱਡੀ ਮੁਕਾਬਲੇ ਪਿੰਡ ਦੀ ਖੇਡ ਗਰਾਊਂਡ ਵਿਖੇ ਸ਼ਾਨੋ ਸ਼ੌਕਤ ਨਾਲ ਕਰਵਾਏ ਗਏ ਜੋ ਕਿ ਆਪਣੀਆਂ ਅਮਿਟ ਯਾਦਾਂ ਛੱਡਦੇ ਹੋਏ ਸਮਾਪਤ ਹੋਏ। ਇਸ ਮੌਕੇ ਉਦਘਾਟਨ ਦੀ ਰਸਮ ਕਮੇਟੀ ਪ੍ਰਧਾਨ ਮਹਿੰਦਰ ਸਿੰਘ, ਮੀਤ ਪ੍ਰਧਾਨ ਜਸਵੀਰ ਸਿੰਘ ਸੰਘਾ, ਸਕੱਤਰ ਚਰਨਜੀਤ ਸਿੰਘ, ਕੈਸ਼ੀਅਰ ਹਰਜਿੰਦਰ ਸਿੰਘ ਵਾਹਦ, ਐਨ.ਆਰ.ਆਈ. ਕਰਨੈਲ ਸਿੰਘ, ਲੰਬੜਦਾਰ ਰਜਿੰਦਰ ਸਿੰਘ ਵਾਹਦ ਅਤੇ ਜਸਕਰਨ ਸਿੰਘ ਨੇ ਸਾਂਝੇ ਤੌਰ ਤੇ ਪੂਰੀ ਕਰਵਾਈ। ਇਸ ਮੌਕੇ ਕਰਵਾਏ ਗਏ ਕਬੱਡੀ ਮੁਕਾਬਲਿਆਂ ਵਿਚ ਨਾਮਵਰ ਟੀਮਾ ਨੇ ਭਾਗ ਲਿਆ। ਫਾਈਨਲ ਮੁਕਾਬਲਾ ਬਾਬਾ ਚਿੰਤਾ ਭਗਤ ਕਬੱਡੀ ਕਲੱਬ ਰੁੜਕਾਂ ਅਤੇ ਸ਼ਹੀਦ ਹਰਜੀਤ ਸਿੰਘ ਕਬੱਡੀ ਕਲੱਬ ਪਿੰਡ ਲੋਟਾਂ ਨਵਾਂਸ਼ਹਿਰ ਵਿਚਕਾਰ ਖੇਡਿਆ ਗਿਆ ਜਿਸ ਵਿਚ ਲੋਟਾਂ ਦੀ ਟੀਮ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਹਲਟਾਂ ਦੀਆਂ ਦੌੜਾਂ ਕਰਵਾਈਆਂ ਗਈਆਂ ਜਿਸ ਵਿਚ ਪੰਜਾਬ ਭਰ ਤੋਂ



ਆਈਆਂ ਬਲਦਾਂ ਦੀਆਂ ਜੋੜੀਆਂ ਨੇ ਭਾਗ ਲਿਆ। ਜੇਤੂ ਟੀਮਾ ਨੂੰ ਇਨਾਮਾ ਦੀ ਵੰਡ ਕਰਦਿਆਂ ਪ੍ਰਬੰਧਕਾਂ ਤੋਂ ਇਲਾਵਾ ਸਰਪੰਚ ਬੀਬੀ ਸਰਬਜੀਤ ਕੌਰ, ਹਰਜਿੰਦਰ ਸਿੰਘ ਕੈਨੇਡਾ, ਅਜੀਤ ਸਿੰਘ ਐਨ.ਆਰ.ਆਈ., ਸੁਰਿੰਦਰ ਸਿੰਘ ਅਮਰੀਕਾ, ਤਰਲੋਚਨ ਸਿੰਘ ਐਨ. ਆਰ. ਆਈ., ਮੋਹਨ ਸਿੰਘ ਐਨ. ਆਰ. ਆਈ. ਅਤੇ ਭਾਈ ਰਵਿੰਦਰ ਸਿੰਘ ਨੇ ਕਿਹਾ ਕਿ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ ਕਿਉਂਕਿ ਪੰਜਾਬ ਦੀਆਂ ਰਵਾਇਤੀ ਖੇਡਾਂ ਦੀ ਦੁਨੀਆ ਭਰ ਵਿਚ ਵਿਲੱਖਣ ਪਹਿਚਾਣ ਹੈ। ਆਪਣੀ ਵਿਰਾਸਤ ਅਤੇ ਸੱਭਿਆਚਾਰ ਨੂੰ ਸੁਰਜੀਤ ਰੱਖਣ ਵਿਚ ਅਜਿਹੇ ਸਮਾਗਮ ਬਹੁਤ ਹੀ ਸਹਾਈ ਹੁੰਦੇ ਹਨ। ਟੂਰਨਾਮੈਂਟ ਦੌਰਾਨ ਪੰਜਾਬੀ ਵਿਰਸੇ ਨਾਲ ਜੁੜੀਆਂ ਹੋਰ ਅਨੇਕਾਂ ਮਨੋਰੰਜਕ ਖੇਡਾਂ ਦਾ ਮੁਜਾਹਰਾ ਵੀ ਕੀਤਾ ਗਿਆ। ਕਮੈਂਟਰੀ ਦੀ ਸੇਵਾ ਭੱਟੀ ਗੜ੍ਹ ਪਧਾਣਾ ਨੇ ਜੋਸ਼ੋ ਖਰੋਸ਼ ਨਾਲ ਨਿਭਾਈ। ਅਖੀਰ ਵਿਚ ਪ੍ਰਬੰਧਕਾਂ ਵਲੋਂ ਮੁੱਖ ਮਹਿਮਾਨਾ ਅਤੇ ਪਤਵੰਤਿਆਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਗੁਰਦੇਵ ਸਿੰਘ ਸਰਪੰਚ ਮਾਂਗਟ, ਸਤਪਾਲ ਸਿੰਘ ਪ੍ਰਵਾਸੀ ਭਾਰਤੀ, ਜਸਪਾਲ ਸਿੰਘ, ਅਮਰੀਕ ਸਿੰਘ, ਗੁਰਮੀਤ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ ਪੱਪੂ, ਰਣਧੀਰ ਸਿੰਘ, ਕੁਲਵਿੰਦਰ ਸਿੰਘ, ਬਲਜਿੰਦਰ ਸਿੰਘ, ਮਲਕੀਤ ਸਿੰਘ ਵਾਹਦ, ਹਰਦੀਪ ਸਿੰਘ ਵਾਹਦ, ਸਾਬਕਾ ਸਰਪੰਚ ਸੁਖਵਿੰਦਰ ਸਿੰਘ, ਮਹਿੰਦਰ ਸਿੰਘ ਘੁੰਮਣ, ਗੁਰਦਿਆਲ ਸਿੰਘ ਫੌਜੀ, ਮੁਖਤਿਆਰ ਸਿੰਘ ਵਾਹਦ, ਜਸਬੀਰ ਸਿੰਘ ਪੰਚਾਇਤ ਮੈਂਬਰ, ਨਿਰਵੈਰ ਸਿੰਘ ਸਨੀ, ਜੁਝਾਰ ਸਿੰਘ ਸਾਬਕਾ ਸਰਪੰਚ, ਸੰਤੋਖ ਸਿੰਘ ਪੰਚ, ਹਰਦਿਆਲ ਸਿੰਘ, ਦਿਲਪ੍ਰੀਤ ਸਿੰਘ ਅਤੇ ਸੁੱਖਾ ਵਾਹਦ ਆਦਿ ਵੀ ਹਾਜਰ ਸਨ।

# ਸਤਿਗੁਰੂ ਰਵਿਦਾਸ ਬੇਗਮਪੁਰਾ ਆਰਗਨਾਈਜੇਸ਼ਨ ਨੇ ਸਕੂਲ ਦੀ ਮੁਰੰਮਤ ਲਈ ਖਰਚੀ 35 ਹਜਾਰ ਦੀ ਰਕਮ

**ਫਗਵਾੜਾ (ਰੱਤੂ)–** ਸਤਿਗੁਰੂ ਰਵਿਦਾਸ ਬੇਗਮਪੁਰਾ ਆਰਗਨਾਈਜੇਸ਼ਨ ਦੀ ਪੰਜਾਬ ਇਕਾਈ ਵਲੋਂ ਸਰਕਾਰੀ ਐਲੀਮੈਂਟਰੀ ਸਕੂਲ ਡਾਡਾ ਦੀ ਖਸਤਾ ਹਾਲਤ ਨੂੰ ਦੇਖਦੇ ਹੋਏ ਉਸਦੀ ਮੁਰੰਮਤ, ਰੰਗ ਰੋਗਨ ਅਤੇ ਬਿਜਲੀ ਆਦਿ ਤੇ ਕਰੀਬ 35 ਹਜਾਰ ਰੁਪਏ



ਖਰਚ ਕੀਤੇ ਗਏ ਹਨ। ਇਸ ਮੌਕੇ ਪੰਜਾਬ ਇਕਾਈ ਦੇ ਪ੍ਰਧਾਨ ਕੌਂਸਲਰ ਧਿਆਨ ਚੰਦ ਧਿਆਨਾ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਪ੍ਰਾਇਮਰੀ ਸਕੂਲਾਂ 'ਚ ਪੜ੍ਹਾਈ ਦਾ ਮਿਆਰ ਉੱਚਾ ਚੁੱਕਣ ਅਤੇ ਸਕੂਲਾਂ ਦੀਆਂ ਬਿਲਡਿੰਗਾਂ ਦੀ ਹਾਲਤ ਸੁਧਾਰਨ ਦੇ ਨਾਲ ਨਾਲ ਵਧੀਆ ਫਰਨੀਚਰ ਦਾ ਪ੍ਰਬੰਧ ਕਰਨ ਲਈ ਪਹਿਲ ਕਦਮੀ ਕਰਨੀ ਚਾਹੀਦੀ ਹੈ ਤਾਂ ਜੋ ਲੋੜਵੰਦ ਤੇ ਹੋਣਹਾਰ ਵਿਦਿਆਰਥੀ ਵਧੀਆ ਤਰੀਕੇ ਨਾਲ ਆਪਣੀ ਪੜ੍ਹਾਈ ਕਰ ਸਕਣ। ਧਿਆਨਾ ਨੇ ਕਿਹਾ ਕਿ ਆਰਗਨਾਈਜੇਸ਼ਨ ਵਲੋਂ ਸਮੇਂ ਸਮੇਂ ਸਿਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਵਲ ਹੋਰ ਉਤਸ਼ਾਹਤ ਕਰਨ ਲਈ ਹੌਸਲਾ ਅਫਜਾਈ ਅਤੇ ਆਰਥਕ ਮਦਦ ਕੀਤੀ ਜਾਂਦੀ ਹੈ। ਇਸ ਮੌਕੇ ਵਿਕਾਸ ਹੰਸ, ਰਣਜੀਤ ਬਬਲੂ, ਜਸਪਾਲ ਸੁਮਨ, ਸਾਗਰ, ਰਾਜੇਸ਼ ਖੰਨਾ, ਹਰਭਜਨ ਪੈਂਟਾ, ਜੱਸੀ ਸ਼ਾਮ ਚੁਰਾਸੀ ਆਦਿ ਹਾਜਰ ਸਨ।

# ਯੂਥ ਕਾਂਗਰਸ ਜਿਲ੍ਹਾ ਕਪੂਰਥਲਾ ਨੇ ਫਗਵਾੜਾ ਵਿਖੇ ਕੱਢੀ ਨਸ਼ਿਆਂ ਦੇ ਖਿਲਾਫ ਵਿਸ਼ਾਲ ਰੈਲੀ

**ਫਗਵਾੜਾ (ਰੱਤੂ)–** ਯੂਥ ਕਾਂਗਰਸ ਜਿਲ੍ਹਾ ਕਪੂਰਥਲਾ ਵਲੋਂ ਅੱਜ ਨਸ਼ਿਆਂ ਦੇ ਖਿਲਾਫ ਨੌਜਵਾਨ ਪੀੜ੍ਹੀ ਨੂੰ ਜਾਗਰੁਕ ਕਰਨ ਦੇ ਮਕਸਦ ਨਾਲ ਇਕ ਰੈਲੀ ਦਾ ਆਯੋਜਨ ਕੀਤਾ ਗਿਆ। ਜਿਲ੍ਹਾ ਯੂਥ ਕਾਂਗਰਸ ਇੰਚਾਰਜ ਪਰਮਿੰਦਰ ਸਿੰਘ ਦੁੱਲਾ ਅਤੇ ਅਵੀ ਰਾਜਪੂਤ ਦੀ ਅਗਵਾਈ ਹੇਠ ਆਯੋਜਿਤ ਇਸ ਰੈਲੀ ਵਿਚ ਪੰਜਾਬ ਦੇ ਸਾਬਕਾ ਕੈਬਿਨੇਟ ਮੰਤਰੀ ਅਤੇ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਮਾਨ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਉਹਨਾਂ ਦੇ ਨਾਲ ਦਿਹਾਤੀ ਕਾਂਗਰਸ ਪ੍ਰਧਾਨ ਦਲਜੀਤ ਰਾਜੂ ਦਰਵੇਸ਼ ਪਿੰਡ, ਯੂਥ ਆਗੂ ਹਰਜੀ ਮਾਨ, ਅਵਿਨਾਸ਼ ਗੁਪਤਾ ਬਾਸ਼ੀ ਤੇ ਜਤਿੰਦਰ ਬੋਬੀ ਵੀ ਸਨ। ਇਹ ਰੈਲੀ ਨਵੀਂ ਦਾਣਾ ਮੰਡੀ ਹੁਸ਼ਿਆਰਪੁਰ ਰੋਡ ਤੋਂ ਸ਼ੁਰੂ ਹੋ ਕੇ ਅਕਾਲ ਸਟੇਡੀਅਮ ਹਦੀਆਬਾਦ ਵਿਖੇ ਸਮਾਪਤ ਹੋਈ। ਰੈਲੀ ਦੌਰਾਨ ਯੂਥ ਆਗੂਆਂ ਅਤੇ ਵਰਕਰਾਂ ਨੇ ਨਸ਼ਿਆਂ ਖਿਲਾਫ ਬੈਨਰ ਫੜੇ ਹੋਏ ਸਨ। ਇਸ ਮੌਕੇ ਜੋਗਿੰਦਰ



ਸਿੰਘ ਮਾਨ ਨੇ ਸਮੂਹ ਯੂਥ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਸੂਬੇ ਵਿਚ ਨਸ਼ਿਆਂ ਦੇ ਕੋਹੜ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਵਚਨਬੱਧ ਹੈ। ਮੁੱਖਮੰਤਰੀ ਨੇ ਚੋਣਾਂ ਤੋਂ ਪਹਿਲਾਂ ਨੌਜਵਾਨਾਂ ਨੂੰ ਰੁਜਗਾਰ ਦੇਣ ਦਾ ਜੋ ਵਾਅਦਾ ਕੀਤਾ ਸੀ ਉਸਨੂੰ ਹਰ ਹਾਲ ਵਿਚ ਪੂਰਾ ਕੀਤਾ ਜਾਵੇਗਾ।

ਉਹਨਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਲੜ ਲਗ ਕੇ ਆਪਣੀ ਜਿੰਦਗੀ ਬਰਬਾਦ ਨਾ ਕਰਨ ਅਤੇ ਪੜ੍ਹ ਲਿਖ ਕੇ ਚੰਗੇ ਭਵਿੱਖ ਦੀ ਤਲਾਸ਼ ਕਰਨ। ਪੰਜਾਬ ਸਰਕਾਰ ਜਿੱਥੇ ਨੌਕਰੀਆਂ ਦਾ ਪ੍ਰਬੰਧ ਕਰ ਰਹੀ ਹੈ ਉੱਥੇ ਹੀ ਨੌਜਵਾਨਾਂ ਨੂੰ ਸਵੈ ਰੁਜਗਾਰ ਦੇ ਸਾਧਨ ਵੀ ਮੁਹੱਈਆ ਕਰਵਾ ਰਹੀ ਹੈ। ਇਸ ਮੌਕੇ ਜਸਵਿੰਦਰ ਸਿੰਘ, ਸੰਤੋਖ ਸਿੰਘ, ਜਤਿੰਦਰ ਸਿੰਘ, ਅਕਾਸ਼ਦੀਪ, ਪੰਕਜ ਘੇੜਾ, ਮੁੰਨੂ, ਸ਼ੰਮੀ, ਦਲਜੀਤ ਸੰਧੂ, ਜੱਗਾ, ਅਕਾਸ਼ ਮਨਜੋਤ, ਗੋਰਾ, ਹੈਰੀ, ਜੈਜੀ, ਦੀਪਾ ਦੁੱਗਾਂ, ਮੰਨਾ ਭਾਰਤਪੁਰ, ਸੋਨੂੰ ਰੱਤਮਜਾਰਾ, ਸ਼ੀਪਾ ਪਾਹੋਵਾਲ, ਗੋਪੀ ਜੱਸੋਵਾਲ ਆਦਿ ਤੋਂ ਇਲਾਵਾ ਸੈਂਕੜੇ ਨੌਜਵਾਨ ਕਾਂਗਰਸੀ ਵਰਕਰ ਹਾਜਰ ਸਨ।

# ਪਲਾਟਾਂ ਦੀ ਐਨ.ਓ.ਸੀ.ਨਾ ਮਿਲਣ ਦੇ ਰੋਸ ਵਜੋਂ ਪ੍ਰਾਪਰਟੀ ਡੀਲਰਜ਼ ਐਸੋਸੀਏਸ਼ਨ ਨੇ ਐਸ.ਡੀ.ਐਮ.ਨੂੰ ਦਿੱਤਾ ਮੰਗ ਪੱਤਰ

**ਫਗਵਾੜਾ (ਰੱਤੂ)–** ਫਗਵਾੜਾ ਪ੍ਰਾਪਰਟੀ ਡੀਲਰਜ਼ ਐਸੋਸੀਏਸ਼ਨ ਵਲੋਂ ਐਸੋਸੀਏਸ਼ਨ ਦੇ ਪ੍ਰਧਾਨ ਕਮਲ ਬੱਗਾ ਦੀ ਅਗਵਾਈ ਹੇਠ ਐਸ.ਡੀ.ਐਮ. ਫਗਵਾੜਾ ਜਯੋਤੀ ਬਾਲਾ ਮੱਟੂ ਨੂੰ ਇਕ ਮੰਗ ਪੱਤਰ ਦਿੱਤਾ ਗਿਆ ਜਿਸ ਵਿਚ ਮੰਗ ਕੀਤੀ ਗਈ ਕਿ ਜਾਇਦਾਦ ਸਬੰਧੀ ਐਨ.ਓ.ਸੀ. ਹਾਸਲ ਕਰਨ ਲਈ ਲੋਕਾਂ ਨੂੰ ਪੇਸ਼ ਆ ਰਹੀ ਪਰੇਸ਼ਾਨੀ ਦੂਰ ਕੀਤੀ ਜਾਵੇ। ਇਸ ਮੌਕੇ ਗੱਲਬਾਤ ਕਰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਕਮਲ ਬੱਗਾ ਤੋਂ ਇਲਾਵਾ ਜਨਰਲ ਸਕੱਤਰ ਵਿਨੋਦ ਗਾਬਾ ਅਤੇ ਕੈਸ਼ੀਅਰ ਮਦਨ ਸ਼ਰਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪੱਤਰ/ਮੀਮੋ ਨੰਬਰ 24/41/14- ਐਸ ਟੀ.1/790-91 ਚੰਡੀਗੜ੍ਹ ਮਿਤੀ 24.01.2018 ਨੂੰ ਡਿਪਟੀ ਸਕੱਤਰ ਰੈਵਨਿਊ ਚੰਡੀਗੜ੍ਹ ਵਲੋਂ ਤਹਿਸੀਲਦਾਰ ਫਗਵਾੜਾ ਨੂੰ ਜਾਰੀ ਕੀਤੀ ਗਈ ਹੈ ਜਿਸ ਵਿਚ ਗੈਰ ਮਨਜੂਰਸੁਦਾ ਕਲੋਨੀਆਂ ਦੀ ਰਜਿਸਟਰੀ ਕਰਨ ਤੇ ਰੋਕ ਲਗਾਈ ਗਈ ਹੈ ਅਤੇ ਹਰੇਕ ਪਲਾਟ ਦੀ ਐਨ.ਓ.ਸੀ. ਦੀ ਮੰਗ ਕੀਤੀ ਜਾ ਰਹੀ ਹੈ।



ਜਦੋਂ ਐਨ.ਓ.ਸੀ. ਲੈਣ ਲਈ ਜੇ.ਡੀ.ਏ. ਜਲੰਧਰ ਜਾਂ ਕਾਰਪੋਰੇਸ਼ਨ ਫਗਵਾੜਾ ਨਾਲ ਸੰਪਰਕ ਕੀਤਾ ਜਾਂਦਾ ਹੈ ਤਾਂ ਆਮ ਜਨਤਾ ਨੂੰ ਕੋਈ ਐਨ.ਓ.ਸੀ. ਨਹੀਂ ਦਿੱਤੀ ਜਾਂਦੀ ਤੇ ਨਾ ਹੀ ਇਸ ਸਬੰਧੀ ਕੋਈ ਫੀਸ ਜਮਾ ਕੀਤੀ ਜਾ ਰਹੀ ਹੈ ਜਿਸ ਨਾਲ ਜਨਤਾ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਜੋ ਐਨ. ਆਰ. ਆਈ. ਆਪਣੀ ਜਾਇਦਾਦ ਵੇਚਣ ਜਾਂ ਨਵੀਂ ਜਾਇਦਾਦ ਖਰੀਦਣ ਲਈ ਵਿਦੇਸ਼ ਤੋਂ ਆਉਂਦੇ ਹਨ, ਉਹਨਾਂ ਨੂੰ ਵੀ ਭਾਰੀ ਮਾਨਸਿਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਹਿਕਮੇ ਵਲੋਂ ਪਲਾਟ ਦੀ ਬਣਦੀ ਫੀਸ ਵੀ ਇਹ ਕਹਿ ਕੇ ਜਮਾ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਕਿ ਸਰਕਾਰ ਦੀ ਅਜਿਹੀ ਕੋਈ ਪਾਲਿਸੀ ਹੀ ਨਹੀਂ ਹੈ ਜਿਸ ਨਾਲ ਫੀਸ ਜਮਾ ਕਰਕੇ ਐਨ.ਓ.ਸੀ. ਦਿੱਤੀ ਜਾ ਸਕੇ। ਉਕਤ ਆਗੂਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਵੀ ਮੰਗ ਕੀਤੀ ਕਿ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਿਆ ਜਾਵੇ ਤਾਂ ਜੋ ਲੋਕਾਂ ਦਾ ਵਿਸ਼ਵਾਸ ਸਰਕਾਰ ਵਿਚ ਕਾਇਮ ਰਹਿ ਸਕੇ। ਇਸ ਮੌਕੇ ਪ੍ਰਭਜੋਤ ਸਿੰਘ, ਕਪਿਲ ਦੇਵ ਸੁਧੀਰ, ਵਰਿੰਦਰ ਢੀਂਗਰਾ, ਬਲਭੱਦਰ ਸੈਨ ਦੁੱਗਲ, ਰਾਜੀਵ ਸਚਦੇਵਾ, ਬਨਾਰਸੀ ਦਾਸ ਆਦਿ ਵੀ ਹਾਜਰ ਸਨ।

# ਡਾ.ਅੰਬੇਡਕਰ ਜੀ ਦੇ ਜੀਵਨ 'ਤੇ ਆਧਾਰਿਤ ਪੇਸ਼ ਕੀਤਾ ਨਾਟਕ

**ਲੁਧਿਆਣਾ–** ਸੰਤ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਡਾ. ਅੰਬੇਡਕਰ ਨਵਯੁਵਕ ਦਲ ਯੂਨਿਕ ਮੱਕੜ ਕਾਲੋਨੀ, ਢੰਡਾਰੀ ਕਲਾਂ ਪ੍ਰਗਤੀ ਕਲਾ ਕੇਂਦਰ (ਲਾਦੜਾ) ਵੱਲੋਂ 'ਬੇਟੀ ਬਚਾਓ ਬੇਟੀ ਪੜ੍ਹਾਓ' ਦੇ ਨਾਲ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜੀਵਨ 'ਤੇ ਆਧਾਰਿਤ ਨਾਟਕ ਪੇਸ਼ ਕੀਤਾ ਗਿਆ।



ਇਸ ਵਿਚ ਮੁੱਖ ਮਹਿਮਾਨ ਦੇ ਰੂਪ ਵਿਚ ਪਹੁੰਚੇ ਦਲ ਦੇ ਪ੍ਰਦੇਸ਼ ਪ੍ਰਧਾਨ ਬੰਸੀ ਲਾਲ ਪ੍ਰੇਮੀ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਸਿੱਖਿਆ ਤੋਂ ਲੈ ਕੇ ਪ੍ਰਸੂਤੀ ਅਵਕਾਸ਼ ਦੇ ਨਾਲ ਆਜ਼ਾਦ ਜੀਵਨ ਜਿਊਣ ਦਾ ਮੌਕਾ ਦਿੱਤਾ, ਉਹਨਾਂ ਦਾ ਲੱਖ-ਲੱਖ ਧੰਨਵਾਦ ਕਰਦੇ ਹਾਂ। ਵਿਸ਼ੇਸ਼ ਰੂਪ ਨਾਲ ਪਹੁੰਚੇ ਗੁਰਮੁਖ ਸਿੰਘ ਗਿਆਸਪੁਰ, ਹੰਸ ਰਾਜ ਢੰਡਾਰੀ, ਚੰਦਰਭਾਨ ਚੌਹਾਨ, ਹਰਗੋਬਿੰਦ ਤਿਵਾੜੀ, ਡਾਇਰੈਕਟਰ ਸਾਬਕਾ ਪ੍ਰਵਾਸੀ ਭਲਾਈ ਬੋਰਡ ਨੇ ਸਮਾਜ ਨੂੰ ਸਮਾਨ ਬਣਾਉਣ 'ਤੇ ਜ਼ੋਰ ਦਿੱਤਾ। ਇਸ ਮੌਕੇ 'ਤੇ ਕਰਨੈਲ ਸਿੰਘ, ਬਾਬੂ ਸਿੰਘ, ਦਲਜੀਤ ਸਿੰਘ, ਕਾਕਾ ਪਾਂਡੇ, ਮਨੋਜ ਪਾਲ, ਕਿਸ਼ਨ ਸਿੰਘ, ਅਕਸ਼ੈ, ਰਾਣਾ ਪ੍ਰਤਾਪ ਸਕਸੈਨਾ, ਰਵੀ ਕੁਮਾਰ, ਰਾਮਨੈਅਨ, ਗੌਤਮ ਆਦਿ ਮੌਜੂਦ ਸਨ।

– ਨਿਰਮਲ 'ਪ੍ਰੇਮੀ' ਰਾਮਗੜ੍ਹ 91-94631-61691

# ਸ਼ਾਮਲਾਟ ਜ਼ਮੀਨ ਦਾ ਕਬਜਾ ਹਟਵਾਉਣ ਲਈ ਦਲਿਤ ਸਰਪੰਚ ਧਰਨੇ 'ਤੇ ਬੈਠਾ

**ਸੰਗਰੂਰ–** ਸ਼ਾਮਲਾਟ ਜਮੀਨ 'ਤੇ ਕਬਜ਼ੇ ਨਾ ਹਟਾਉਣ ਦੇ ਵਿਰੋਧ ਵਿਚ ਪਿੰਡ ਧੰਦੀਵਾਲ ਦੇ ਦਲਿਤ ਸਰਪੰਚ ਕੁਲਵੰਤ ਸਿੰਘ ਸੋਮਵਾਰ ਸ਼ੇਰਪੁਰ ਦੇ ਬੀ. ਡੀ. ਪੀ. ਓ. ਦਫਤਰ ਕੰਪਲੈਕਸ ਵਿਚ ਅਣਮਿੱਥੇ ਧਰਨੇ 'ਤੇ ਬੈਠ ਗਏ। ਉਹਨਾਂ ਦਾ ਦੋਸ਼ ਹੈ ਕਿ ਕਬਜ਼ਾਧਾਰੀ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨਾਲ ਮਿਲੀਭੁਗਤ ਕਰਕੇ ਉਹਨਾਂ ਨੂੰ ਸਸਪੈਂਡ ਕਰਵਾਉਣ ਦੀ ਸਾਜਿਸ਼ ਰਚ ਰਹੇ ਹਨ। ਪੰਚ ਮਿੱਠੂ ਸਿੰਘ, ਗੁਰਮੀਤ ਸਿੰਘ ਅਤੇ ਰਣਜੀਤ ਕੌਰ ਵੀ ਸਰਪੰਚ ਦਾ ਸਮਰਥਨ ਕਰ ਰਹੇ ਹਨ।

ਕੁਲਵੰਤ ਸਿੰਘ ਨੇ ਦੱਸਿਆ ਕਿ ਪੰਚ ਹਰਜੀਤ ਸਿੰਘ ਅਤੇ ਦਰਸ਼ਨ ਸਿੰਘ ਨੇ ਪਿੰਡ ਦੀ ਸ਼ਾਮਲਾਟ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ। ਉਹਨਾਂ ਨੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦਫਤਰ



ਚੰਡੀਗੜ੍ਹ ਵਿਚ ਦੋਹਾਂ ਤੋਂ ਜ਼ਮੀਨ ਛੁਡਵਾ ਕੇ ਉਹਨਾਂ ਖਿਲਾਫ ਕਾਨੂੰਨੀ ਕਾਰਵਾਈ ਦੀ ਅਪੀਲ ਕੀਤੀ ਸੀ ਪਰ ਵਿਭਾਗ ਦੇ ਅਧਿਕਾਰੀ ਤਿੰਨ ਮਹੀਨਿਆਂ ਤੋਂ ਉਹਨਾਂ ਦੀ ਅਪੀਲ ਨੂੰ ਲਟਕਾ ਰਹੇ ਹਨ। ਉਲਟਾ ਉਹਨਾਂ ਦੀ ਅਪੀਲ ਦੇ ਬਾਅਦ ਅਧਿਕਾਰੀਆਂ ਨੇ ਪੰਚਾਇਤ ਦੇ ਕਾਰਜਾਂ ਦਾ ਸਪੈਸ਼ਲ ਆਡਿਟ ਅਤੇ ਭੌਤਿਕ ਸਰਵੇਖਣ ਕਰਵਾਉਣ ਦਾ ਫੁਰਮਾਨ ਜਾਰੀ ਕਰ ਦਿੱਤਾ। ਫੁਰਮਾਨ 30 ਜਨਵਰੀ ਨੂੰ ਜਾਰੀ ਹੋਇਆ ਪਰ ਵਿਭਾਗ ਦੇ ਅਧਿਕਾਰੀ 20 ਜਨਵਰੀ ਨੂੰ ਆਡਿਟ ਦੇ ਲਈ ਪੁੱਜ ਗਏ। ਉਹ ਆਡਿਟ ਕਰਵਾਉਣ ਤੋਂ ਨਹੀਂ ਡਰਦੇ ਪਰ ਆਡਿਟ ਬੰਦ ਕਮਰਿਆਂ ਦੀ ਬਜਾਏ ਲੋਕਾਂ ਵਿਚਾਲੇ ਬੈਠ ਕੇ ਕੀਤਾ ਜਾਵੇ। ਦੂਜੇ ਪਾਸੇ ਹਰਜੀਤ ਸਿੰਘ ਅਤੇ ਦਰਸ਼ਨ ਸਿੰਘ ਨੇ ਕਿਹਾ ਕਿ ਸਰਪੰਚ ਆਡਿਟ ਤੋਂ ਬਚਣਾ ਚਾਹੁੰਦਾ ਹੈ। ਡੀ. ਡੀ. ਪੀ. ਓ. ਸੰਗਰੂਰ ਪ੍ਰੀਤ ਮਹਿੰਦਰ ਸਿੰਘ ਨੇ ਕਿਹਾ, ਡਾਇਰੈਕਟਰ ਨੂੰ ਸਿਫਾਰਸ਼ ਕਰ ਦਿੱਤੀ ਗਈ ਹੈ। ਪੰਚਾਇਤ ਦਾ ਸਪੈਸ਼ਲ ਆਡਿਟ ਨਹੀਂ ਕਰਵਾਇਆ ਜਾ ਰਿਹਾ ਹੈ। ਆਡਿਟ ਦੇ ਲਈ ਪੰਚਾਇਤ ਦੇ ਕੋਲ ਕੌਣ ਗਿਆ ਸੀ, ਇਸ ਦੀ ਵੀ ਛਾਣਬੀਣ ਕਰਵਾਈ ਜਾ ਰਹੀ ਹੈ।

# ਮੁੱਫਤ ਸਿੱਖਿਆ ਅਤੇ ਸਿਹਤ ਸੰਭਾਲ ਦਾ ਦੇਸ਼ "ਕਿਊਬਾ"



ਹਰਦੀਪ ਸਿੰਘ ਚੁੰਬਰ
91-94636-01616

ਰਾਸ਼ਟਰਪਤੀ ਟੋਮਾਸ ਐਸਟਰਾਡਾਪਾਲਮਾ 1902 ਵਿਚ ਚੁਣੇ ਗਏ ਸਨ ਅਤੇ ਕਿਊਬਾ ਨੂੰ ਸੁਤੰਤਰ ਘੋਸ਼ਿਤ ਕੀਤਾ ਗਿਆ ਸੀ, 1950 ਦੇ ਦਹਾਕੇ ਵਿੱਚ ਹਥਿਆਰਬੰਦ ਵਿਦਰੋਹ ਦੀ ਵਕਾਲਤ ਸਮੇਤ ਕਈ ਸੰਗਠਨਾਂ ਨੇ ਰਾਜਨੀਤਕ ਬਦਲਾਅ ਲਿਆਉਣ ਲਈ ਜਨਤਕ ਸਮਰਥਨ ਪ੍ਰਾਪਤ ਕਰਨ ਲਈ ਮੁਕਾਬਲਾ ਕੀਤਾ। 1953-59 ਵਿਚਕਿਊਬਾ ਦੀਕ੍ਰਾਂਤੀਦੌਰਾਨ। ਫਿਰਕਾ ਸਟਰੋ-ਭਰਾਵਾਂ ਦੀ ਅਗਵਾਈ ਹੇਠ ਕਿਊਬਾ ਕਮਿਊਨਿਸਟ ਪਾਰਟੀ ਦੁਆਰਾ ਇੱਕ ਸੋਸ਼ਲਿਸਟ ਰਾਜ ਦੇ ਤੌਰ ਤੇ ਸ਼ਾਸਿਤ ਹੋਇਆ। 1956 ਵਿੱਚ, ਫੀਡਲ ਕਾਸਟਰੋ ਅਤੇ ਕਰੀਬ 80 ਸਮਰਥਕ ਬਟਿਤਾ ਸਰਕਾਰ ਵਿਰੁੱਧ ਬਗ਼ਾਵਤ ਸ਼ੁਰੂ ਕਰਨ ਦੀ ਕੋਸ਼ਿਸ਼ ਕਰਦੇ ਹੋਏ ਵੱਡੀ ਕਿਸ਼ਤੀ ਗ੍ਰੇਂਮਾ ਤੋਂ ਉਤਰ ਗਏ ਸਨ। ਇਹ 1958 ਤੱਕ ਨਹੀਂ ਸੀ ਜਦੋਂ ਕਾਸਟਰੋ ਦੇ ਜੁਲਾਈ 26 ਦੀ ਲਹਿਰ ਪ੍ਰਮੁੱਖ ਕ੍ਰਾਂਤੀਕਾਰੀ ਸਮੂਹ ਦੇ ਤੌਰ ਤੇ ਉਭਰਿਆ।

ਇਸ ਤੋਂ ਪਿੱਛੋਂ 1956 ਇਨਕਲਾਬ ਤੋਂ ਪਹਿਲਾਂ ਬਹੁਤ ਰਾਜਨੀਤਿਕ ਪ੍ਰੀਵਰਤਨ ਹੁੰਦੇ ਰਹੇ। 1958- ਅਮਰੀਕਾ ਨੇ ਬਾਤੀਸਤਾ ਤੋਂ ਫੌਜੀ ਸਹਾਇਤਾ ਵਾਪਸ ਲੈ ਲਈ।1960 - ਕਿਊਬਾ ਦੇ ਸਾਰੇ ਯੂ. ਐਸ. ਕਾਰੋਬਾਰ ਮੁਆਵਜ਼ੇ ਦੇ ਬਿਨਾਂ ਰਾਸ਼ਟਰੀਕਰਨ ਕਰ ਦਿੱਤਾ। 1965- ਕਿਊਬਾ ਦੀ ਇਕੋ ਇਕ

ਦੀ ਯੂਨੀਵਰਸਿਟੀ 1728 ਵਿਚ ਸਥਾਪਿਤ ਕੀਤੀ ਗਈ ਸੀ ਅਤੇ ਇੱਥੇ ਕਈ ਹੋਰ ਚੰਗੀ ਤਰ੍ਹਾਂ ਸਥਾਪਿਤ ਕਾਲਜ ਅਤੇ ਯੂਨੀਵਰਸਿਟੀਆਂ ਹਨ। 1957 ਵਿੱਚ, ਕਾਸਟਰੋ ਦੀ ਸੱਤਾ ਵਿੱਚ ਆਉਣ ਤੋਂ ਠੀਕ ਪਹਿਲਾਂ, ਸੰਯੁਕਤ ਰਾਸ਼ਟਰ ਦੇ ਅਨੁਸਾਰ, ਸਪੇਨ ਵਿੱਚ ਕਿਤੇ ਵੱਧ 80 ਫੀਸਦੀ ਦੇ ਵਿੱਚ ਸਾਖਰਤਾ ਦੀ ਦਰ ਚੌਥੇ ਸੀ। ਕਾਸਟਰੋ ਨੇ ਇੱਕ ਪੂਰੀ ਤਰ੍ਹਾਂ ਸਰਕਾਰ ਦੁਆਰਾ ਚਲਾਇਆ ਜਾਣ ਵਾਲਾ ਸਿਸਟਮ ਬਣਾਇਆ ਅਤੇ ਪ੍ਰਾਈਵੇਟ ਸੰਸਥਾਵਾਂ ਪ੍ਰਤੀਬੰਧ ਕਰ ਬੰਦ ਕਰ ਦਿਤੀਆਂ। ਛੇ ਸਾਲ ਦੀ ਉਮਰ ਤੋਂ ਲੈ ਕੇ ਬੁਨਿਆਦੀ ਸੈਕੰਡਰੀ ਸਿੱਖਿਆ (ਆਮ ਤੌਰ ਤੇ 15 ਸਾਲ ਦੀ ਉਮਰ) ਦੇ ਅਖੀਰ ਤੱਕ ਸਕੂਲ ਦੀ ਹਾਜ਼ਰੀ ਲਾਜ਼ਮੀ ਹੈ, ਅਤੇ ਸਾਰੇ ਵਿਦਿਆਰਥੀਆਂ, ਚਾਹੇ ਉਮਰ ਜਾਂ ਲਿੰਗ ਦੀ ਫ਼ਰਕ ਕੀਤੇ ਬਗੈਰ, ਸਕੂਲ ਦੀ ਵਰਦੀ ਗ੍ਰੇਡ ਲੈਵਲ ਪਹਿਚਾਣ ਨਾਲ ਰੰਗ ਨਿਰਧਾਰਨ ਨਾਲ ਹੁੰਦੇ ਹਨ। ਪ੍ਰਾਇਮਰੀ ਸਿੱਖਿਆ ਛੇ ਸਾਲ ਤਕ ਚੱਲਦੀ ਹੈ, ਸੈਕੰਡਰੀ ਸਿੱਖਿਆ ਨੂੰ ਮੁੱਢਲੇ ਅਤੇ ਪ੍ਰੀ-ਯੂਨੀਵਰਸਿਟੀ ਸਿੱਖਿਆ ਵਿਚ ਵੰਡਿਆ ਜਾਂਦਾ ਹੈ। ਕਿਊਬਾ ਦੀ ਸਾਖਰਤਾ ਦਰ ਵਿਸ਼ਵ ਪੱਧਰ 'ਤੇ ਦਸਵੀਂ ਸਭ ਤੋਂ ਉੱਚੀ ਪੱਧਰ ਹੈ, ਹਰ ਪੱਧਰ' ਤੇ ਮੁਫਤ ਸਿੱਖਿਆ ਦੇ ਪ੍ਰਬੰਧਾਂ ਦੇ ਕਾਰਨ ਹੈ। ਕਿਊਬਾ ਦੀ ਹਾਈ ਸਕੂਲ ਦੀ ਗ੍ਰੈਜੂਏਸ਼ਨ ਦਰ

ਸੰਭਾਲਤ ਦਰ 78.3 ਸਾਲ ਹੈ (ਮਰਦਾਂ ਲਈ 76.2 ਅਤੇ ਮਹਿਲਾਵਾਂ ਲਈ 80.4)। ਕੈਨੇਡਾ, ਚਿਲੀ, ਕੋਸਟਾ ਰੀਕਾ ਅਤੇ ਯੂਨਾਈਟਿਡ ਸਟੇਟ ਤੋਂ ਬਾਅਦ ਦੁਨੀਆਂ ਵਿੱਚ ਇਹ ਕਿਊਬਾ 55 ਵਾਂ ਅਤੇ ਅਮਰੀਕਾ ਵਿੱਚ 5 ਵਾਂ ਨੰਬਰ ਹੈ। 1957 ਵਿਚ 1,000 ਜਨਮ ਅਸਥਾਨਾਂ ਪਿੱਛੇ 32 ਬਾਲ ਮੌਤਾਂ ਦੀ ਦਰ ਤੋਂ ਘਟ ਕੇ 1990-95 ਵਿਚ 10, ਅਤੇ 2000-2005 ਵਿਚ 6.1 ਅਤੇ 2009 ਵਿਚ 5.13 ਸੀ।ਇਤਿਹਾਸਕ ਤੌਰ ਤੇ, ਕਿਊਬਾ ਨੇ ਬਹੁਤ ਗਿਣਤੀ ਵਿੱਚ ਮੈਡੀਕਲ ਕਰਮਚਾਰੀਆਂ ਦੀ ਗਿਣਤੀ ਵਧਾਈ ਹੈ ਅਤੇ 19 ਵੀਂ ਸਦੀ ਤੋਂ ਵਿਸ਼ਵ ਸਿਹਤ ਦੀ ਮਹੱਤਵਪੂਰਨ ਯੋਗਦਾਨ ਪਾਇਆ ਹੈ।ਮੈਡੀਕਲ ਵਿਗਿਆਨ ਵਿੱਚ ਕਰੀਅਰ ਕਿਊਬਾ ਵਿੱਚ ਨੌਜਵਾਨ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇੱਕ ਵਿਕਲਪ ਹਨ, ਜਿਨ੍ਹਾਂ ਨੂੰ ਟਾਪੂ ਦੇ 13 ਯੂਨੀਵਰਸਿਟੀਆਂ ਦੇ ਇੱਕ ਨੈਟਵਰਕ ਦੁਆਰਾ ਅੰਡਰ-ਗਰੈਜੂਏਟ ਅਤੇ ਪੋਸਟ-ਗਰੈਜੂਏਟ ਦੋਵਾਂ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਅੱਜ, ਕਿਊਬਾ ਵਿਚ ਯੂਨੀਵਰਸਲ ਸਿਹਤ ਦੇਖ-ਰੇਖ ਵਿਚ ਮੋਹਰੀ ਹੈ ਅਤੇ ਡਾਕਟਰੀ ਔਜਾਰ ਸਪਲਾਈ ਦੀ ਲਗਾਤਾਰ ਕਮੀ ਦੇ ਬਾਵਜੂਦ, ਡਾਕਟਰੀ ਕਰਮਚਾਰੀਆਂ ਦੀ

ਭਰ ਵਿਚ 40 ਤੋਂ ਵੱਧ ਦੇਸ਼ਾਂ ਵਿੱਚ ਭੇਜਿਆ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੇ ਅਨੁਸਾਰ, ਕਿਊਬਾ "ਸ਼ਾਨਦਾਰ ਡਾਕਟਰਾਂ ਅਤੇ ਨਰਸਾਂ ਨੂੰ ਸਿਖਲਾਈ ਦੇਣ ਦੀ ਯੋਗਤਾ ਲਈ ਵਿਸ਼ਵ ਭਰ ਵਿੱਚ ਜਾਣਿਆ ਜਾਂਦਾ ਹੈ ਜੋ ਫਿਰ ਲੋੜੀਂਦੇ ਹੋਰ ਦੇਸ਼ਾਂ ਦੀ ਮਦਦ ਕਰਨ ਲਈ ਬਾਹਰ ਜਾ ਸਕਦੇ ਹਨ।" ਸਤੰਬਰ 2014 ਤੱਕ, 66 ਦੇਸ਼ਾਂ ਦੀ ਸੇਵਾ ਕਰ ਰਹੇ ਕਰੀਬ 50,000 ਕਿਊਬਨ ਸਿਖਲਾਈ ਪ੍ਰਾਪਤ ਸਿਹਤ ਸੰਭਾਲ ਵਰਕਰ ਹਨ। ਪੱਛਮੀ ਅਫ਼ਰੀਕਾ ਵਿਚ ਈਬੋਲਾ ਵਾਇਰਸ ਨਾਲ ਲੜਨ ਵਿਚ ਕਿਊਬਨ ਦੇ ਡਾਕਟਰਾਂ ਨੇ ਮੋਹਰੀ ਭੂਮਿਕਾ ਨਿਭਾਈ ਹੈ। ਭਾਰਤ ਵਿਚ ਵੀ ਅੰਡੇਮਾਨ ਨਿਕੋਬਾਰ ਦੀਪ ਸਮੂਹ ਵਿਚ ਸਨਾਮੀ ਆਉਣ ਦੌਰਾਨ ਸਿਹਤ ਸੰਭਾਲ ਵਿਚ ਕਿਊਬਾ ਦੇ ਡਾਕਟਰਾਂ ਦਾ ਅਹਿਮ ਰੋਲ ਰਿਹਾ ਸੀ।

ਫਾਰਮਾਸ਼ੂਟੀਕਲ ਦਵਾਈਆਂ ਦੀ ਆਯਾਤ ਅਤੇ







ਸਿਆਸੀ ਪਾਰਟੀ ਨੇ ਕਿਊਬਨ ਕਮਿਊਨਿਸਟ ਪਾਰਟੀ ਦਾ ਨਾਂ ਰੱਖਿਆ। 1976- ਕਿਊਬਨ ਕਮਿਊਨਿਸਟ ਪਾਰਟੀ ਨੇ ਇਕ ਨਵਾਂ ਸਮਾਜਵਾਦੀ ਸੰਵਿਧਾਨ ਨੂੰ ਮਨਜ਼ੂਰੀ ਦਿੱਤੀ, ਕਾਸਟਰੋ ਪ੍ਰਧਾਨ ਚੁਣੇ ਗਏ। ਇਸ ਤਰਾਂ ਬਹੁਤ ਉੱਥਲ ਪੁੱਥਲ ਹੁੰਦੀ ਰਹੀ।

ਕਿਊਬਾ ਵਾਰੇ ਕਿਉਂ ਪੜ੍ਹ ਰਹੇ ਹਾਂ, ਜਾਂ ਐਸੇ ਕੀ ਹੈ ਜੋ ਸਾਨੂੰ ਕਿਊਬਾ ਨੂੰ ਜਾਨਣ ਲਈ ਉਤਸਾਹਿਤ ਕਰਦਾ ਹੈ? ਦੇਖਣ ਵਾਲੀ ਗਲ ਹੈ ਕਿ ਐਲੀ ਰਾਜਨੀਤਿਕ ਸਮਾਜਿਕ ਹਲਚਲ ਵਿਚ ਕਿਊਬਾ ਆਪਣੇ ਨੀਗਰਿਕਾਂ ਦੇ ਸਾਂਭ ਸੰਭਾਲ ਲਈ ਬਹੁਤ ਅਗੇ ਰਿਹਾ। ਆਮ ਨਾਗਰਿਕ ਨੂੰ ਕੀ ਚਾਹੀਦਾ ਹੈ ਕਿ ਉਸ ਦੀ ਰੋਟੀ ਕਪੜਾ ਮਕਾਨ ਦੀ ਜਿਮੇਵਾਰੀ ਸਹੀ ਮਾਨਿਆਂ ਵਿਚ ਸਰਕਾਰ ਕਰੇ ਜੋ ਕਿਊਬਾ ਕਰ ਦਿਖਾਇਆ। ਇਸ ਨਾਲੋਂ ਅਗੇ ਜਾ ਕੇ ਹਰ ਇਕ ਨਾਗਰਿਕ ਦੀ ਸਿਹਤ, ਸਿਖਿਆ ਨੂੰ ਮੁੱਫਤ ਹੋਣ ਦੇ ਨਾਲ ਨਾਲ ਮਿਆਰੀ ਵੀ ਬਣਾਏ ਰੱਖਣ ਦਾ ਸਮਕਲਪ ਵੀ ਬਣਾਈ ਰਖਿਆ। ਇਹੋ ਕਿਊਬਾ ਬਾਰੇ ਸੰਜੁਕਤ ਰਾਸ਼ਟਰ, ਬੀਬੀਸੀ ਦੀ ਰਿਪੋਰਟ ਅਤੇ ਡਬਲਓ ਐਚ ਓ ਦੀਆਂ ਰਿਪੋਰਟਾਂ ਵੀ ਦਿਖਾਉਂਦੀਆਂ ਹਨ। ਅਸੀ ਸਿਰਫ ਕਿਊਬਾ ਦੇ ਸਿਹਤ ਸ਼ਿਸਟਮ ਨੂੰ ਜਾਨਣ ਦੀ ਕੋਸ਼ਿਸ ਕਰਾਂਗੇ।

### ਕਿਊਬਾ ਦਾ ਸਿੱਖਿਆ ਪ੍ਰਬੰਧ

ਕਿਊਬਾ ਦੀ ਸਰਵ ਉੱਚ ਸ਼ਾਖਸਰਤਾ ਦਰ ਐਸਤ 99.75 ਹੈ, ਮਰਦਾਂ ਦੀ 99.7 ਅਤੇ ਔਰਤਾਂ ਜੀ 99.8 ਹੈ। ਸਿਖਿਆ ਅਤੇ ਸੇਹਤ ਸੇਵਾਵਾਂ ਬਿਲਕੁਤ ਮੁਫਤ ਹਨ।ਹਵਾਨਾ

94 ਫੀਸਦੀ ਹੈ।

ਉੱਚ ਸਿੱਖਿਆ ਯੂਨੀਵਰਸਿਟੀ, ਉੱਚ ਸੰਸਥਾਵਾਂ, ਉੱਚ ਸਿੱਖਿਆ ਸਬੰਧੀ ਸੰਸਥਾਵਾਂ ਅਤੇ ਉੱਚ ਪੋਲੀਟੈਕਨਿਕ ਸੰਸਥਾਵਾਂ ਦੁਆਰਾ ਮੁਹੱਈਆ ਕੀਤੀ ਜਾਂਦੀ ਹੈ। ਉੱਚ ਸਿੱਖਿਆ ਦੇ ਕਿਊਬਨ ਮੰਤਰਾਲੇ ਨੇ ਦੂਰ ਪੱਤਰ ਸਿੱਖਿਆ ਦੀ ਇੱਕ ਯੋਜਨਾ ਦਾ ਸੰਚਾਲਨ ਕੀਤਾ ਹੈ ਜੋ ਖੇਤੀਬਾੜੀ ਕਾਮਿਆਂ ਲਈ ਪੇਂਡੂ ਖੇਤਰਾਂ ਵਿੱਚ ਨਿਯਮਤ ਦੁਪਹਿਰ ਅਤੇ ਸ਼ਾਮ ਦੇ ਕੋਰਸ ਪ੍ਰਦਾਨ ਕਰਦਾ ਹੈ। ਸਿੱਖਿਆ ਲਈ ਇੱਕ ਮਜ਼ਬੂਤ ਸਿਆਸੀ ਅਤੇ ਵਿਚਾਰਧਾਰਕ ਜ਼ੋਰ ਹੈ, ਅਤੇ ਉੱਚ ਸਿੱਖਿਆ ਵਿੱਚ ਆਉਣ ਵਾਲੇ ਵਿਦਿਆਰਥੀ ਕਿਊਬਾ ਦੇ ਟੀਚਿਆਂ ਲਈ ਵਚਨਬੱਧ ਹੋਣ ਦੀ ਆਸ ਰੱਖਦੇ ਹਨ। ਕਿਊਬਾ ਨੇ ਲਾਤੀਨੀ ਅਮਰੀਕੀ ਸਕੂਲ ਆਫ ਮੈਡੀਸਨ ਵਿੱਚ ਸੀਮਤ ਗਿਣਤੀ ਵਿਚ ਵਿਦੇਸ਼ੀ ਨਾਗਰਿਕਾਂ ਨੂੰ ਰਾਜ ਦੀ ਸਬਸਿਡੀ ਦਿੱਤੀ ਗਈ ਸਿੱਖਿਆ ਪ੍ਰਦਾਨ ਕੀਤੀ ਹੈ। ਵਰਲਡ ਯੂਨੀਵਰਸਿਟੀਆਂ ਦੇ ਵੈਬੋਮੈਟ੍ਰਿਕਸ ਰੈਂਕਿੰਗ ਅਨੁਸਾਰ, ਦੇਸ਼ ਦੇ ਚੋਟੀ ਦੀਆਂ ਯੂਨੀਵਰਸਿਟੀਆਂ ਯੂਨੀਵਰਸਿਡਾਡ ਡੇ ਲਾ ਹਬਾਣਾ (ਦੁਨੀਆਂ ਭਰ ਵਿਚ 1680 ਵੀਂ ), ਇੰਸਟੀਟੂਟੋ ਸੁਪੀਰੀਅਰ ਪਾਲੀਏਨੀਕੋ ਜੋਸੇ ਐਨਟੋਨਿਓ ਈਤੇਵਰੀਆ (2893 ਵਾਂ) ਅਤੇ ਸੈਂਟੀਆਗੋ ਡੇ ਕਿਊਬਾ ਯੂਨੀਵਰਸਿਟੀ (3831 ਵੀਂ) ਸਥਾਨ ਰਖਦੀਆਂ ਹਨ।

### ਸਿਹਤ ਸੰਭਾਲ ਪ੍ਰਬੰਧ

ਕਿਊਬਾ ਵਿਚ ਜਨਮ ਸਮੇਂ ਜਿੰਦਾ ਰਹਿਣ ਦੀ ਕੋਈ ਕਮੀ ਨਹੀਂ ਹੈ। ਸਾਰੇ ਟਾਪੂ ਵਿਚ ਮੁਢਲੀ ਦੇਖਭਾਲ ਉਪਲਬਧ ਹੈ ਅਤੇ ਬਾਲ ਅਤੇ ਮਾਵਾਂ ਦੀ ਮੌਤ ਦਰ ਵਿਕਸਿਤ ਦੇਸ਼ਾਂ ਦੇ ਲੋਕਾਂ ਨਾਲ ਚੰਗੀ ਤਰ੍ਹਾਂ ਤੁਲਨਾਤਮਕ ਹਨ। ਕ੍ਰਾਂਤੀ ਤੋਂ ਤੁਰੰਤ ਬਾਅਦ 1960 ਵਿੱਚ ਰੋਗ ਅਤੇ ਬਾਲ ਮੌਤ ਦਰ ਵਿੱਚ ਵਾਧਾ ਹੋਇਆ, ਜਦੋਂ ਕਿ ਕਿਊਬਾ ਦੇ ਅੱਧੇ ਤੋਂ ਵੱਧ ਤਕਰੀਬਨ 6,000 ਡਾਕਟਰ ਦੇਸ਼ ਛੱਡ ਗਏਸਨ।

1980 ਦੇ ਦਹਾਕੇ ਵਿਚ ਮੁੜ ਤੋਂ ਸਿਹਤ ਸੇਵਾਵਾਂ ਵਿਚ ਸੁਧਾਰ ਹੋਈਆ, ਅਤੇ ਦੇਸ਼ ਦੀ ਸਿਹਤ ਸੰਭਾਲ ਦੀ ਵਿਆਪਕ ਤੌਰ ਤੇ ਪੂਰੀ ਦੁਨੀਆਂ ਵਿਚ ਪ੍ਰਸ਼ੰਸਾ ਕੀਤੀ ਗਈ। ਕਮਿਊਨਿਸਟ ਸਰਕਾਰ ਨੇ ਜ਼ੋਰ ਦਿੱਤਾ ਕਿ ਵਿਆਪਕ ਸਿਹਤ ਦੇਖ-ਰੇਖ ਰਾਜ ਦੀ ਯੋਜਨਾ ਦੀ ਤਰਜੀਹ ਬਣਾਇਆ ਅਤੇ ਪੇਂਡੂ ਖੇਤਰਾਂ ਵਿਚ ਸਿਹਤ ਸੇਵਾ ਵਿਚ ਤਰੱਕੀ ਕੀਤੀ ਗਈ ਸੀ। ਕਿਊਬਾ ਦੀ ਬਾਕੀ ਦੀ ਆਰਥਿਕਤਾ ਵਾਂਗ, 1991 ਵਿੱਚ ਸੋਵੀਅਤ ਸਬਸਿਡੀ ਦੇ ਬੰਦ ਹੋਣ ਤੋਂ ਬਾਅਦ ਮੈਡੀਕਲ ਦੇਖਭਾਲ ਦੇ ਸਮਾਨ ਵਿਚ ਭਾਰੀ ਘਾਟ ਦਾ ਸਾਹਮਣਾ ਕੀਤਾ ਅਤੇ ਨਾਲ ਹੀ 1992 ਵਿੱਚ ਯੂ.ਕੇ. ਪਾਬੰਦੀਆਂ ਨੂੰ ਹੋਰ ਸਖਤ ਕਰ ਦਿਤਾ ਸੀ।

ਚੁਣੌਤੀਆਂ ਵਿਚ ਡਾਕਟਰਾਂ ਲਈ ਘੱਟ ਤਨਖ਼ਾਹ, ਖਰਾਬ ਸਹੂਲਤਾਂ, ਸਾਜ਼ੋ-ਸਾਮਾਨ ਦੀ ਘਾਟ, ਅਤੇ ਜ਼ਰੂਰੀ ਦਵਾਈਆਂ ਦੀ ਅਕਸਰ ਘਾਟ ਜਾਂ ਗੈਰਮੌਜੂਦਗੀ ਸ਼ਾਮਲ ਹੈ। ਦੁਨੀਆ ਭਰ ਵਿੱਚ ਕਿਊਬਾ ਵਿੱਚ ਸਭ ਤੋਂ ਵੱਧ ਡਾਕਟਰ-ਪ੍ਰਤੀ-ਆਬਾਦੀ ਅਨੁਪਾਤ ਹੈ ਅਤੇ ਉਸਨੇ ਹਜ਼ਾਰਾਂ ਡਾਕਟਰਾਂ ਨੂੰ ਸੰਸਾਰ

ਨਿਰਯਾਤ ਬੁਨਿਆਦੀ ਉਦਯੋਗ ਮੰਤਰਾਲੇ (ਮਿਨਬਾਸ) ਦੇ ਤਹਿਤ ਕੁਈਮਫੇ ਫਾਰਮਾਸਿਊਟੀਕਲ ਬਿਜਨਸ ਗਰੁੱਪ (ਫਾਰਮਾਕਿਊਬਾ) ਦੁਆਰਾ ਕੀਤੀ ਜਾਂਦੀ ਹੈ। ਇਹ ਸਮੂਹ ਇਹਨਾਂ ਨਸ਼ੀਲੀਆਂ ਦਵਾਈਆਂ ਦੇ ਉਤਪਾਦਨ ਲਈ ਤਕਨੀਕੀ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ। ਵੈਸਟ ਵਲੋਂ ਅਮਰੀਕਾ ਦੇ ਪਾਬੰਦੀਆਂ ਦੁਆਰਾ ਦੂਰ ਕੀਤੇ ਗਏ ਕਿਊਬਾ ਨੇ ਫੇਫੜੇ ਦੇ ਕੈਂਸਰ ਦੇ ਸਫਲ ਟੀਕੇ ਸਿਮਵੈਕਸ ਨੂੰ ਵਿਕਸਿਤ ਕੀਤਾ, ਜੋ ਹੁਣ ਅੱਛੇ ਕਿਊਬੀਨ ਕੈਂਸਰ ਦੇ ਹੋਰ ਇਲਾਜਾਂ ਲਈ ਅਹਿਮ ਹੈ, ਪਹਿਲੀ ਵਾਰ ਅਮਰੀਕਾ ਦੇ ਖੋਜਕਾਰਾਂ ਲਈ ਉਪਲਬਧ ਹੈ। ਇਹ ਟੀਕਾ 2011 ਤੋਂ ਕਿਊਬਾ ਦੀ ਆਬਾਦੀ ਲਈ ਮੁਫਤ ਉਪਲਬਧ ਹੈ। ਰੌਸਵੈਲ ਪਾਰਕ ਦੇ ਕੈਂਸਰ ਇੰਸਟੀਚਿਊਟ ਦੇ ਸੀ.ਈ.ਓ. ਕਨੇਡੀਸੀ ਜੋਹਨਸਨ ਦੇ ਅਨੁਸਾਰ, "ਉਨ੍ਹਾਂ ਨੂੰ ਅਜਿਹਾ ਕਰਨ ਲਈ ਬਹੁਤ ਘਾਟਾ 'ਹੁੰਦੇ ਹੋਏ, ਹੋਰ ਵੀ ਨਵੀਨਤਾਕਾਰੀ ਕਰਨ ਲਈ, ਉਹਨਾਂ ਖੋਜਾਂ ਨੂੰ ਅੱਗੇ ਵਧਾਇਆ ਹੈ। 40 ਸਾਲਾਂ ਤੋਂ ਵੱਧ ਸਮੇਂ ਲਈ, ਉਨ੍ਹਾਂ ਨੂੰ ਇਕ ਪ੍ਰਮੁੱਖ ਇਮਯਾਨੋਲੋਜੀ ਕਮਿਊਨਿਟੀ ਦਾ ਹਿਸਾ ਹਨ।" 2015 ਵਿੱਚ, ਕਿਊਬਾ, ਵਿਸ਼ਵ ਸਿਹਤ ਸੰਗਠਨ ਦੁਆਰਾ "ਐਚ. ਆਈ. ਵੀ. ਅਤੇ ਸਿਫਿਲਿਸ" ਬਿਮਾਰੀਆਂਜੋ ਗਰਭ ਵਿਚ ਹੀ ਮਾਂ ਤੋਂ ਵਿਚ ਬੱਚੀਆਂ ਵਿਚ ਹੋ ਰਹੇ ਸੰਚਾਰ ਨੂੰ ਖ਼ਤਮ ਕਰਨ ਲਈ ਪਹਿਲਾ ਦੇਸ਼ ਬਣ ਗਿਆ ਸੀ, "ਵਿਸ਼ਵ ਸਿਹਤ ਸੰਸਥਾਵਾਂ ਵਿੱਚ ਸਭ ਤੋਂ ਮਹੱਤਵਪੂਰਨ ਹੈ।"

# ਅੰਗਰੇਜ਼ੀ ਦੇ ਬਲਾਕ ਪੱਧਰੀ ਮੁਕਾਬਲਿਆਂ ਵਿੱਚ ਸਮਿਸ ਰਾਮਪੁਰਾ ਦੀ ਝੰਡੀ

**ਰਾਮਪੁਰਾ-** ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਸਕੂਲਾਂ ਦੇ ਅੰਦਰ ਪੜ੍ਹਦੇ ਛੇਵੀਂ ਤੋਂ ਅੱਠਵੀਂ ਸ੍ਰੇਣੀ ਦੇ ਬੱਚਿਆਂ ਵਿੱਚ ਅੰਗਰੇਜ਼ੀ ਵਿਸ਼ੇ ਦੇ ਸ਼ਬਦਾਂ ਦਾ ਗਿਆਨ ਭੰਡਾਰ ਵਧਾਉ ਸਬੰਧੀ ਬਲਾਕ ਪੱਧਰੀ ਮੁਕਾਬਲੇ ਸਸਸਸ ਭਵਾਨੀਗੜ੍ਹ (ਕੰ) ਵਿੱਚ ਇਨਚਾਰਜ ਸ੍ਰੀਮਤੀ ਪਰਮਜੀਤ ਕੌਰ ਦੀ ਪ੍ਰਧਾਨਗੀ ਹੇਠ ਕਰਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬਲਾਕ ਕੋਆਰਡੀਨੇਟਰ ਚਮਨਦੀਪ ਸ਼ਰਮਾ ਨੇ ਦੱਸਿਆ ਕਿ ਇਸ ਦੌਰਾਨ 32 ਅਪਰ ਪ੍ਰਾਇਮਰੀ ਸਕੂਲਾਂ ਦੇ 96 ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਤੋਂ ਅੰਗਰੇਜ਼ੀ ਵਿਸ਼ੇ ਦੇ ਫਾਊਂਡੇਸ਼ਨ ਕੋਰਸ ਦੌਰਾਨ ਐਕਟੀਵਿਟੀਜ਼ ਰਾਹੀਂ ਸਿਖਾਏ ਗਏ 1000 ਸ਼ਬਦਾਂ ਦੇ ਅਧਾਰ ਤੇ ਵਰਡ ਪਾਵਰ, ਕੰਪਲੀਟ ਦੀ ਵਰਡ, ਜੰਬਲ ਵਰਡ, ਸਹੀ ਉਚਾਰਨ, ਅੰਗਰੇਜ਼ੀ ਵਿੱਚ ਸ਼ਬਦਾਂ ਦੇ ਸਪੈਲਿੰਗ ਆਦਿ ਐਕਵੀਵਿਟੀਜ਼ ਕਰਵਾਈਆਂ ਗਈਆਂ। ਸਰਕਾਰੀ ਮਿਡਲ ਸਕੂਲ ਰਾਮਪੁਰਾ ਦੇ ਬੱਚਿਆਂ ਨੇ ਬਲਾਕ ਵਿੱਚੋਂ ਪਹਿਲਾ



ਸਥਾਨ ਪ੍ਰਾਪਤ ਕੀਤਾ।ਸਸਸਸ ਬਖੋਪੀਰ ਨੇ ਦੂਸਰਾ, ਸਸਸਸ ਭਵਾਨੀਗੜ੍ਹ (ਕੁ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਸ੍ਰੀਮਤੀ ਮੋਨਿਕਾ, ਹਰਪ੍ਰੀਤ ਕੌਰ, ਪਰਮੀਤ ਕੌਰ, ਪ੍ਰੀਤੀ ਗੁਪਤਾ, ਦੀਪਇੰਦਰ ਕੌਰ, ਊਸ਼ਾ ਰਾਣੀ, ਰਮਨਦੀਪ ਕੌਰ, ਜ਼ਸਵਿੰਦਰ ਸਿੰਘ, ਹਰਮੀਤ ਸਿੰਘ ਆਦਿ ਅਧਿਆਪਕਾਂ ਵੱਲੋਂ ਬੱਚਿਆਂ ਤੋਂ ਕਿਰਿਆਵਾਂ ਕਰਵਾਈਆਂ ਗਈਆਂ। ਬਲਾਕ ਪੱਧਰੀ ਮੁਕਾਬਲਿਆਂ ਉਪਰੰਤ ਪਹਿਲੇ ਜੇਤੂ ਸਕੂਲ ਦੇ ਬੱਚਿਆਂ ਵੱਲੋਂ ਜਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਭਾਗ ਲਿਆ ਜਾਵੇਗਾ। ਇਸ ਮੌਕੇ ਤੇ ਹਰਵਿੰਦਰ ਸਿੰਘ ਮੋਤੀ, ਜੈ ਭਗਵਾਨ ਬਾਤਿਸ਼, ਜਗਜੀਤ ਸਿੰਘ ਬਖ਼ਸੀ, ਅਨੀਸ਼ ਸਿੰਗਲਾ, ਮੇਜਰ ਸਿੰਘ ਨੇ ਸਮਾਰੋਹ ਨੂੰ ਸਫਲਤਾਪੂਰਵਕ ਚਲਾਉਂਣ ਵਿੱਚ ਅਹਿਮ ਯੋਗਦਾਨ ਪਾਇਆ।ਅੰਤ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸਕੂਲ ਦੇ ਪ੍ਰਿੰਸੀਪਲ ਅਤੇ ਬਲਾਕ ਮੈਂਟਰ ਵੱਲੋਂ ਇਨਾਮ ਤਕਸੀਮ ਕੀਤੇ ਗਏ।

**ਰਿਪੋਰਟ- ਚਮਨਦੀਪ ਸ਼ਰਮਾ**
**(95010 33005)**

# ਯਾਦਾਂ ਕੀ ਹੁੰਦੀਆਂ?
# ਇਸਦਾ ਸਾਡੀ ਜ਼ਿੰਦਗੀ ਤੇ ਪ੍ਰਭਾਵ?

ਮੂੰਹੋਂ ਬੰਦਾ ਬੇਸ਼ੱਕ ਚੁੱਪ ਅਤੇ ਸ਼ਾਂਤ ਹੈ। ਪਰ ਉਸਦੇ ਦੇ ਦਿਲ ਅਤੇ ਦਿਮਾਗ ਅੰਦਰ ਕੁੱਝ ਨਾ ਕੁੱਝ ਚੱਲ ਰਿਹਾ ਹੁੰਦਾ ਹੈ। ਇਹਨਾਂ ਦਾ ਸ਼ਾਂਤ ਹੋਣਾ ਨਾਮੁਨਕਿਨ ਜਿਹਾ ਹੈ। ਕਦੇ ਇਨਸਾਨ ਆਪਣੇ ਨਾਲ ਬੀਤੀਆਂ ਘਟਨਾਵਾਂ ਨੂੰ ਲੈ ਕੇ ਖੁਸ਼ ਹੁੰਦਾ ਹੈ ਜਾਂ ਕਈ ਵਾਰ ਉਹਨਾਂ ਬਾਰੇ ਸੋਚ ਕੇ ਦੁਖੀ ਹੁੰਦਾ ਹੈ ਅਤੇ ਜਾਂ ਤਾਂ ਆਉਣ ਵਾਲੇ ਕੱਲ ਵਿਚ ਖੋਇਆ ਫਿਰਦਾ ਹੈ। ਬਸ ਇਹ ਗੱਲਾਂ ਹੀ ਯਾਦਾਂ ਨੇ। ਮਨੁੱਖ ਕਾਲ ਵਿਚ ਹੀ ਭੱਜੀ ਫਿਰਦਾ ਹੈ। ਪਰ ਅਸੀ ਭੂਤਕਾਲ ਅਤੇ ਭਵਿੱਖਕਾਲ ਵਿਚ ਜੀਅ ਰਹੇ ਹਾਂ। ਵਰਤਮਾਨ ਤਾਂ ਕਿੱਧਰੇ ਗੁਵਾਚ ਹੀ ਗਿਆ ਹੈ।

ਇਹਨਾਂ ਯਾਦਾ ਦਾ ਸਾਡੀ ਜ਼ਿੰਦਗੀ ਤੇ ਗਿਹਰਾ ਪ੍ਰਭਵ ਹੁੰਦਾ ਹੈ।

ਇਓ ਕਹਿ ਲਓ ਕਿ ਏਹੀ ਸਾਡੀ ਜ਼ਿੰਦਗੀ ਹੈ, ਕਿਉਕਿ ਜੋ ਚੀਜ਼ ਸਾਡੀ ਯਾਦ ਵਿਚ ਹੈ ਉਹੀ ਸਾਡੀ ਸੋਚ ਬਣਦੀ ਹੈ ਅਤੇ ਅੱਗੇ ਜਾ ਕੇ ਏਹੀ ਸਾਡੇ ਕਰਮ ਬਣਨਗੇ। ਮਨੁੱਖੀ ਜਾਤ ਦਾ ਅਸੂਲ ਹੈ ਕਿ ਉਹ ਆਪਣੇ ਕਰਮਾਂ ਤੋ ਹੀ ਪਰਖਿਆ ਜਾਂਦਾ ਹੈ। ਇਸ ਲਈ ਸਾਡੀਆ ਯਾਦਾਂ ਜਾਣੀ ਕਿ ਸਾਡੀ ਸੋਚ ਦਾ ਉੱਚਾ ਅਤੇ ਸਕਾਰਆਤਮਿਕ ਹੋਣਾ ਜਰੂਰੀ ਹੈ।

ਆਓ ਯਾਰੋ ਆਪਾ ਸਭ ਮਿਲ ਕੇ ਜੀਵਨ ਖੁਸ਼ਹਾਲ ਬਣਾਈਏ, ਕੁੱਝ ਨੀ ਕਰਨਾ ਪੈਣਾ ਇੱਥੇ ਬਸ ਬੁਰੀਆਂ ਯਾਦਾਂ ਨੂੰ ਮਿਟਾਈਏ।
ਲਾਲਚ , ਰਿਸ਼ਵਤ ਖੋਰੀ ਛੱਡ ਕੇ ,
ਪਿਆਰ , ਅਮਨ ਦੀ ਗੱਲ ਫਲਾਈਏ।
ਜਾਤ ਸਭ ਦੀ ਮਿੱਟੀ ਬੰਦਿਆ,
ਫਿਰ ਕਿਓ ਲੜ ਲੜ ਮਰ ਜਾਈਏ।
ਆਓ ਸਾਰੇ ਭੈਣ ਭਰਾਵੋ ਏਕਤਾ ਨੂੰ ਅੱਗੇ ਵਧਾਈਏ॥
ਖ੍ਰੀਓਂ ਦਾ ਬਸ ਆਹੀ ਕਹਿਣਾ,
ਚੰਗਾ ਮਾੜਾ ਕੁੱਝ ਨਹੀਂ ਰਹਿਣਾ।
ਸੋ ਗੁਰੂ ਦਾ ਆਪਾ ਸ਼ੁਕਰ ਮਨਾਈਏ,
ਹਰ ਵੇਲੇ ਹਰੀ ਰਸ ਗਾਈਏ।
ਯਾਦਾਂ ਵਿਚ ਹੋਵੇ ਜੇ ਪਿਆਰਾ,
ਦੂਰ ਹੋ ਜਾਵੇ ਅੰਧੇਆਰਾ ॥

**- ਕਿਰਨਪ੍ਰੀਤ ਕੌਰ, ਅਸਟਰੀਆ**
**0068864013133**